ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 10 | Issue 3 | 15 January 2020 to 21 January 2020 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com

## ਸਿੱਖ ਸੰਗਤ ਦੇ ਦਬਾਅ ਅੱਗੇ ਝੁਕਿਆ ਪੀਟੀਸੀ

# ਗੁਰਬਾਣੀ ’ਤੇ ਬੌਧਿਕ ਮਲਕੀਅਤ ਦਾ ਦਾਅਵਾ

**ਚੰਡੀਗੜ੍ਹ, (ਅੰਮ੍ਰਿਤਸਰ ਟਾਈਮਜ਼ ਬਿਊਰੋ):** ਦਰਬਾਰ ਸਾਹਿਬ, ਅੰਮ੍ਰਿਤਸਰ ਤੋਂ ਆਉਂਦੇ ਗੁਰੂ ਗ੍ਰੰਥ ਸਾਹਿਬ ਜੀ ਦੇ ਇਲਾਹੀ ਫੁਰਮਾਨ (ਹੁਕਮਨਾਮੇ) ਨੂੰ ਖਬਰੀ ਅਦਾਰਿਆਂ ਵੱਲੋਂ ਆਪਣੇ ਫੇਸਬੁੱਕ ਪੇਜਾਂ ਰਾਹੀਂ ਸਾਂਝਾ ਕਰਨ ‘ਤੇ ਪੀਟੀਸੀ ਵੱਲੋਂ ਹੁਕਮਨਾਮੇ ਨੂੰ ਆਪਣੀ ‘ਬੌਧਿਕ ਜ਼ਾਇਦਾਦ’ ਦਸਦਿਆਂ ਇਤਰਾਜ਼ ਕਰਨ ਖਿਲਾਫ ਸਿੱਖ ਸੰਗਤ ਵਿੱਚ ਵੱਡਾ ਰੋਹ ਫੈਲਿਆ ਜਿਸ ਦੇ ਚਲਦਿਆਂ ਪੀਟੀਸੀ ਚੈਨਲ ਨੂੰ ਸਿੱਖ ਸੰਗਤਾਂ ਅੱਗੇ ਝੁਕਣਾ ਪਿਆ ਅਤੇ ਚੈਨਲ ਨੇ ਬਿਆਨ ਜਾਰੀ ਕਰਕੇ ਕਿਹਾ ਹੈ ਕਿ ਹੁਕਮਨਾਮਾ ਸਾਹਿਬ ਨੂੰ ਕੋਈ ਵੀ ਆਪਣੇ ਮਾਧਿਅਮ ਰਾਹੀਂ ਸੰਗਤਾਂ ਤੱਕ ਪਹੁੰਚਾ ਸਕਦਾ ਹੈ, ਤੇ ਇਸ ਉੱਤੇ ਪੀਟੀਸੀ ਕੋਈ ਇਤਰਾਜ਼ ਨਹੀਂ ਕਰੇਗਾ।

ਦਰਅਸਲ ਇਹ ਮਾਮਲਾ ਲੰਬੇ ਸਮੇਂ ਤੋਂ ਚਰਚਾ ਦਾ ਵਿਸ਼ਾ ਹੈ ਕਿ ਪੀਟੀਸੀ ਚੈਨਲ ਨੂੰ ਦਰਬਾਰ ਸਾਹਿਬ ਤੋਂ ਗੁਰਬਾਣੀ ਪ੍ਰਸਾਰਣ ਕਰਨ ਦਾ ਏਕਾਅਧਿਕਾਰ ਬਾਦਲ ਪਰਿਵਾਰ ਦੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ‘ਤੇ ਕਬਜ਼ੇ ਦੀ ਇੱਕ ਹੋਰ ਨਿਸ਼ਾਨੀ ਹੈ। ਟਿੱਪਣੀਕਾਰਾਂ ਦਾ ਕਹਿਣਾ ਹੈ ਕਿ ਪੀਟੀਸੀ ਚੈਨਲ ਦੀ ਮਲਕੀਅਤ ਬਾਦਲ ਪਰਿਵਾਰ ਦੀ ਹੈ ਅਤੇ ਉਹ ਆਪਣੇ ਰਾਜਨੀਤਕ ਅਤੇ ਆਰਥਿਕ ਮੁਫਾਦਾਂ ਲਈ ਗੁਰਬਾਣੀ ਦੇ ਪ੍ਰਸਾਰਣ ਨੂੰ ਵਰਤ ਰਹੇ ਹਨ।

### ਕਿਵੇਂ ਚਰਚਾ ‘ਚ ਆਇਆ ਮਾਮਲਾ ?

ਸਿੱਖ ਸਿਆਸਤ ਅਦਾਰਾ ਹੁਨਮਨਾਮੇ ਨੂੰ ਆਪਣੇ ਫੇਸਬੁੱਕ ਪੰਨੇ ਰਾਹੀਂ ਸੰਗਤਾਂ ਨਾਲ ਸਾਂਝਾ ਕਰਦਾ ਸੀ। ਪੀਟੀਸੀ ਚੈਨਲ ਵੱਲੋਂ ਫੇਸਬੁੱਕ ਨੂੰ ਸਿੱਖ ਸਿਆਸਤ ਅਦਾਰੇ ਖਿਲਾਫ ਸ਼ਿਕਾਇਤ ਕਰਕੇ ਦਾਅਵਾ ਕੀਤਾ ਗਿਆ ਕਿ ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ ਤੋਂ ਆਉਣ ਵਾਲਾ ਰੋਜਾਨਾ ਹੁਕਮਨਾਮਾ ਸਾਹਿਬ ਪੀ ਟੀ ਸੀ ਪੰਜਾਬੀ ਦੀ ਬੌਧਿਕ ਜਾਗੀਰ (ਇੰਟਲੈਕਚੁਅਲ ਪ੍ਰਾਪਰਟੀ) ਹੈ। ਇਸ ਸ਼ਿਕਾਇਤ ਕਾਰਨ ਸਿੱਖ ਸਿਆਸਤ ਅਦਾਰੇ ਦੇ ਪੰਨੇ ਤੋਂ ਹੁਕਮਨਾਮੇ ਦੀ ਪੋਸਟ ਨੂੰ ਫੇਸਬੁੱਕ ਵੱਲੋਂ ਹਟਾ ਦਿੱਤਾ ਗਿਆ। ਸਿੱਖ ਸਿਆਸਤ ਵੱਲੋਂ ਇਸ ਦਾਅਵੇ ‘ਤੇ ਇਤਰਾਜ਼ ਪ੍ਰਗਟ ਕੀਤਾ ਗਿਆ ਤੇ ਕਿਹਾ ਗਿਆ ਕਿ ਦਰਬਾਰ ਸਾਹਿਬ ਦੇ



ਹੁਕਮਨਾਮੇ ‘ਤੇ ਪੀਟੀਸੀ ਦਾ ਕੋਈ ਹੱਕ ਨਹੀਂ ਹੈ। ਉਹਨਾਂ ਦਾਅਵਾ ਕੀਤਾ ਕਿ ਉਹ ਹੁਕਮਨਾਮੇ ਦੀ ਅਵਾਜ਼ ਸਿੱਖਾਂ ਦੀ ਸਾਂਝੀ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਵੈੱਬਸਾਈਟ ਤੋਂ ਲੈਂਦੇ ਹਨ। ਉਹਨਾਂ ਫੇਸਬੁੱਕ ਨੂੰ ਲਾਈਆਂ ਰੋਕਾਂ ਹਟਾਉਣ ਲਈ ਕਿਹਾ। ਫੇਸਬੁੱਕ ਨੇ ਪੀਟੀਸੀ ਨੂੰ ਇਸ ਦਾਅਵੇ ਦਾ ਜਵਾਬ ਦੇਣ ਲਈ 16 ਜਨਵਰੀ ਤੱਕ ਦਾ ਸਮਾਂ ਦਿੱਤਾ ਸੀ।

### ਸਿੱਖ ਸਿਆਸਤ ਦੇ ਸੰਪਾਦਕ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਚਿੱਠੀ

ਪੀਟੀਸੀ ਵੱਲੋਂ ਗੁਰਬਾਣੀ ‘ਤੇ ਆਪਣੀ ਬੌਧਿਕ ਜ਼ਾਇਦਾਦ ਦਾ ਦਾਅਵਾ ਕਰਨ ਖਿਲਾਫ ਰੋਸ ਪ੍ਰਗਟ ਕਰਦਿਆਂ ਸਿੱਖ ਸਿਆਸਤ ਅਦਾਰੇ ਦੇ ਸੰਪਾਦਕ ਪਰਮਜੀਤ ਸਿੰਘ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੂੰ ਇੱਕ ਚਿੱਠੀ ਲਿਖੀ ਗਈ। ਚਿੱਠੀ ਵਿਚ ਉਹਨਾਂ ਕਿਹਾ, “ਆਪ ਜੀ ਜਾਣਦੇ ਹੋ ਕਿ ਗੁਰਬਾਣੀ ਅਤੇ ਗੁਰਮਤਿ ਦੇ ਪ੍ਰਚਾਰ ਪ੍ਰਸਾਰ ਹਿਤ ਅਤੇ ਸਿੱਖ ਸੰਗਤਾਂ ਦੀ ਸ਼ਰਧਾ ਨੂੰ ਮੁੱਖ ਰੱਖਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਤੋਂ ਗੁਰੂ ਗ੍ਰੰਥ ਸਾਹਿਬ ਜੀ ਦੇ ਰੋਜਾਨਾ ਮੁਖਵਾਕ (ਹੁਕਮਨਾਮਾ ਸਾਹਿਬ) ਦੀ ਆਵਾਜ਼ ਅਤੇ ਲਿਖਤ ਆਪਣੀ ਵੈਬਸਾਈਟ ਉੱਤੇ ਸਾਂਝੀ ਕਰਦੀ ਹੈ। ਬਹੁਤ ਸਾਰੇ ਅਦਾਰੇ, ਬਿਜਲ-ਸੱਥ ਮੰਚ (ਸੋਸ਼ਲ ਮੀਡੀਆ ਚੈਨਲ) ਨਿਸ਼ਕਾਮ ਤੌਰ ਉੱਤੇ ਇਹ ਆਵਾਜ਼ ਅਤੇ ਲਿਖਤ ਬੜੇ ਸਤਿਕਾਰਤ ਤਰੀਕੇ ਨਾਲ ਆਪਣੇ ਲੱਖਾਂ ਪਾਠਕਾਂ ਅਤੇ ਸਿੱਖ ਸੰਗਤਾਂ ਤੱਕ ਪਹੁੰਚਾ ਕੇ ਗੁਰਬਾਣੀ ਅਤੇ ਗੁਰਮਤਿ ਪ੍ਰਚਾਰ ਵਿਚ ਹਿੱਸਾ ਪਾਉਂਦੇ ਹਨ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਉੱਦਮ ਨੂੰ ਅੱਜ ਦੀ ਤਕਨੀਕ ਮੁਤਾਬਕ ਅਗਲੇ ਪੜਾਅ ’ਤੇ ਲਿਜਾ ਕੇ ਪੇਸ਼ ਕਰਦੇ ਹਨ।

ਬੜੇ ਅਫਸੋਸ ਦੀ ਗੱਲ ਹੈ ਕਿ ਇਕ ਪੀ.ਟੀ.ਸੀ. ਨਾਮੀ ਅਦਾਰਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਆਪਣੀ ਵੈਬਸਾਈਟ ਰਾਹੀਂ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਤੋਂ ਗੁਰੂ ਗ੍ਰੰਥ ਸਾਹਿਬ ਜੀ ਦੇ ਰੋਜਾਨਾ ਮੁਖਵਾਕ (ਹੁਕਮਨਾਮਾ ਸਾਹਿਬ) ਦੀ ਆਵਾਜ਼ ਉੱਪਰ ਆਪਣੀ

ਬਾਕੀ ਸਫ਼ਾ 33 ’ਤੇ

# ਕਿੰਨੀ ਕੁ ਮਹਿਫੂਜ਼ ਹੈ ਕਸ਼ਮੀਰੀਅਤ ?

**ਸ੍ਰੀਨਗਰ/ਸਰਬਜੀਤ ਕੌਰ:** 30 ਅਕਤੂਬਰ 2019 ਦੀ ਰਾਤ ਜੋ ਕਸ਼ਮੀਰ ਦੇ ਇਤਿਹਾਸ ਵਿੱਚ ਇਕ ਖਾਸ ਥਾਂ ਬਣਾ ਗਈ ਹੈ, ਜਦੋਂ ਧਾਰਾ 370 ਹਟਾ ਦਿੱਤੀ ਗਈ , ਜਿਸਦੀ ਅੰਤਰਰਾਸ਼ਟਰੀ ਪੱਧਰ ’ਤੇ ਮਨੁੱਖੀ ਅਧਿਕਾਰ ਸੰਸਥਾਵਾਂ ਵਲੋਂ ਨਿਖੇਧੀ ਕੀਤੀ ਗਈ ਉਥੇ ਭਾਰਤ ਦੀ ਬਹੁ ਗਿਣਤੀ ਇਸਦੇ ਪੱਖ ਵਿੱਚ ਸੀ। ਉਦੋਂ ਤੋਂ ਲੈ ਕੇ ਹੁਣ ਤੱਕ ਇੰਨਾ ਲੰਬਾ ਇੰਟਰਨੈੱਟ ਸ਼ਟਡਾਉਨ, ਜਿਸ ਨੇ ਵਿਸ਼ਵ ਭਰ ਦੇ ਰਿਕਾਰਡ ਤੋੜ ਦਿੱਤੇ, ਜਿਸਨੇ ਇੰਟਰਨੈੱਟ ਸ਼ਟਡਾਉਨ ਵਿੱਚ ਭਾਰਤ ਨੂੰ ਨੰਬਰ ਇੱਕ ’ਤੇ ਖੜਾ ਕਰ ਦਿੱਤਾ।

ਹੌਲੀ ਹੌਲੀ ਹਾਲਾਤ ਬਦਲ ਰਹੇ ਨੇ, ਪਰ ਆਮ ਜਨਤਾ ਬੇਵਸ ਜਾਪਦੀ ਹੈ। ਪੂਰਾ ਕੰਟਰੋਲ ਸਰਕਾਰ ਦੇ ਹੱਥ ਹੈ, ਜਨਵਰੀ 2020 ਵਿਚ ‘ਅੰਮ੍ਰਿਤਸਰ ਟਾਈਮਜ਼’ ਵੱਲੋਂ ਦਹਿਸ਼ਤ ਦੇ ਸਾਏ ਹੇਠ ਜੀਅ ਰਹੇ ਕਸ਼ਮੀਰ ਦੀਆਂ ਕੁੱਝ ਕੁ ਐਕਟਿਵ ਸ਼ਖਸੀਅਤਾਂ ਨਾਲ ਗੱਲ ਕੀਤੀ ਗਈ, ਆਉ ਵੇਖਦੇ ਹਾਂ ਉਨਾਂ ਦਾ ਕੀ ਕਹਿਣਾ ਹੈ...!

‘ਅਸੀਂ ਕਦੇ ਵੀ ਇਹ ਕਬੂਲ ਨਹੀਂ ਕੀਤਾ ਨਾ ਹੀ ਕਰਾਂਗੇ। ਇਥੇ ਲਗਭਗ 12 ਲੱਖ ਫੋਰਸ ਲਗਾਈ ਗਈ ਹੈ, ਸਾਡੇ ਲੀਡਰ ਜੇਲਾਂ ਵਿੱਚ ਨੇ। ਸਕੂਲ ਕਾਲਜ ਲੰਬੇ ਅਰਸੇ ਤੋਂ ਬੰਦ ਸਨ। ਦੋਵੇਂ ਹਲਾਤਾਂ ਵਿਚ ਸਾਡਾ ਨੁਕਸਾਨ ਹੋ ਰਿਹਾ। ਅਸੀਂ ਲੋਕਾਂ ਨੇ ਜੀਣਾ ਵੀ ਤੇ ਹੈ। ਇਹ ਲੋਕ ਜਾਣਬੁੱਝ ਕੇ ਇਹ ਸਭ ਬਰਫ ਪੈਣ ਦੇ ਨੇੜੇ ਕਰਦੇ ਹਨ। ਇਸ ਸਮੇਂ ਲੋਕਾਂ ਕੋਲ ਸਟਾਕ ਨਹੀਂ ਹੁੰਦਾ ਖਾਣ ਲਈ।

3 ਮਹੀਨੇ ਹੜਤਾਲ ਤੋਂ ਬਾਅਦ ਸਾਨੂੰ ਕੁੱਝ ਵੀ ਹਾਸਿਲ ਨਹੀਂ ਹੋਇਆ।’

-ਮੁਹੰਮਦ ਅਬੂ ਬਕਰ, ਪੱਤਰਕਾਰਾ ਫਰਾਂਸ ਟੀ.ਵੀ

ਬਾਕੀ ਸਫ਼ਾ 33 ’ਤੇ

# ਮਾਣ ਦੀ ਗੱਲ: ਕੈਨੇਡਾ ਦੇ ਜਿਸ ਸ਼ਹਿਰ ‘ਚ ਲੱਗੀ ਫਾਂਸੀ ਉਸੇ ਨੇ ਸਿੱਖ ਯੋਧੇ ਨੂੰ ਸਮਰਪਿਤ ਕੀਤਾ ਫਾਂਸੀ ਦਾ ਦਿਨ

**ਟੋਰਾਂਟੋ, (ਅੰਮ੍ਰਿਤਸਰ ਟਾਈਮਜ਼ ਬਿਊਰੋ):** ਕੈਨੇਡਾ ਦੇ ਸੂਬੇ ਬ੍ਰਿਟਿਸ਼ ਕੈਲੀਫੋਰਨੀਆ ਦੇ ਸ਼ਹਿਰ ਨਿਊ ਵੈਸਟਮਿਨਸਟਰ ਨੇ ਸ਼ਹੀਦ ਗਦਰੀ ਸਿੱਖ ਭਾਈ ਮੇਵਾ ਸਿੰਘ ਦੇ ਸ਼ਹੀਦੀ ਦਿਹਾੜੇ ‘ਤੇ ਉਹਨਾਂ ਦੀ ਸ਼ਹਾਦਤ ਨੂੰ ਸਨਮਾਨ ਦਿੰਦਿਆਂ 11 ਜਨਵਰੀ, 2020 ਦੇ ਦਿਨ ਨੂੰ ਮੇਵਾ ਸਿੰਘ ਡੇਅ (ਭਾਈ ਮੇਵਾ ਸਿੰਘ ਦਿਹਾੜਾ) ਐਲਾਨਿਆ ਹੈ। ਦੱਸ ਦਈਏ ਕਿ 11 ਜਨਵਰੀ 1915 ਈ. ਨੂੰ ਨਿਊਵੈਸਟ ਮਿਨਿਸਟ ਦੀ ਪ੍ਰੋਵਿੰਸ਼ਿਅਲ ਜੇਲ ਵਿੱਚ ਹੀ ਭਾਈ ਮੇਵਾ ਸਿੰਘ ਲੋਪੋਕੇ ਨੂੰ ਫਾਂਸੀ ਦਿੱਤੀ ਗਈ ਸੀ।

### ਕੀ ਲਿਖਿਆ ਹੈ ਐਲਾਨਨਾਮੇ ‘ਤੇ ?

ਸ਼ਹਿਰ ਦੀ ਕਾਉਂਸਲ ਵੱਲੋਂ ਜਾਰੀ ਐਲਾਨਨਾਮੇ ‘ਤੇ ਲਿਖਿਆ ਗਿਆ ਹੈ ਕਿ, “ਸਿੱਖਾਂ ਨੇ ਕੈਨੇਡਾ ਦੀ ਤਰੱਕੀ ਅਤੇ ਵਿਕਾਸ ਵਾਸਤੇ ਵਡਮੁੱਲਾ ਯੋਗਦਾਨ ਪਾਇਆ ਹੈ ਤੇ



ਭਾਈ ਮੇਵਾ ਸਿੰਘ ਲੋਪੋਕੇ ਸਿੱਖਾਂ ਦੇ ਬਹੁਤ ਸਤਿਕਾਰਯੋਗ ਆਗੂ ਸਨ ਜੋ ਨਸਲਵਾਦ ਖਿਲਾਫ ਅਤੇ ਸਿੱਖਾਂ ਤੇ ਦੱਖਣੀ ਏਸ਼ੀਆਈ ਖਿੱਤੇ ਦੇ ਸਾਰੇ ਭਾਈਚਾਰਿਆਂ ਦੀ ਅਣਖ ਲਈ ਜੂਝਦਿਆਂ ਕਤਲ (ਸ਼ਹੀਦ) ਹੋ ਗਏ। ਭਾਈ ਮੇਵਾ ਸਿੰਘ ਮਨੁਖਤਾਵਾਦੀ ਅਤੇ ਸਿੱਖ ਹੱਕਾਂ ਤੇ ਦੱਖਣੀ ਏਸ਼ੀਆ ਖਿੱਤੇ ਤੋਂ ਆਏ ਪ੍ਰਵਾਸੀਆਂ ਦੇ ਹੱਕਾਂ ਦੇ ਅਲੰਬਰਦਾਰ ਸਨ। 11 ਜਨਵਰੀ ਦੇ ਦਿਨ ਨੂੰ ਕੈਨੇਡਾ ਵਿਚ ਵਸਦੇ ਸਿੱਖ ਅਤੇ ਦੱਖਣੀ ਏਸ਼ੀਆ ਖਿੱਤੇ ਦੇ ਲੋਕ ਭਾਈ ਮੇਵਾ ਸਿੰਘ ਦੀ 1915 ‘ਚ ਇਸ ਦਿਨ ਹੋਈ ਮੌਤ ਲਈ ਯਾਦ ਕਰਦੇ ਹਨ ਜਿਹਨਾਂ ਨੂੰ ਇਸ ਦਿਨ ਨਿਊ ਵੈਸਟਮਿਨਸਟਰ ਵਿਚ ਕਤਲ ਕੀਤਾ ਗਿਆ ਸੀ। ਨਿਊ ਵੈਸਟਮਿਨਸਟਰ ਸ਼ਹਿਰ ਸਿੱਖ ਇਤਿਹਾਸ ਅਤੇ ਸੱਭਿਆਚਾਰ, ਦੱਖਣੀ ਏਸ਼ੀਆ ਦੇ ਇਤਿਹਾਸ ਵਿੱਚ ਭਾਈ ਮੇਵਾ ਸਿੰਘ ਦੀ ਥਾਂ

ਬਾਕੀ ਸਫ਼ਾ 32 ’ਤੇ


















# ਨਵੀਂ ਸਿੱਟ ਵਲੋਂ ਦੋਸ਼ੀ 3 ਭਗੌੜੇ ਡੇਰਾ ਪ੍ਰੇਮੀਆਂ ਦੀ ਗ੍ਰਿਫ਼ਤਾਰੀ ਲਈ ਪੋਸਟਰ ਜਾਰੀ

**ਬਠਿੰਡਾ/ ਏ.ਟੀ. ਨਿਊਜ਼:** 31 ਜਨਵਰੀ, 2017 ਦੀ ਰਾਤ ਨੂੰ ਮੌੜ ਮੰਡੀ ਵਿਖੇ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਦੇ ਕੁੜਮ ਕਾਂਗਰਸੀ ਆਗੂ ਤੇ ਸਾਬਕਾ ਮੰਤਰੀ ਹਰਮੰਦਰ ਸਿੰਘ ਜੱਸੀ ਦੀ ਚੋਣ ਸਭਾ ਮੌਕੇ ਮਾਰੂਤੀ ਕਾਰ ਵਿਚ ਹੋਏ ਬੰਬ ਧਮਾਕੇ ਜਿਸ ਵਿਚ 5 ਬੱਚਿਆਂ ਸਮੇਤ ਸੱਤ ਜਣਿਆਂ ਦੀ ਮੌਤ ਹੋ ਗਈ ਸੀ ਪਰ ਜੱਸੀ ਇਸ ਧਮਾਕੇ ਵਿਚ ਵਾਲ-ਵਾਲ ਬਚ ਗਏ ਸਨ। ਹੁਣ ਮਾਮਲੇ ਦੇ ਤਿੰਨ ਸਾਲਾਂ ਬਾਅਦ ਮੌੜ ਬੰਬ ਧਮਾਕੇ ਦੀ ਜਾਂਚ ਕੁਝ ਅੱਗੇ ਵਧੀ ਹੈ ਜਿਸ ਤਹਿਤ ਨਵੀਂ ਗਠਿਤ ਕੀਤੀ ਸਿੱਟ ਨੇ ਅਦਾਲਤ ਵਲੋਂ ਮਾਮਲੇ ਵਿਚ ਨਾਮਜ਼ਦ ਭਗੌੜੇ ਕਰਾਰ ਦਿੱਤੇ ਹੋਏ ਤਿੰਨ ਡੇਰਾ ਪ੍ਰੇਮੀਆਂ,




ਜਿਨਾਂ ਵਿਚ ਸਿਰਸਾ ਦੀ ਵਰਕਸ਼ਾਪ ਦੇ ਇੰਚਾਰਜ ਗੁਰਤੇਜ ਸਿੰਘ ਸਿਰਸਾ, ਅਮਰੀਕ ਸਿੰਘ ਸੰਗਰੂਰ ਤੇ ਅਵਤਾਰ ਸਿੰਘ ਪਿਹੋਵਾ ਜੋ ਉਦੋਂ ਤੋਂ ਪੁਲਿਸ ਦੀ ਪਹੁੰਚ ਤੋਂ ਪਰੇ ਹਨ ਪੁਲਿਸ ਨੇ ਇਨਾਂ ਦੇ ਇਸ਼ਤਿਹਾਰ ਜਾਰੀ ਕਰ ਦਿੱਤੇ ਗਏ ਹਨ।






# ਖ਼ੂਬ ਮਘੀ ਪੰਜਾਬੀ ਕਲਚਰਲ ਸੈਂਟਰ ਦੇ ਵਿਹੜੇ ਵਿੱਚ ਲੋਹੜੀ

## ਗੀਤ ਸੰਗੀਤ ਅਤੇ ਖਾਣ ਪੀਣ ਦੌਰਾਨ ਬਾਲੀਆਂ ਧੂਣੀਆਂ ਦਾ ਸਭਨਾਂ ਨੇ ਮਾਣਿਆ ਆਨੰਦ







**ਫਰਿਜ਼ਨੋ/ਏ.ਟੀ. ਨਿਊਜ਼:** ਪੰਜਾਬੀ ਰੇਡੀਓ ਯੂ.ਐਸ.ਏ. ਦੇ ਫਰਿਜ਼ਨੋਂ ਸਟੂਡੀਓ ਦੇ ਵਿਹੜੇ ਵਿੱਚ ਲੰਘੇ ਸ਼ਨਿਚਰਵਾਰ ਦੀ ਸ਼ਾਮ ਲੋਹੜੀ ਦਾ ਜਸ਼ਨ ਵੇਖਣ ਹੀ ਵਾਲਾ ਸੀ। ਲੋਹੜੀ ਦੇ ਤਿਉਹਾਰ ਨੂੰ ਸਮਰਪਿਤ ਲਗਭਗ ਤਿੰਨ ਘੰਟਿਆਂ ਤੱਕ ਚੱਲੇ ਰੰਗਾਰੰਗ ਦੌਰਾਨ ਖ਼ੂਬ ਭਖੀ ਲੋਹੜੀ ਨੇ ਠੰਢ ਦੇ ਮੌਸਮ ਵਿੱਚ ਸਭਨਾਂ ਦੇ ਤਨਾਂ-ਮਨਾਂ ਨੂੰ ਨਿੱਘ ਤੇ ਅਥਾਹ ਖ਼ੁਸ਼ੀ ਦੇ ਆਲਮ ਵਿੱਚ ਨੱਚਣ-ਗਾਉਣ ਦਾ ਮੌਕਾ ਮੁਹੱਈਆ ਕਰਵਾਇਆ।

ਪੰਜਾਬੀ ਸਭਿਆਚਾਰ ਦੇ ਵੱਖ ਵੱਖ ਰੂਪਾਂ ਨੂੰ ਜਿਉਂਦਾ ਰੱਖਣ ਤੇ ਪ੍ਰਫੁਲਤ ਕਰਨ ਲਈ ਲਗਾਤਾਰ ਯਤਨਸ਼ੀਲ ਪੰਜਾਬੀ ਕਲਚਰਲ ਸੈਂਟਰ ਯੂ.ਐੱਸ.ਏ ਅਤੇ ਪੰਜਾਬੀ ਰੇਡੀਓ ਯੂਥਐੱਸ਼ਏਥ ਵਲੋਂ 2125 ਐਨ ਬਾਰਟਨ ਐਵੇਨਿਊ (2125 N Barton Ave Fresno CA 93703) ਦੇ ਵਿਹੜੇ ਵਿੱਚ ਇਸ ਵਾਰ ਰਲਮਿਲ ਕੇ ਲੋਹੜੀ ਦਾ ਤਿਉਹਾਰ ਮਨਾਉਣ ਲਈ ਦਿੱਤੇ ਸੱਦੇ ਨੂੰ ਭਰਵਾਂ ਹੁੰਗਾਰਾ ਮਿਲਿਆ। ਹਰ ਉਮਰ ਦੇ ਪੁਰਸ਼, ਬੀਬੀਆਂ ਅਤੇ ਬੱਚੇ-ਬੱਚੀਆਂ ਦੂਰੋਂ-ਨੇੜਿਓਂ ਭਾਰੀ ਗਿਣਤੀ 'ਚ ਬੇਹੱਦ ਚਾਅ ਨਾਲ ਸੱਜ ਧਜ ਕੇ ਲੋਹੜੀ ਜਸ਼ਨਾਂ ਦੀ ਰੌਣਕ ਬਣੇ। ਲੋਹੜੀ ਮਨਾਉਣ ਲਈ ਪੁੱਜਣ ਵਾਲਿਆਂ ਵਿੱਚ ਬੀਬੀਆਂ ਭਾਰੀ ਗਿਣਤੀ 'ਚ ਸਨ ਜਦੋਂ ਕਿ ਬੱਚੀਆਂ ਅਤੇ ਬੱਚੇ ਵੀ ਕਾਫ਼ੀ ਤਾਦਾਦ ਵਿੱਚ ਸਨ। ਨਵ ਵਿਆਹੇ ਜੋੜਿਆਂ ਤੋਂ ਇਲਾਵਾ ਬਹੁਤ ਸਾਰੇ ਮਾਪਿਆਂ ਨੇ ਅਪਣੀਆਂ ਧੀਆਂ-ਪੁੱਤਾਂ ਦੀ ਲੋਹੜੀ ਵੀ ਪੰਜਾਬੀ ਕਲਚਰਲ ਸੈਂਟਰ ਵਿਖੇ ਮਨਾਉਣ ਨੂੰ ਤਰਜੀਹ ਦਿੱਤੀ।

ਵੱਡੀ ਉਮਰ ਦੀਆਂ ਮਾਤਾਵਾਂ-ਭੈਣਾਂ ਨੇ ਚੇਤਿਆਂ ਦੀ ਪਟਾਰੀ ਵਿੱਚ ਸਾਂਭੇ ਆ ਰਹੇ ਲੋਹੜੀ ਦੇ ਗੀਤਾਂ ਦੇ ਨਾਲ ਨਾਲ ਹੋਰ ਲੋਕ ਗੀਤਾਂ ਅਤੇ ਬੋਲੀਆਂ ਦਾ ਖਜ਼ਾਨਾ ਸਾਂਝਾਂ ਕਰਦਿਆਂ ਗਿੱਧੇ ਦੀ ਰੌਣਕ ਨੂੰ ਵੀ ਚਾਰ ਚੰਨ ਲਾਏ।

ਪੰਜਾਬੀ ਕਲਚਰਲ ਸੈਂਟਰ ਦੇ ਅਤਿ ਸੁਹਾਵਣੇ ਪਾਰਕ ਦੀ ਸਟੇਜ ਅਤੇ ਵੇਹੜੇ ਵਿੱਚ 11 ਜਨਵਰੀ ਸ਼ਨਿਚਰਵਾਰ ਨੂੰ ਬਾਅਦ ਦੁਪਹਿਰ 2:00 ਵਜੇ ਤੋਂ ਸ਼ਾਮ 5:30 ਵਜੇ ਤੱਕ ਲੋਹੜੀ ਬਾਰੇ ਗੀਤਾਂ ਦੇ ਬੋਲਾਂ ਅਤੇ ਪੰਜਾਬੀ ਲੋਕ ਸਾਜ਼ਾਂ ਦੀਆਂ ਧੁਨਾਂ ਨੇ ਫਿਜ਼ਾ ਨੂੰ ਸੰਗੀਤਮਈ ਬਣਾਈ ਰਖਿਆ।

ਕੜਾਕੇ ਦੀ ਠੰਢ ਦੇ ਦਿਨੀਂ ਤਨਾਂ-ਮਨਾਂ ਨੂੰ ਨਿੱਘ ਦੇਣ ਲਈ ਬਾਲੀਆਂ ਗਈਆਂ ਧੂਣੀਆਂ ਦੁਆਲੇ ਜੁੜ ਕੇ ਹਾਸੇ-ਠੱਠੇ ਦੌਰਾਨ ਇੱਕ ਦੂਜੇ ਨੂੰ ਮਿਲਦਿਆਂ-ਗਿਲਦਿਆਂ ਅਤੇ ਖਾਂਦਿਆਂ-ਪੀਂਦਿਆਂ ਸਭਨਾਂ ਨੇ ਰਲ ਮਿਲ ਕੇ ਗਾਏ ਲੋਹੜੀ ਦੇ ਗੀਤ। ਨਸੀਬ ਸਿੰਘ ਨੇ 'ਅੱਵਲ ਅੱਲਾ ਨੂਰ ਉਪਾਇਆ' ਸ਼ਬਦ ਨਾਲ ਸ਼ੁਰੂਆਤ ਕਰਦਿਆਂ ਗੀਤਾਂ ਦਾ ਦੌਰ ਆਰੰਭਿਆ।

ਬੀਬੀਆਂ ਵਿੱਚੋਂ ਸੁਰਜੀਤ ਕੌਰ ਸੰਘਾ, ਇੰਦਰਜੀਤ ਕੌਰ, ਅਮਰਜੀਤ ਕੌਰ, ਬਲਜੀਤ ਕੌਰ, ਸ਼ਰਨਜੀਤ ਕੌਰ ਅਤੇ ਹੋਰਨਾਂ ਨੇ ਗੀਤਾਂ ਰਾਹੀਂ ਹਾਜ਼ਰੀ ਭਰੀ। ਬੀਬੀਆਂ ਦੇ ਗਿੱਧੇ ਵਿੱਚ ਮਰਦਾਵੀਂਆਂ ਆਵਾਜ਼ਾਂ ਰਾਹੀਂ ਪੰਜਾਬ ਦੀਆਂ ਲੋਕ ਬੋਲੀਆਂ ਗੂੰਜੀਆਂ।

ਦਵਿੰਦਰ ਕੌਰ ਸੰਘਾ ਦੀ ਨਿਗਰਾਨੀ ਹੇਠ ਬੌਲੀਵੁੱਡ ਡਾਂਸ ਅਕਾਡਮੀ ਦੇ ਬੱਚਿਆਂ ਵਲੋਂ ਪੇਸ਼ ਲੋਕ ਨਾਚ ਨੇ ਸਭ ਦਾ ਧਿਆਨ ਖਿਚਿਆ।

ਇਸ ਸਾਂਝੇ ਤਿਉਹਾਰ ਲਈ ਆਪਸ ਵਿੱਚ ਵੰਡ ਕੇ ਖਾਣ ਲਈ ਹਰ ਕੋਈ ਮੂੰਗਫਲੀਆਂ, ਰਿਉੜੀਆਂ-ਗੱਚਕਾਂ, ਮਰੂੰਡੇ ਅਤੇ ਹੋਰ ਕਿੰਨਾ ਕੁਝ ਲੈ ਕੇ ਆਇਆ। ਇੰਦਰਜੀਤ ਕੌਰ ਵਲੋਂ ਲਿਆਂਦੀ ਲੋਹੜੀ ਦੀ ਖ਼ਾਸ ਮਠਿਆਈ ਭੁੱਗਾ ਦਾ ਸਭ ਨੇ ਆਨੰਦ ਮਾਣਿਆ। ਇੰਦਰਜੀਤ ਸਿੰਘ ਬਰਾੜ ਨੇ ਸਾਰਿਆਂ ਲਈ ਚਾਹ ਦੀ ਸੇਵਾ ਨਿਭਾਈ।

ਕਰਮਨ ਤੋਂ ਕਰਨੈਲ ਸਿੰਘ ਜਸਪਾਲ ਦੇ ਪਰਿਵਾਰ ਵਲੋਂ ਬੜੇ ਉਚੇਚ ਨਾਲ ਬਣਾ ਕੇ ਲਿਆਂਦੀ ਗੰਨੇ ਦੇ ਰਸ ਦੀ ਖੀਰ ਦਾ ਸੁਆਦ ਚੱਖਣ ਲਈ ਹਰ ਕੋਈ ਇੱਕ ਦੂਜੇ ਤੋਂ ਕਾਹਲਾ ਸੀ।

ਪ੍ਰਬੰਧਕਾਂ ਵਲੋਂ ਸਭਨਾਂ ਲਈ ਗਰਮ ਗਰਮ ਪਕੌੜਿਆਂ ਅਤੇ ਚਾਹ ਦਾ ਲੰਗਰ ਲਗਾਤਾਰ ਜਾਰੀ ਸੀ। 'ਡੇ ਐਂਡ ਨਾਈਟ ਵੀਡੀਉ' ਵਾਲੇ ਪਰਮਜੀਤ ਸਿੰਘ ਵੱਲੋਂ "ਮੁਫ਼ਤ ਮੂਰਤਾਂ" ਖਿੱਚਣ ਵਾਲੇ ਕੋਨੇ ਵਿੱਚ ਭੀੜ ਲੱਗੀ ਰਹੀ।

ਪੰਜਾਬੀ ਰੇਡੀਓ ਯੂ.ਐਸ.ਏ. ਦੇ ਹਰਮਨਪਿਆਰੇ ਨੌਜਵਾਨ ਹੋਸਟ ਰਾਜਕਰਨਬੀਰ ਸਿੰਘ ਅਤੇ ਜੋਤ ਰਣਜੀਤ ਕੌਰ ਨੇ ਪ੍ਰੋਗਰਾਮ ਦੌਰਾਨ ਸਟੇਜ ਦੀ ਕਾਰਵਾਈ ਚਲਾਉਂਦਿਆਂ ਸਭਨਾਂ ਨੂੰ ਲੋਹੜੀ ਬਾਰੇ ਬੱਚੇ-ਬੱਚੀਆਂ, ਮੁਟਿਆਰਾਂ ਅਤੇ ਬੀਬੀਆਂ ਦੇ ਗੀਤਾਂ ਅਤੇ ਹੋਰਨਾਂ ਪੇਸ਼ਕਾਰੀਆਂ ਨਾਲ ਜੋੜੀ ਰਖਿਆ।

ਪ੍ਰੋਗਰਾਮ ਦੀ ਵਿਉਂਤਬੰਦੀ ਅਤੇ ਸਫਲ ਪ੍ਰਬੰਧਾਂ ਲਈ ਜੀਅ ਤੋੜ ਮਿਹਨਤ ਕਰਨ ਵਾਲੇ ਹਰਜੋਤ ਸਿੰਘ ਖਾਲਸਾ, ਬੀਬੀ ਬਲਵਿੰਦਰ ਕੌਰ ਅਤੇ ਪੰਜਾਬੀ ਰੇਡੀਓ ਦੀ ਟੀਮ ਦੇ ਦੂਸਰੇ ਮੈਂਬਰ ਸਦਾ ਵਾਂਗ ਜਸ਼ਨਾਂ ਦੀ ਭੀੜ ਵਿੱਚ ਛੁਪੇ ਰਹਿਣ ਨੂੰ ਪਹਿਲ ਦਿੰਦੇ ਦਿਸ ਰਹੇ ਸਨ।

ਇਸ ਸਾਲਾਨਾ ਜਸ਼ਨ ਨੂੰ ਅਗਲੇ ਸਾਲ ਹੋਰ ਉਤਸ਼ਾਹ ਅਤੇ ਧੂਮ-ਧਾਮ ਮਨਾਉਣ ਦੇ ਅਹਿਦ ਨਾਲ ਸਭਨਾਂ ਨੇ ਇੱਕ ਦੂਜੇ ਤੋਂ ਵਿਦਾ ਲਈ।

## ਢੱਡਰੀਆਂ ਵਾਲੇ ਦੇ ਦੀਵਾਨਾਂ ਬਾਰੇ ਸਪੱਸ਼ਟੀਕਰਨ

### ਅਦਾਰਾ ਅੰਮ੍ਰਿਤਸਰ ਟਾਈਮਜ਼ ਸ੍ਰੀ ਅਕਾਲ ਤਖਤ ਸਾਹਿਬ ਨੂੰ ਸਮਰਪਿਤ



**ਅੰਮ੍ਰਿਤਸਰ/ਏ. ਟੀ. ਨਿਊਜ਼:** ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਵਲੋਂ ਆਪਣੇ ਪਿਛਲੇ ਅੰਕ ਵਿਚ ਸਿੱਖ ਪ੍ਰਚਾਰਕ ਰਣਜੀਤ ਸਿੰਘ ਢੱਡਰੀਆਂ ਵਾਲਾ ਦੇ ਅਮਰੀਕਾ ਵਿਚ ਦੀਵਾਨ ਸਬੰਧੀ ਪ੍ਰਕਾਸ਼ਤ ਖ਼ਬਰ ਨੂੰ ਕਈ ਪੰਥ ਦੋਖੀਆਂ ਨੇ ਗਲਤ ਰੰਗਤ ਦੇਣ ਦੀ ਕੋਸ਼ਿਸ਼ ਕੀਤੀ ਹੈ ਜਦਕਿ ਅਦਾਰਾ ਸ਼ੁਰੂ ਤੋਂ ਹੀ ਸ੍ਰੀ ਅਕਾਲ ਤਖਤ ਸਾਹਿਬ ਨੂੰ ਸਮਰਪਿਤ ਹੈ ਅਤੇ ਕਿਸੇ ਅਜਿਹੇ ਵਿਅਕਤੀ ਨੂੰ ਜਗਾ ਨਹੀਂ ਦਿੰਦਾ ਜੋ ਸ੍ਰੀ ਅਕਾਲ ਤਖਤ ਸਾਹਿਬ ਤੋਂ ਬੇਮੁੱਖ ਹੋਵੇ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਨੇ ਆਪਣੇ ਪਿਛਲੇ ਅੰਕਾਂ ਵਿਚ ਇੰਗਲੈਂਡ ਵਿਚ ਢੱਡਰੀਆਂ ਵਾਲੇ ਦੇ ਬਾਈਕਾਟ ਦੀਆਂ ਖ਼ਬਰਾਂ ਵੀ ਛਾਪੀਆਂ ਹਨ। ਅਦਾਰਾ ਜਾਤੀ ਤੌਰ 'ਤੇ ਕਿਸੇ ਇਕ ਵਿਅਕਤੀ ਦਾ ਹਮਾਇਤੀ ਜਾਂ ਵਿਰੋਧੀ ਨਹੀਂ, ਇਹ ਸਿੱਖ ਸਿਧਾਂਤ ਅਤੇ ਗੁਰਮਤਿ ਨੂੰ ਸਮਰਪਿਤ ਹੈ ਅਤੇ ਜੋ ਵੀ ਸ੍ਰੀ ਅਕਾਲ ਤਖਤ ਸਾਹਿਬ ਦੀ ਸਰਵਉੱਚਤਾ ਤੋਂ ਇਨਕਾਰੀ ਹੈ, ਅੰਮ੍ਰਿਤਸਰ ਟਾਈਮਜ਼ ਦੇ ਪੰਨਿਆਂ ਤੇ ਉਸ ਦੀ ਹਮਾਇਤ ਲਈ ਕੋਈ ਥਾਂ ਨਹੀਂ ਹੈ।





## ਮੁੱਖ ਮੰਤਰੀ ਪੰਜਾਬ

# ਕੈਪਟਨ ਅਮਰਿੰਦਰ ਸਿੰਘ ਜੀ

## ਨੂੰ ਉੱਤਰੀ ਅਮਰੀਕਾ ਦੇ ਪ੍ਰਵਾਸੀਆਂ (NRI) ਵਲੋਂ

# ਜ਼ੋਰਦਾਰ ਅਪੀਲ



**ਸਰਬਜੀਤ ਸਿੰਘ ਮਾਨ**
ਪ੍ਰਧਾਨ ਆਈ.ਓ.ਸੀ. ਕੈਲੀਫੋਰਨੀਆਂ (ਯੂ.ਐੱਸ.ਏ)

ਮਾਣਯੋਗ ਕੈਪਟਨ ਅਮਰਿੰਦਰ ਸਿੰਘ ਜੀ,

ਪੰਜਾਬ ਦੇ ਆਵਾਮ ਨੇ ਕਾਂਗਰਸ ਪਾਰਟੀ ਨੂੰ ਬਹੁਤ ਹੀ ਵੱਡੇ ਪੱਧਰ ਤੇ ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਵਿਚ ਜਿੱਤ ਦਵਾਈ ਸੀ। ਹੁਣ ਸਮਾ ਆ ਗਿਆ ਹੈ ਕਿ ਉਨ੍ਹਾਂ ਵਲੋਂ ਕੀਤੇ ਗਏ ਵਿਸ਼ਵਾਸ ਤੇ ਖਰਾ ਉੱਤਰਿਆ ਜਾਵੇ। ਇਸ ਲਈ ਅਸੀਂ ਉੱਤਰੀ ਅਮਰੀਕਾ ਦੇ ਐੱਨ.ਆਰ.ਆਈਜ਼ ਆਪ ਜੀ ਨੂੰ ਹੇਠ ਲਿਖੇ ਮੁੱਦਿਆਂ ਤੇ ਜ਼ੋਰਦਾਰ ਅਪੀਲ ਕਰ ਰਹੇ ਹਾਂ ਜਿਨ੍ਹਾਂ ਤੇ ਫੌਰੀ ਕਾਰਵਾਈ ਕੀਤੇ ਜਾਣ ਦੀ ਲੋੜ ਹੈ, ਉਮੀਦ ਹੈ ਕਿ ਆਪ ਜੀ ਸਾਡੀ ਅਪੀਲ ਕਬੂਲ ਕਰੋਗੇ।

* ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬੇਅਦਬੀ ਦੇ ਦੋਸ਼ੀਆਂ ਤੇ ਸਾਜਿਸ਼ਕਾਰਾਂ ਨੂੰ ਸਖਤ ਸਜ਼ਾਵਾਂ ਦਿੱਤੀਆਂ ਜਾਣ।
* ਨਸ਼ੇ ਦੇ ਤਸਕਰਾਂ ਨੂੰ ਜੇਲ੍ਹਾਂ ਦੀਆਂ ਸਲਾਖਾਂ ਪਿੱਛੇ ਸੁੱਟਿਆ ਜਾਵੇ।ਐੱਸ.ਟੀ.ਐੱਫ ਵਲੋਂ ਪੇਸ਼ ਕੀਤੀ ਸੀਲ ਬੰਦ ਜਾਂਚ ਰਿਪੋਰਟ ਨੂੰ ਨਸ਼ਰ ਕਰਵਾਇਆ ਜਾਵੇ ਤਾਂ ਜੋ ਅਸਲ ਨਸ਼ਾ ਤਸਕਰਾਂ ਦੇ ਨਾਮ ਸਾਹਮਣੇ ਆ ਸਕਣ।
* ਪੰਜਾਬ ਦੇ ਰੇਤ ਮਾਫੀਆ ਨੂੰ ਨੱਥ ਪਾਈ ਜਾਵੇ।

## ਅਪੀਲ ਕਰਤਾ

ਸਰਬਜੀਤ ਸਿੰਘ ਮਾਨ, ਸਾਹਿਬ ਸਿੰਘ ਭੁੱਲਰ, ਨਰਿੰਦਰ ਸਿੰਘ ਢਿੱਲੋਂ, ਸਵਰਨ ਦਬਗੋਤਰਾ, ਪਰਮਜੀਤ ਨਿੱਝਰ, ਕੁਕੂ ਗਰੇਵਾਲ, ਇਕਬਾਲ ਸਮਰਾ, ਮਨਜੀਤ ਪੰਧੇਰ, ਨਛੱਤਰ ਭੁੱਲਰ, ਗੁਰਸ਼ਰਨ ਨੱਤ, ਹਰਜਿੰਦਰ ਸਿੰਘ, ਧਰਮਿੰਦਰ ਰੰਧਾਵਾ, ਜਗਤਾਰ ਸਮਰਾ, ਬਿਲ ਗਿੱਲ, ਸੁਖਮਿੰਦਰ ਸਮਰਾ, ਰੁਪਿੰਦਰ ਸਮਰਾ, ਗੁਰਦਰਸ਼ਨ ਗਿੱਲ, ਹਰਜੀਤ ਭੰਗੂ, ਅਵਤਾਰ ਭੰਗੂ, ਭਗਵੰਤ ਸਿੰਘ, ਗੁਰਪ੍ਰੀਤ ਬਿੰਦਰਾ, ਪ੍ਰਦੀਪ ਸੋਮਲ, ਜਗਦੀਸ਼ ਰਾਏ, ਹਰਜਿੰਦਰ ਸਹਿੰਬੀ, ਜਸਵਿੰਦਰ ਸਿੰਘ, ਅਮਿੰਦਰ ਰੰਧਾਵਾ, ਗੁਰਬਖਸ਼ ਸਿੰਘ ਭਸੀਨ, ਗੁਰਬਚਨ ਜੁਨੇਜਾ, ਜਗਜੀਤ ਸਿੰਘ ਇਰਾਨੀ, ਹਨਵੰਤਬੀਰ ਸਾਹਨੀ, ਕੁਲਬੀਰ ਭੁੱਲਰ, ਸੋਹਨ ਸਿੰਘ ਗਿੱਲ, ਗੁਰਬਚਨ ਸਿੰਘ, ਸੈਮ ਸਿੱਧੂ, ਪੁਸ਼ਪਿੰਦਰ ਸੇਖੋਂ, ਰਮਨ ਚੱਢਾ, ਰਣਜੀਤ ਜੋਈਆ, ਭੁਪਿੰਦਰ ਢਿੱਲੋਂ, ਹਰਭਜਨ ਸਿੰਘ, ਡਾ. ਜਗਦੀਸ਼ ਸਿੰਘ, ਡਾ. ਪ੍ਰੀਤਮ ਸਿੰਘ ਸੰਘੇੜਾ, ਅਮਰਜੀਤ ਢਿੱਲੋਂ, ਬਲਦੇਵ ਗਿੱਲ, ਪਰਮਪਾਲ ਸੰਧੂ, ਅਤੀਅੰਤ ਗਿੱਲ, ਪਰਮਜੀਤ ਪੱਢਾ, ਕੁਲਵਿੰਦਰ ਥਾਂਦੀ, ਗੁਰਮੁਖ ਸਿੰਘ ਗਿੱਲ, ਰਾਜ ਵਾਲੀਆ, ਵਨੀਤ ਪੂਰੀ, ਦਲਜੀਤ ਖੰਘੂੜਾ, ਡਾ. ਬਲਬੀਰ ਬਰਾੜ, ਜਸਵੰਤ ਟਿਵਾਣਾ, ਬਲਦੇਵ ਸਿੰਘ, ਕਿਰਪਾਲ ਛੋਕਰ, ਕੁਲਦੀਪ ਧਾਲੀਵਾਲ, ਪਾਲ ਧਾਲੀਵਾਲ, ਪਰਵੀਨ ਜੋਸ਼ੀ, ਮਲਕੀਤ ਸੋਹੀ, ਦਰਸ਼ਨ ਭਿੰਡਰ, ਬਲਦੇਵ ਗਰੇਵਾਲ, ਗੁਰਮੇਲ ਸਿੰਘ ਬਦੇਸ਼ਾ, ਗੁਰਤੇਜ ਸਮਰਾ।

## ਜਾਰੀ ਕਰਤਾ: ਸਰਬਜੀਤ ਸਿੰਘ ਮਾਨ

## ਪ੍ਰਧਾਨ ਆਈ.ਓ.ਸੀ. ਕੈਲੀਫੋਰਨੀਆਂ (ਯੂ.ਐੱਸ.ਏ)

# ਅਮਰੀਕਾ ਵਿਚ ਤੀਆਂ ਦੇ ਮੇਲੇ ਦੀ ਬਾਨੀ ਭੂਆ ਗੁਰਮੀਤ ਕੌਰ ਛੀਨਾ ਨਹੀਂ ਰਹੇ

**ਯੂਨੀਅਨ ਸਿਟੀ/ਐੱਸ.ਅਸ਼ੋਕ ਭੌਰਾ:** ਅਮਰੀਕਾ ’ਚ ਤੀਆਂ ਦੇ ਮੇਲੇ ਦੀ ਬਾਨੀ ਭੂਆ ਗੁਰਮੀਤ ਕੌਰ ਛੀਨਾ (70) ਲੰਘੇ ਐਤਵਾਰ ਨੂੰ ਦਿਲ ਦਾ ਦੌਰਾ ਪੈਣ ਕਾਰਨ ਇਸ ਫਾਨੀ ਸੰਸਾਰ ਨੂੰ ਸਦੀਵੀ ਅਲਵਿਦਾ ਆਖ ਗਏ। ਪੰਜਾਬੀ ਭਾਈਚਾਰੇ ’ਚ ਉਨਾਂ ਦਾ ਖਾਸ ਅਸਰ ਰਸੂਖ ਸੀ ਅਤੇ ਆਪਣੀ ਸਮਰੱਥਾ ਤੋਂ ਬਾਹਰ ਜਾ ਕੇ ਵੀ ਉਨਾਂ ਹਮੇਸ਼ਾ ਹਰ ਕਿਸੇ ਦੇ ਕੰਮ ਆਉਣ ਦੀ ਕੋਸ਼ਿਸ਼ ਕੀਤੀ। ਤਕਰੀਬਨ ਦੋ ਦਹਾਕੇ ਪਹਿਲਾਂ ਉਨਾਂ ਨੇ ਅਮਰੀਕਾ ਦੀ ਧਰਤੀ ’ਤੇ ਪੰਜਾਬਣਾਂ ਦੇ ਸਾਉਣ ਮਹੀਨੇ ਦੇ ਤਿਓਹਾਰ ਤੀਆਂ ਦੀ ਸ਼ੁਰੂਆਤ ਕੀਤੀ ਅਤੇ ਇਸ ਤੋਂ ਉਪਰੰਤ ਹੀ ਤੀਆਂ ਦੇ ਮੇਲੇ ਵੱਖ—ਵੱਖ ਸ਼ਹਿਰਾਂ ਵਿਚ ਲੱਗਣੇ ਸ਼ੁਰੂ ਹੋਏ। ਪੰਜਬਾਣਾਂ ’ਚ ਖਾਸ ਤੌਰ ’ਤੇ ਭੂਆ ਛੀਨਾ ਦੇ ਚਲੇ ਜਾਣ ਕਾਰਨ ਡੂੰਘਾ ਮਾਤਮ ਅਤੇ ਚਿਹਰਿਆਂ ’ਤੇ ਉਦਾਸੀ ਹੈ। ਉਨਾਂ ਨੂੰ ਦਿਲ ਦਾ ਦੌਰਾ ਵੀਰਵਾਰ ਨੂੰ ਪਿਆ ਅਤੇ ਸ਼ਨੀਵਾਰ ਨੂੰ ਹੋਏ ਸਟਰੋਕ ਦੇ ਅਟੈਕ ਨਾਲ ਸਵਾਸਾਂ ਦੀ ਪੂੰਜੀ ਮੁੱਕ ਗਈ। ਜਿਸ ਵਕਤ ਉਹਨਾਂ ਨੇ ਅੰਤਿਮ ਸਾਹ ਲਿਆ ਕਰੀਬ ਸੌ ਤੋਂ ਵੱਧ ਕੈਲੀਫੋਰਨੀਆਂ ਦੀਆਂ ਪੰਜਾਬੀ ਭਾਈਚਾਰੇ ਨਾਲ ਸਬੰਧਿਤ ਸਖਸ਼ੀਅਤਾਂ ਹਾਜ਼ਰ ਸਨ ਤੇ ਹਰ ਅੱਖ ਅੱਥਰੂਆਂ ਨਾਲ ਸਿੱਲੀ ਸੀ। ਭੂਆ ਨੂੰ ਮਿਲਣ, ਜਾਨਣ ਅਤੇ ਤੇਹ ਕਰਨ ਵਾਲੇ ਲੋਕਾਂ ਦੇ ਮਨਾਂ ’ਚੋਂ ਉਨਾਂ ਦਾ ਅਕਸਰ ਕਿਹਾ ਜਾਣਾ ਵਾਲਾ ਇਕ ਸ਼ਬਦ ‘ਪੁੱਤੂ’ ਕਦੇ ਨਹੀਂ ਭੁੱਲੇਗਾ ਉਹ ਅਕਸਰ ਹੀ ਇਸ ਸ਼ਬਦ ਨਾਲ ਸੰਬੋਧਿਤ ਹੁੰਦੀ ਸੀ। ਬੇਏਰੀਆ ਵਿਚ ਪਿਛਲੇ ਕੁਝ ਸਾਲਾਂ ਤੋਂ ਉਹ ‘ਝਾਂਜਰ ਦੀ ਛਣਕਾਰ’ ਹੇਠ ਤੀਆਂ ਦੇ ਮੇਲੇ ਨੂੰ ਵੱਡੀ ਪੱਧਰ ’ਤੇ ਮਨਾ ਰਹੇ ਸਨ ਤੇ ਇਸ ਵਾਰ ਹਰ ਤੀਆਂ ਦੇ ਮੇਲੇ ’ਚ ਭੂਆ ਛੀਨਾ ਦਾ ਪਿਆ ਘਾਟਾ ਛੇਤੇ ਆਵੇਗਾ। ਅੰਮ੍ਰਿਤਸਰ ਨਾਲ ਸਬੰਧਿਤ ਭੂਆ ਪਿਛਲੇ ਤਿੰਨ ਦਹਾਕਿਆਂ ਤੋਂ ਬੇਏਰੀਆ ਵਿਚ ਰਹਿ ਰਹੇ ਸਨ ਤੇ ਉਨਾਂ ਨੇ ਗ੍ਰਹਿਸਤੀ ਜੀਵਨ ਵਿਚ ਪ੍ਰਵੇਸ਼ ਹੀ ਨਹੀਂ ਕੀਤਾ ਤੇ ਹਰ ਪੰਜਾਬੀ ਦੀ ਉਹ ਸੱਚੀਂ ਮੁੱਚੀ ਹੀ ਭੂਆ ਸੀ। ਜਾਗਰੂਕ ਖਿਆਲਾਂ ਵਾਲੀ ਗੁਰਮੀਤ ਕੌਰ ਛੀਨਾ ਸਿੱਖ ਸੰਸਥਾਵਾਂ ਗੁਰੂਘਰਾਂ, ਸੱਭਿਆਚਾਰਕ ਹਲਕਿਆਂ, ਸੰਗੀਤ ਤੇ ਸਮਾਜਿਕ ਸਮਾਗਮਾਂ ਵਿਚ ਅਕਸਰ ਹਾਜ਼ਰ ਹੁੰਦੀ ਸੀ ਤੇ ਉਹ ਆਪ ਵੀ ਇਕ ਵਧੀਆ ਅਦਾਕਾਰਾ ਤੇ ਗਿੱਧਿਆਂ ਦੀ ਮੁਹਾਰਤ ਰੱਖਣ ਵਾਲੀ ਮੁਕੰਮਲ ਔਰਤ ਸੀ। ਭੂਆ ਛੀਨਾ ਦਾ ਅੰਤਿਮ ਸਸਕਾਰ 19 ਜਨਵਰੀ ਦਿਨ ਐਤਵਾਰ ਨੂੰ 10:30 ਤੋਂ 12:30 ਵਜੇ ਤੱਕ **chapel of the chimes mission boulevard Hayward CA** ਵਿਖੇ ਹੋਵੇਗਾ ਤੇ ਅੰਤਿਮ ਅਰਦਾਸ ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ ਹੋਵੇਗੀ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਹਰਦੁੱਮਣ ਸਿੰਘ ਬਿੱਲਾ ਸੰਘੇੜਾ ਨਾਲ ਫੋਨ ਨੰਬਰ 408-520-8800 ’ਤੇ ਸੰਪਰਕ ਕੀਤਾ ਜਾ ਸਕਦਾ ਹੈ।



*ਭੂਆ ਗੁਰਮੀਤ ਕੌਰ ਛੀਨਾ ਦੀ ਫਾਈਲ ਫੋਟੋ*

# ਵਾਟਕੌਮ ਕਾਊਂਟੀ ਐਗਜ਼ੈਕਟਿਵ ਦੇ ਅਹੁਦੇ ਲਈ ਪਹਿਲੇ ਪੰਜਾਬੀ ਸਤਪਾਲ ਸਿੰਘ ਸਿੱਧੂ ਨੇ ਸਹੁੰ ਚੁੱਕੀ

**ਸਿਆਟਲ/ਗੁਰਚਰਨ ਸਿੰਘ ਢਿੱਲੋਂ:** ਪਹਿਲੇ ਪੰਜਾਬੀ ਸਤਪਾਲ ਸਿੰਘ ਸਿੱਧੂ ਵਾਟਕੌਮ ਕਾਊਂਟੀ ਐਗਜ਼ੈਕਟਿਵ ਦੇ ਅਹੁਦੇ ਲਈ ਚੋਣ ਜਿੱਤਣ ਤੋਂ ਬਾਅਦ ਵਾਟਕੌਮ ਕਾਊਂਟੀ ਐਡੀਟੋਰੀਅਲ ਵਿਚ ਸਹੁੰ ਚੁੱਕ ਸਮਾਗਮ ਆਯੋਜਿਤ ਕੀਤਾ ਗਿਆ ਜਿੱਥੇ ਵੱਖ ਵੱਖ ਕਮਿਊਨਿਟੀਆਂ ਦੇ ਸਿਰਕੱਢ ਮੈਂਬਰਾਂ, ਵਾਟਕੌਮ ਕਾਊਂਟੀ ਦੇ ਅਹੁਦੇਦਾਰਾਂ ਅਤੇ ਪੰਜਾਬੀ ਭਾਈਚਾਰੇ ਦੀਆਂ ਪ੍ਰਮੁੱਖ ਸ਼ਖਸੀਅਤਾਂ ਦੀ 500 ਤੋਂ ਵੱਧ ਮੈਂਬਰਾਂ ਦੀ ਹਾਜ਼ਰੀ ਵਿਚ ਸਤਪਾਲ ਸਿੰਘ ਸਿੱਧੂ ਨੇ ਵਾਟਕੌਮ ਕਾਊਂਟੀ ਦੇ ਐਗਜ਼ੈਕਟਿਵ ਦੇ ਅਹੁਦੇ ਲਈ ਭੇਦ ਗੁਪਤ ਰੱਖਣ ਤੇ ਇਮਾਨਦਾਰੀ ਨਾਲ ਸੇਵਾ ਨਿਭਾਉਣ ਦੀ ਸਹੁੰ ਚੁੱਕੀ। ਸਹੁੰ ਚੁੱਕ ਸਮਾਗਮ ਬਹੁਤ ਹੀ ਪ੍ਰਭਾਵਸ਼ਾਲੀ ਰਿਹਾ। ਇਸ ਮੌਕੇ ਵਾਟਕੌਮ ਕਾਊਂਟੀ ਦੇ ਕੌਂਸਿਲ ਮੈਂਬਰ ਬੈਰੀ ਬਚਨਨ, ਵਾਸ਼ਿੰਗਟਨ ਸਟੇਟ ਦੇ ਅਟਾਰਨੀ ਜਨਰਲ ਬੌਬ ਫਾਰਗੂਸਲ ਤੋਂ ਇਲਾਵਾ ਪੰਜਾਬੀ ਭਾਈਚਾਰੇ ਵਲੋਂ ਹਰਦੇਵ ਸਿੰਘ ਜੱਜ ਵਾਈਸ ਪ੍ਰੈਜ਼ੀਡੈਂਟ ਬੋਨੀਵਿੱਲ ਪਾਵਰ ਐਡਮ ਰਹਿ ਚੁੱਕੇ, ਮਹਿੰਦਰ ਸਿੰਘ ਸੰਘਾ ਸਾਬਕਾ ਮੁੱਖ ਸੇਵਾਦਾਰ ਗੁਰਦੁਆਰਾ ਲਿੰਡਨ, ਖੁਸ਼ਵੰਤ ਸਿੰਘ ਗਿੱਲ ਮੁੱਖ ਸੇਵਾਦਾਰ ਗੁਰਦੁਆਰਾ ਲਿੰਡਨ, ਬੈਲਗਹਿੰਮ ਨੇ ਆਪਣੇ ਭਾਸ਼ਣ ਵਿਚ ਸਤਪਾਲ ਸਿੰਘ ਸਿੱਧੂ ਨੂੰ ਕਮਿਸ਼ਨਰ ਵਰਗੇ ਅਹੁਦੇ ਤੇ ਪਹੁੰਚਣ ਲਈ ਵਧਾਈ ਦਿੱਤੀ ਅਤੇ ਯੋਗ ਉਮੀਦਵਾਰ ਦੱਸਿਆ। ਸਤਪਾਲ ਸਿੰਘ ਸਿੱਧੂ ਨੇ ਆਪਣੇ ਭਾਸ਼ਣ ਵਿਚ ਸਾਰੀਆਂ ਕਮਿਊਨਿਟੀਆਂ ਦੇ ਮੈਂਬਰਾਂ ਦਾ ਮਦਦ ਕਰਨ ਲਈ ਧੰਨਵਾਦ ਕੀਤਾ ਅਤੇ ਵਿਸ਼ਵਾਸ ਦੁਆਇਆ ਕਿ ਪੂਰੀ ਮਿਹਨਤ ਅਤੇ ਇਮਾਨਦਾਰੀ ਨਾਲ ਕੰਮ ਕਰਨਗੇ। ਇਸ ਮੌਕੇ ਸਿਆਟਲ ਤੋਂ ਹਰਦੀਪ ਸਿੰਘ ਗਿੱਲ, ਮਨਮੋਹਣ ਸਿੰਘ ਧਾਲੀਵਾਲ, ਰਾਜਬੀਰ ਸਿੰਘ ਸੰਧੂ, ਬਲਬੀਰ ਸਿੰਘ ਉਸਮਾਨਪੁਰ, ਗੁਰਿੰਦਰ ਸਿੰਘ ਗਰੇਵਾਲ ਅਤੇ ਬੈਲਗਹਿੰਮ ਤੋਂ ਰਛਪਾਲ ਸਿੰਘ ਸੰਧੂ, ਅਮਰਜੀਤ ਸਿੰਘ ਬਰਾੜ, ਗੁਰਚਹਰਨ ਸਿੰਘ ਬਰਾੜ ਸਮੇਤ ਕਈ ਅਹਿਮ ਸ਼ਖਸੀਅਤਾਂ ਨੇ ਸ਼ਿਰਕਤ ਕਰਕੇ ਸਮਾਰੋਹ ਦੀ ਸ਼ੋਭਾ ਵਧਾਈ।



# ਕੈਨੇਡਾ ਦੇ ਕੈਡਿਟਾਂ ਲਈ ਰੋਲ ਮਾਡਲ ਬਣੀ 19 ਸਾਲਾ ਗਗਨ ਕੌਰ

**ਐਬਟਸਫੋਰਡ/ਬਲਵਿੰਦਰ ਪਾਲ ਸਿੰਘ :** ਕੈਨੇਡਾ ਦੇ ਰੱਖਿਆ ਵਿਭਾਗ ਵਿਚ ਇੰਸਟਰੱਕਟਰ ਦੇ ਤੌਰ ’ਤੇ ਸੇਵਾਵਾਂ ਨਿਭਾਅ ਰਹੀ 19 ਸਾਲਾ ਪੰਜਾਬਣ ਗਗਨ ਕੌਰ ਨਵੇਂ ਕੈਡਿਟਾਂ ਲਈ ਰੋਲ ਮਾਡਲ ਬਣ ਕੇ ਉੱਭਰ ਰਹੀ ਹੈ। 12 ਸਾਲ ਦੀ ਉਮਰ ਵਿਚ ਰੋਇਲ ਕੈਨੇਡੀਅਨ ਏਅਰ ਕੈਡਟਸ ਵਿਖੇ ਭਰਤੀ ਹੋ ਕੇ ਬੀ. ਸੀ. ਏਅਰ ਕੈਡਿਟ ਸਕੁਐਡ ਸਰੀ ਵਿਖੇ ਪਹਿਲੇ ਦਰਜੇ ਦੀ ਵਾਰੰਟ ਅਫਸਰ ਰਹੀ ਗਗਨ ਕੌਰ ਨਵੇਂ ਕੈਡਿਟਾਂ ਨੂੰ ਹਿੰਸਾ ਤੇ ਨਸ਼ਿਆਂ ਤੋਂ ਦੂਰ ਰਹਿਣਾ, ਗਲਾਈਡਰ ਉਡਾਉਣਾ, ਬਾਹਰੀ ਖਤਰਿਆਂ ਅਤੇ ਸਮੁੰਦਰ ਤੇ ਫੌਜ ਬਾਰੇ ਸਿਖਲਾਈ ਦਿੰਦੀ ਹੈ। ਗਗਨ ਕੌਰ ਨੂੰ ਪੰਜਾਬ ਦੇ ਹਿੱਤਾਂ ਪ੍ਰਤੀ ਭਗਤੀ ਦੀ ਗੁੜਤੀ ਵਿਰਸੇ ਵਿਚੋਂ ਹੀ ਮਿਲੀ ਹੈ, ਕਿਉਂਕਿ ਉਸ ਦੇ ਪਿਤਾ ਕੈਨੇਡਾ ਆਉਣ ਤੋਂ ਪਹਿਲਾਂ ਸਿੰਗਾਪੁਰ ਦੀ ਫੌਜ ਵਿਚ ਏਅਰ ਕਰਾਫਟ ਮਕੈਨਿਕ ਦੇ ਤੌਰ ’ਤੇ ਕੰਮ ਕਰ ਚੁੱਕੇ ਹਨ। ਵਰਨਣਯੋਗ ਹੈ ਕਿ ਕੈਨੇਡਾ ਵਿਚ ਇਸ ਵੇਲੇ 12 ਤੋਂ 18 ਸਾਲ ਦੀ ਉਮਰ ਦੇ 53,000 ਕੈਡਿਟ ਹਨ ਤੇ ਬ੍ਰਿਟਿਸ਼ ਕੋਲੰਬੀਆ ਵਿਚ ਜ਼ਿਆਦਾ ਕੈਡਿਟ ਪੰਜਾਬੀ ਤੇ ਚੀਨੀ ਮੂਲ ਦੇ ਹਨ, ਜਿਨਾਂ ਦੀ ਸਿਖਲਾਈ ਵਾਸਤੇ ਕੈਨੇਡਾ ਦੇ ਕੌਮੀ ਰੱਖਿਆ ਵਿਭਾਗ ਵਲੋਂ ਫੰਡ ਜਾਰੀ ਕੀਤਾ ਜਾਂਦਾ ਹੈ। ਕੈਨੇਡਾ ਦੀ ਜੰਮਪਲ ਗਗਨ ਕੌਰ ਪੰਜਾਬੀ ਕੁੜੀਆਂ ਨੂੰ ਕੈਡਿਟ ਬਣਨ ਲਈ ਪੂਰਾ ਉਤਸ਼ਾਹਿਤ ਕਰਦੀ ਹੈ।






# ਸਿੱਖਾਂ ਨੂੰ ਭਾਰਤੀ ਗਣਤੰਤਰ ਦਿਵਸ ਦੇ ਜਸ਼ਨਾਂ ਤੋਂ ਦੂਰ ਰਹਿਣ ਦੀ ਅਪੀਲ: ਯੂਨਾਈਟਿਡ ਖਾਲਸਾ ਦਲ ਯੂ,ਕੇ

**ਲੰਡਨ/ ਏ.ਟੀ.ਨਿਊਜ਼:** ਕਸ਼ਮੀਰ ਵਿੱਚ ਭਾਰਤ ਸਰਕਾਰ ਵਲੋਂ ਹਿਟਲਰਸ਼ਾਹੀ ਜੁਲਮੀ ਵਰਤਾਰਾ ਜਾਰੀ ਹੈ । ਜਿੱਥੇ ਧੀਆਂ ਭੈਣਾ ਦੀ ਇੱਜਤ ਵੀ ਸੁਰੱਖਿਅਤ ਨਹੀਂ ਅਤੇ ਮਸੂਮ ਬੱਚਿਆਂ ਤੋਂ ਲੈ ਕੇ ਨੱਬੇ ਨੱਬੇ ਸਾਲ ਦੇ ਬਜੁਰਗਾਂ ਤੇ ਭਾਰਤੀ ਫੋਰਸਾਂ ਜੁਲਮ ਢਾਹ ਰਹੀਆਂ ਹਨ । ਯੂਨਾਈਟਿਡ ਖਾਲਸਾ ਦਲ ਯੂ,ਕੇ ਵਲੋਂ ਸਿੱਖ ਜਗਤ ਨੂੰ ਅਪੀਲ ਕੀਤੀ ਗਈ ਹੈ ਕਿ ਭਾਰਤੀ ਗਣਤੰਤਰ ਦਿਵਸ ਸਿੱਖ ਕੌਮ ਨੂੰ ਬਰਬਾਦੀ ਦਾ ਦਿਨ ਹੈ । ਇਸ ਸਬੰਧੀ ਹੋਣ ਵਾਲੇ ਸਰਕਾਰੀ ਜਸ਼ਨਾਂ ਤੋਂ ਗੁਰੂ ਨਾਨਕ ਨਾਮ ਲੇਵਾ ਸਮੂਹ ਸਿੱਖਾਂ ਨੂੰ ਦੂਰ ਰਹਿੰਦਿਆਂ ਮੁਕੰਮਲ ਬਾਈਕਾਟ ਦਾ ਸੱਦਾ ਦਿੱਤਾ ਗਿਆ ਹੈ । ਜਿਹੜਾ ਸੰਵਿਧਾਨ ਸਿੱਖਾਂ ਨੂੰ ਸਿੱਖ ਹੀ ਨਹੀਂ ਮੰਨਦਾ ਉਸ ਸੰਵਿਧਾਨ ਨੂੰ ਕਦੇ ਵੀ ਪ੍ਰਵਾਨ ਨਹੀਂ ਕੀਤਾ ਜਾ ਸਕਦਾ ।

ਯੂਨਾਈਟਿਡ ਖਾਲਸਾ ਦਲ ਯੂ,ਕੇ ਦੇ ਪ੍ਰਧਾਨ ਭਾਈ ਨਿਰਮਲ ਸਿੰਘ ਸੰਧੂ,ਜਨਰਲ ਸਕੱਤਰ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਅਤੇ ਭਾਈ ਸੁਖਵਿੰਦਰ ਸਿੰਘ ਖਾਲਸਾ ਵਲੋਂ ਵਲੋਂ ਜਾਰੀ ਪ੍ਰੈੱਸ ਰਿਲੀਜ਼ ਵਿੱਚ ਆਖਿਆ ਗਿਆ ਭਾਰਤ ਨੂੰ ਅੰਗਰੇਜਾਂ ਪਾਸੋਂ ਅਜਾਦ ਕਰਵਾਉਣ ਲਈ ਸਿੱਖਾਂ ਨੇ ਨੱਬੇ ਫੀਸਦੀ ਤੋਂ ਵੱਧ ਕੁਰਬਾਨੀਆਂ ਕੀਤੀਆਂ ਹਨ ।ਪਰ ਸਿੱਖ ਕੌਮ ਦੀ ਅਥਾਹ ਕੁਰਬਾਨੀਆਂ ਨਾਲ ਅਜ਼ਾਦ ਹੋਏ ਭਾਰਤ ਵਿੱਚ ਸਿੱਖਾਂ ਸਮੇਤ ਘੱਟ ਗਿਣਤੀਆਂ ਨਾਲ ਧੱਕਾ ਅਤੇ ਵਿਤਕਰਾ ਲਗਾਤਾਰ ਜਾਰੀ ਹੈ। ਇਸ ਕਰਕੇ ਭਾਰਤ ਦੇ ਅਖੌਤੀ ਗਣਤੰਤਰ ਦਿਹਾੜੇ 26 ਜਨਵਰੀ ਵਾਲੇ ਦਿਨ ਤੇ ਦੁਨੀਆਂ ਭਰ ਵਿੱਚ ਸਥਾਪਤ ਭਾਰਤੀ ਸ਼ਰਾਫਤਖਾਨਿਆਂ ਮੂਹਰੇ ਵਿਖੇ ਰੋਸ ਮੁਜਾਹਰੇ ਕੀਤੇ ਜਾਣ । ਭਾਰਤੀ ਫੌਜ ਵਲੋਂ ਜੂਨ 1984 ਦਾ ਖੂਨੀ ਘੱਲੂਘਾਰਾ ,ਨਵੰਬਰ ਵਿੱਚ ਹਜ਼ਾਰਾਂ ਨਿਰਦੋਸ਼ ਸਿੱਖਾਂ ਦਾ ਕਤਲੇਆਮ ਅਤੇ ਸਿੱਖ ਨੌਜਵਾਨਾਂ ਦੀਆਂ ਝੂਠੇ ਪੁਲੀਸ ਮੁਕਾਬਲਿਆਂ ਵਿੱਚ



ਅਣਗਿਣਤ ਸ਼ਹਾਦਤਾਂ ਇਸ ਦਾ ਪ੍ਰਤੱਖ ਪ੍ਰਮਾਣ ਹੈ ਕਿ ਸਿੱਖ ਭਾਰਤ ਵਿੱਚ ਗੁਲਾਮ ਹਨ । ਸਿੱਖ ਕੌਮ ਨੂੰ ਸੱਦਾ ਹੈ ਕਿ ਆਪਣੀ ਜ਼ਮੀਰ ਦੀ ਅਵਾਜ਼ ਸੁਣਦੇ ਹੋਏ ਭਾਰਤ ਦੇ ਅਖੌਤੀ ਗਣਤੰਤਰ ਦਿਵਸ ਦਾ ਮੁਕੰਮਲ ਬਾਈਕਾਟ ਕਰਦਿਆਂ , ਇਸ ਦਿਨ ਦੁਨੀਆਂ ਭਰ ਵਿੱਚ ਰੋਸ ਪ੍ਰਦਸ਼ਨ ਕੀਤੇ ਜਾਣ ।ਇਸ ਦਿਨ ਹਰ ਸਿੱਖ ਨੂੰ ਇਹ ਮਹਿਸੂਸ ਕਰਨ ਦੀ ਜਰੂਰਤ ਹੈ ਕਿ ਅਸੀਂ ਭਾਰਤ ਵਿੱਚ ਗੁਲਾਮ ਹਾਂ ਅਤੇ ਇਸ ਗੁਲਾਮੀਂ ਨੂੰ ਗਲੋਂ ਲਾਹੁਣਾ ਹੈ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ,ਸ੍ਰੀ ਦਰਬਾਰ ਸਾਹਿਬ ,ਸ੍ਰੀ ਅਕਾਲ ਤਖਤ ਸਾਹਿਬ ਪ੍ਰਤੀ ਸਤਿਕਾਰ ਅਤੇ ਪਿਆਰ ਦੀ ਭਾਵਨਾ ਰੱਖਣ ਵਾਲੇ ਅਤੇ ਡੇਢ ਲੱਖ ਦੇ ਕਰੀਬ ਸ਼ਹੀਦ ਹੋਏ ਸਿੱਖਾਂ ਦਾ ਦਰਦ ਮਹਿਸੂਸ ਕਰਨ ਵਾਲੇ ਸਿੱਖਾਂ ਨੂੰ ਭਾਰਤ ਦੇ ਅਖੌਤੀ ਅਤੇ ਨਾਮਨਿਹਾਦ ਗਣਤੰਤਰ ਦਿਵਸ ਦੇ ਜਸ਼ਨਾਂ ਵਿੱਚ ਸ਼ਾਮਲ ਹੋ ਕੇ ਕੌਮੀ ਸ਼ਹੀਦਾਂ ਨਾਲ ਧ੍ਰੋਹ ਕਮਾਉਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਇਹ ਅਖੌਤੀ ਗਣਤੰਤਰ ਦਿਵਸ ਸਿੱਖਾਂ ਵਾਸਤੇ ਬਰਬਾਦੀ ਦਾ ਦਿਨ ਹੋ ਨਿੱਬੜਿਆ ਹੈ ਕਿਉਂ ਪਿਛਲੇ 70 ਸਾਲਾਂ ਵਿੱਚ ਜਿੰਨੇ ਜ਼ੁਲਮ ਸਿੱਖਾਂ ਤੇ ਇਸ ਅਖੌਤੀ ਅਜਾਦ ਦੇਸ਼ ਵਿੱਚ ਹੋਏ ਹਨ ਉਹਨਾਂ ਸਾਹਮਣੇ ਮੀਰ ਮੰਨੂ ,ਹਿਟਲਰ,ਅਬਦਾਲੀ ਅਤੇ ਜ਼ਕਰੀਏ ਜੁਲਮ ਬੌਣੇ ਨਜ਼ਰ ਆਉਂਦੇ ਹਨ । ਇਸ ਸਮੁੱਚੇ ਵਰਤਾਰੇ ਨੂੰ ਮੱਦੇ ਨਜ਼ਰ ਰੱਖਦਿਆਂ ਸਿੱਖ ਇਸ ਨੂੰ ਆਪਣਾ ਦੇਸ਼ ਨਾ ਸਮਝਣ ਲਈ ਮਜਬੂਰ ਹਨ ਅਤੇ ਖਾਲਿਸਤਾਨ ਨੂੰ ਕੌਮੀ ਨਿਸ਼ਾਨਾ ਬਣਾ ਕੇ ਸੰਘਰਸ਼ ਕੀਤਾ ਜਾ ਰਿਹਾ ਹੈ ।ਜਿਸ ਦੀ ਨੀਂਹ ਵੀਹਵੀਂ ਸਦੀ ਦੇ ਮਹਾਨ ਸ਼ਹੀਦ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੀ ਲਾਸਾਨੀ ਸ਼ਹਾਦਤ ਨਾਲ ਰੱਖੀ ਗਈ ਹੈ । 26 ਜਨਵਰੀ 1986 ਵਾਲੇ ਦਿਨ ਲੱਖਾਂ ਸਿੱਖਾਂ ਨੇ ਸਰਵਉੱਚ ਅਸਥਾਨ ਸ੍ਰੀ ਅਕਾਲ ਤਖਤ ਸਾਹਿਬ ਤੇ ਸਰਬੱਤ ਖਾਲਸਾ ਕਰਕੇ ਇਸ ਅਖੌਤੀ ਗਣਤੰਤਰ ਦਿਵਸ ਨੂੰ ਚੁਣੌਤੀ ਦਿੱਤੀ ਸੀ ਅਤੇ ਇਸੇ ਹੀ ਸਰਬੱਤ ਖਾਲਸਾ ਵਲੋਂ ਨਾਮਜ਼ਦ ਕੀਤੀ ਗਈ ਪੰਜ ਮੈਂਬਰੀ ਪੰਥਕ ਕਮੇਟੀ ਵਲੋਂ ਖਾਲਿਸਤਾਨ ਦੀ ਜੰਗ ਦਾ ਐਲਾਨ ਕੀਤਾ ਗਿਆ ਸੀ ਜੋ ਕਿ ਨਿਰੰਤਰ ਜਾਰੀ ਹੈ ਅਤੇ ਖਾਲਿਸਤਾਨ ਦੀ ਕਾਇਮੀ ਤੱਕ ਜਾਰੀ ਰਹੇਗੀ । ਇਸ ਅਖੌਤੀ ਗਣਤੰਤਰ ਦਿਵਸ ਮੌਕੇ ਵੱਖ ਵੱਖ ਦੇਸ਼ਾਂ ਵਿੱਚ ਸਿੱਖਾਂ ਅਤੇ ਕਸ਼ਮੀਰੀਆਂ ਵਲੋਂ ਰੋਸ ਮੁਜਾਹਰੇ ਕੀਤੇ ਜਾਣੇ ਹਨ ਜਿਹਨਾਂ ਵਿੱਚ ਸਿੱਖਾਂ ਨੂੰ ਵਧ ਚੜ ਕੇ ਇਸ ਵਿੱਚ ਸ਼ਾਮਲ ਹੋਣ ਲਈ ਅਪੀਲ ਕੀਤੀ ਜਾਂਦੀ ਹੈ ।

# ਜਾਮੀਆ ਤੇ ਸ਼ਾਹੀਨ ਬਾਗ਼ ਪ੍ਰਦਰਸ਼ਨਾਂ ’ਚ ਸ਼ਾਮਲ ਹੋਏ ਥਰੂਰ

**ਨਵੀਂ ਦਿੱਲੀ/ਏ.ਟੀ.ਨਿਊਜ਼:** ਕਾਂਗਰਸ ਆਗੂ ਸ਼ਸ਼ੀ ਥਰੂਰ ਨੇ ਸ਼ਾਹੀਨ ਬਾਗ਼ ਤੇ ਜਾਮੀਆ ਮਿਲੀਆ ਇਸਲਾਮੀਆ ਵਿੱਚ ਨਾਗਰਿਕਤਾ ਸੋਧ ਐਕਟ ਖ਼ਿਲਾਫ਼ ਕੀਤੇ ਜਾ ਰਹੇ ਪ੍ਰਦਰਸ਼ਨਾਂ ਵਿੱਚ ਹਾਜ਼ਰੀ ਲੁਆ ਕੇ ਰੋਸ ਮੁਜ਼ਾਹਰੇ ਕਰ ਰਹੇ ਵਿਦਿਆਰਥੀਆਂ ਤੇ ਪ੍ਰਦਰਸ਼ਨਕਾਰੀਆਂ ਨਾਲ ਇਕਜੁੱਟਤਾ ਜਤਾਈ। ਇਸ ਮੌਕੇ ਦਿੱਲੀ ਕਾਂਗਰਸ ਦੇ ਪ੍ਰਧਾਨ ਸੁਭਾਸ਼ ਚੋਪੜਾ ਤੇ ਸੀਲਮਪੁਰ ਤੋਂ ਸਾਬਕਾ ਵਿਧਾਇਕ ਮਤੀਨ ਅਹਿਮਦ ਵੀ ਮੌਜੂਦ ਸਨ। ਸ੍ਰੀ ਥਰੂਰ ਨੇ ਆਪਣੇ ਸੰਬੋਧਨ ਵਿੱਚ ਕਿਹਾ, ‘ਪਾਰਟੀ ਵਿਦਿਆਰਥੀਆਂ ਨਾਲ ਖੜੀ ਹੈ ਤੇ ਨਾਗਰਿਕਤਾ ਸੋਧ ਐਕਟ ਤੇ ਕੌਮੀ ਨਾਗਰਿਕਤਾ ਰਜਿਸਟਰ ਦਾ ਵਿਰੋਧ ਕਰਦੀ ਹੈ।’ ਥਰੂਰ ਨੇ ਮਗਰੋਂ ਟਵੀਟ ‘ਚ ਕਿਹਾ, ‘ਸ਼ਾਹੀਨ ਬਾਗ਼ ਵਿਖੇ ਬਿਰਧ ‘ਦਾਦੀਆਂ’, ਜੋ ਧਰਨੇ ਦੇ ਆਗਾਜ਼ ਤੋਂ ਭੁੱਖ ਹੜਤਾਲ ‘ਤੇ ਹਨ ਅਤੇ ਮਹਿਲਾਵਾਂ ਦੀ ਹਿੰਮਤ, ਜਨੂੰਨ ਤੇ ਵਚਨਬੱਧਤਾ ਨੂੰ ਵੇਖਣਾ ਚਮਤਕਾਰੀ ਸੀ। ਸ੍ਰੀ ਥਰੂਰ ਨੇ ਅੱਜ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਵਿੱਚ ਨਾਗਰਿਕਤਾ ਸੋਧ ਐਕਟ ’ਤੇ ਵਿਚਾਰ ਚਰਚਾ ਲਈ ਰੱਖੇ ਸਮਾਗਮ ‘ਚ ਵੀ ਸ਼ਿਰਕਤ ਕੀਤੀ। ਥਰੂਰ ਮੈਟਰੋ ਦਾ ਸਫ਼ਰ ਕਰਕੇ ਯੂਨੀਵਰਸਿਟੀ ਪੁੱਜੇ ਸਨ। ਥਰੂਰ ਨੇ ‘ਵਰਸਿਟੀ ਪੁੱਜਣ ਤੋਂ ਪਹਿਲਾਂ ਕੀਤੇ ਇਕ ਟਵੀਟ ‘ਚ ਕਿਹਾ, ‘ਮੇਰੀ ਉਡੀਕ ਕਰ ਰਹੇ ਜੇਐੱਨਯੂ ਵਿਦਿਆਰਥੀਆਂ ਨੂੰ ਸੁਨੇਹਾ: ਸ਼ਾਹੀਨ ਬਾਗ਼ ਨੇੜੇ ਲੱਗੇ ਟਰੈਫਿਕ ਨੂੰ ਭਾਂਜ ਦੇਣ ਲਈ ਤੁਹਾਡੇ ਤੱਕ ਪੁੱਜਣ ਲਈ ਮੈਟਰੋ ‘ਤੇ ਸਵਾਰ ਹੋ ਗਿਆਂ। ਥੋੜਾ ਲੇਟ ਹੋਵਾਂਗਾ, ਪਰ ਇੰਨਾ ਨਹੀਂ ਜਿੰਨਾ ਚਾਰ ਪਹੀਆ ਗੱਡੀ ਨੇ ਜਾਮ ‘ਚ ਫਸਣ ਮਗਰੋਂ ਹੋਣਾ ਸੀ।’



# ਵਿਰੋਧ ਕਰਨ ਵਾਲਿਆਂ ਦੇ ਮੂੰਹ ਬੰਦ ਕਰਨੇ ਮੁਸ਼ਕਲ: ਯੇਚੁਰੀ

**ਨਵੀਂ ਦਿੱਲੀ/ਕੋਲਕਾਤਾ: /ਏ.ਟੀ.ਨਿਊਜ਼:** ਸੀਪੀਐੱਮ ਦੇ ਜਨਰਲ ਸਕੱਤਰ ਸੀਤਾਰਾਮ ਯੇਚੁਰੀ ਨੇ ਕਿਹਾ ਕਿ ਵਿਵਾਦਿਤ ਨਾਗਰਿਕਤਾ ਕਾਨੂੰਨ, ਐੱਨਆਰਸੀ ਤੇ ਐੱਨਪੀਆਰ ਖ਼ਿਲਾਫ਼ ਉੱਠ ਰਹੀਆਂ ਵਿਰੋਧੀ ਸੁਰਾਂ ਨੂੰ ਦਬਾਉਣਾ ਮੁਸ਼ਕਲ ਹੈ। ਯੇਚੁਰੀ ਨੇ ਇਕ ਟਵੀਟ ‘ਚ ਕਿਹਾ, ‘ਪੱਖਪਾਤੀ ਕਾਨੂੰਨਾਂ ਖ਼ਿਲਾਫ਼ ਉੱਠ ਰਹੀਆਂ ਆਵਾਜ਼ਾਂ ਨੂੰ ਬੰਦ ਨਹੀਂ ਕੀਤਾ ਜਾ ਸਕਦਾ। ਪ੍ਰਧਾਨ ਮੰਤਰੀ ਨੂੰ ਲਗਦਾ ਹੈ ਕਿ ਉਹ ਢੀਠਪੁਣੇ ਨਾਲ ਆਪਣੀ ਮਨਮਰਜ਼ੀ ਕਰ ਲੈਣਗੇ, ਪਰ ਅਜਿਹਾ ਨਹੀਂ ਹੋਵੇਗਾ। ਭਾਰਤ ਦੇ ਨੌਜਵਾਨ ਸੜਕਾਂ ‘ਤੇ ਉੱਤਰ ਆਏ ਹਨ ਤੇ ਹੁਣ ਉਹੀ ਮੁਲਕ ਨੂੰ ਅੱਗੇ ਲਿਜਾਣਗੇ।’ ਇਸ ਦੌਰਾਨ ਸੀਪੀਐੱਮ ਆਗੂ ਤੇ ਸਾਬਕਾ ਸੰਸਦ ਮੈਂਬਰ ਮੁਹੰਮਦ ਸਲੀਮ ਨੇ ਕਿਹਾ ਕਿ ਕੋਲਕਾਤਾ ਪੋਰਟ ਟਰੱਸਟ ਦਾ ਨਾਂ ਬਦਲੇ ਜਾਣ ਨਾਲ ਬੰਦਰਗਾਹ ਦੀ ਕਾਰਗੁਜ਼ਾਰੀ ’ਤੇ ਕੋਈ ਫ਼ਰਕ ਨਹੀਂ ਪੈਣਾ। ਉਨਾਂ ਕਿਹਾ ਕਿ ਮੋਦੀ ਸਰਕਾਰ ‘ਗੇਮ ਚੇਂਜਰ’ ਨਹੀਂ ਬਲਕਿ ‘ਨੇਮ ਚੇਂਜਰ’ ਹੈ।


A-ONE EXPRESS

ਸਾਨੂੰ ਤਜ਼ਰਬੇਕਾਰ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨਾਰਥ-ਈਸਟ, ਸਾਊਥ-ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖ਼ਾਹ ਸਮੇਂ ਸਿਰ
- 50% ਹੁੱਕ ਡਰਾਪ
- Excellent Payment
- Easy Aboard ELD Logbook



ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜਰਬਾ

MC NO. # 464630

3096 Farrar Ave Modesto, CA 95354

TAX ID #32-0065398

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ ’ਤੇ ਸੰਪਰਕ ਕਰੋ

TOLL FREE 888.725.7441 OFFICE : 209.537.0975 FAX : 209.537.0375

# ਦਾਖਾਂ ਨੇ ਕੈਲੀਫੋਰਨੀਆ ਦੇ ਕਿਸਾਨਾਂ ਦੇ ਮੂੰਹ ਕੀਤੇ ਕੌੜੇ

## ਘੱਟ ਕੀਮਤਾਂ ਕਾਰਨ ਬੂੱਟੇ ਪੁੱਟਣ ਲਈ ਮਜਬੂਰ

**ਫਰਿਜਨੋ/ਸੁਰਿੰਦਰ ਸਿੰਘ ਟਾਕਿੰਗ ਪੰਜਾਬ:** ਕੈਲੀਫੋਰਨੀਆ ਦੇ ਖੇਤੀਬਾੜੀ ਦੀ ਪੈਦਾਵਾਰ ਨਾਲ ਭਰਪੂਰ ਇਲਾਕੇ ਫਰਿਜਨੋ ਦੇ ਅੰਗੂਰ ਉਤਪਾਦਕ ਅੱਜ ਕੱਲ੍ਹ ਔਖੇ ਦਿਨਾਂ 'ਚੋਂ ਲੰਘ ਰਹੇ ਹਨ। ਬੰਪਰ ਝਾੜ ਪੈਦਾ ਹੋਣ ਦੇ ਬਾਵਜੂਦ ਕਿਸਾਨ ਅੰਗੂਰਾਂ ਦੇ ਬੂਟੇ ਜੜ੍ਹੋਂ ਪੁੱਟਣ ਲਈ ਮਜਬੂਰ ਹਨ। ਇਸ ਦਾ ਕਾਰਨ ਇਹ ਹੈ ਕਿ ਦਾਖਾਂ ਦੇ ਉਤਪਾਦਕ ਕਿਸਾਨਾਂ ਨੂੰ ਆਪਣੀ ਉਪਜ ਦਾ ਸਹੀ ਭਾਅ ਨਹੀਂ ਮਿਲ ਰਿਹਾ। ਕੈਲੀਫੋਰਨੀਆ ਦੀ ਸੈਂਟਰਲ ਵੈਲੀ 'ਚ ਪੈਂਦੇ ਸੈਲਮਾ ਨੂੰ ਹੁਣ ਤੱਕ ਦਾਖਾਂ ਦੇ ਵਿਸਵ ਦੀ ਰਾਜਧਾਨੀ ਮੰਨਿਆ ਜਾਂਦਾ ਹੈ। ਸੈਲਮਾ ਇਲਾਕਾ ਦਾਖਾਂ ਦੀ ਰਾਜਧਾਨੀ ਕਦੋਂ ਤੱਕ ਰਹੇਗਾ ਹੁਣ ਇਹ ਸਵਾਲ ਖੜ੍ਹਾ ਹੋ ਗਿਆ ਹੈ। ਦਾਖਾਂ ਦੇ ਉਤਪਾਦਨ ਅਤੇ ਇਸ ਨਾਲ ਜੁੜੀਆਂ ਸਮਸਿਆਵਾਂ ਬਾਰੇ ਅੰਮ੍ਰਿਤਸਰ ਟਾਈਮਜ ਦੇ ਨਾਮਾਨਿਗਾਰ ਸੁਰਿੰਦਰ ਸਿੰਘ ਨੇ ਦਾਖਾਂ ਦੇ ਉਤਪਾਦਕ ਕੁਝ ਪੰਜਾਬੀ ਕਿਸਾਨਾਂ ਅਤੇ 'ਰੇਜਨ ਬਰਗੇਨਿੰਗ ਐਸੋਸੀਏਸਨ' ਦੇ ਡਾਇਰੈਕਟਰ ਨਾਲ ਗਲਬਾਤ ਕੀਤੀ ਅਤੇ ਸਾਰੀ ਸਥਿਤੀ ਦਾ ਅਧਿਐਨ ਕੀਤਾ।

ਇਲਾਕੇ ਦੇ ਦਾਖਾਂ ਦੇ ਉਤਪਾਦਕ ਮੋਹਤਬਰ ਕਿਸਾਨਾਂ 'ਚ ਚਰਨਜੀਤ ਬਾਠ, ਅਜੀਤ ਸਿੰਘ ਗਿੱਲ, ਗਿੱਲ ਬ੍ਰਦਰਜ, ਪ੍ਰੀਤਮ ਟੁੱਟ, ਨਿੱਝਰ ਬ੍ਰਦਰਜ, ਬੱਲ ਫਾਰਮਜ, ਜਸਵੰਤ ਬੱਲ, ਗੁਰਪ੍ਰੀਤ ਦੋਸਾਂਝ, ਗੁਰਮੇਲ ਚਾਹਲ, ਨਿਰਮਲ ਸਿੰਘ ਸਹੋਤਾ ਅਤੇ ਖੇਤੀਬਾੜੀ ਕਰਨ ਵਾਲੇ ਕੁੱਲ ਕਿਸਾਨਾਂ ਦਾ 35% ਹਿੱਸਾ ਪੰਜਾਬੀਆਂ ਦਾ ਬਣਦਾ ਹੈ। ਆਪਣੀ ਅਮਰੀਕਾ ਸਥਾਪਤੀ ਤੋਂ ਲੈ ਕੇ ਖੇਤੀ ਕਰਦੇ ਆ ਰਹੇ ਕਿਸਾਨ ਨਿਰਮਲ ਸਿੰਘ ਸਹੋਤਾ ਨੇ ਜਾਣਕਾਰੀ ਦਿਤੀ ਕਿ ਅੰਗੂਰਾਂ ਦੇ ਚੰਗੇ ਖਾਸੇ ਝਾੜ ਦੇ ਬਾਵਜੂਦ ਉਹਨਾਂ ਦਾ ਕੋਈ ਵਧੀਆ ਹਾਲ ਨਹੀਂ ਹੈ। ਸਹੋਤਾ ਦਾ ਕਹਿਣਾ ਹੈ ਕਿ ਤਕਰੀਬਨ 100 ਸਾਲਾਂ ਤੋਂ ਕਿਸਾਨਾਂ ਦੀ ਉਪਜ ਨੂੰ ਗ੍ਰਾਹਕਾਂ ਅਤੇ ਹੋਰਨਾਂ ਮੁਲਕਾਂ 'ਚ ਸਪਲਾਈ ਕਰਨ ਵਾਲੀ ਸਾਲਸ ਕੰਪਨੀ 'ਸਨਮੇਡ' ਦੀ ਅਜਾਰੇਦਾਰੀ ਉਹਨਾਂ ਦੀ ਫਸਲ ਦਾ ਭਾਅ ਤੈਅ ਕਰਨ ਵੇਲੇ ਮਾਰੂ ਸਾਬਤ ਹੁੰਦੀ ਹੈ। ਇਸੇ ਕਾਰਨ ਸਥਾਨਕ ਕਿਸਾਨ ਚੰਗਾ ਖਾਸਾ ਝਾੜ ਦੇਣ ਵਾਲੇ ਬੂਟੇ ਪੁੱਟਣ ਲਈ ਮਜਬੂਰ ਹੋਏ ਹਨ। ਤਕਰੀਬਨ 500 ਏਕੜਾਂ 'ਚ ਦਾਖਾਂ ਪੈਦਾ ਕਰਨ ਵਾਲੇ ਨਿਰਮਲ ਸਿੰਘ ਸਹੋਤਾ ਨੇ ਦੱਸਿਆ ਕਿ ਜਿਥੇ ਹਰ ਸਾਲ ਅੰਗੂਰਾਂ ਦੀ ਖੇਤੀ ਮਹਿੰਗੀ ਹੁੰਦੀ ਜਾ ਰਹੀ ਹੈ ਉਥੇ ਦਾਖਾਂ ਦੀ ਖਰੀਦ 'ਸਨਮੇਡ' ਕੰਪਨੀ ਰਾਹੀਂ ਸਸਤੀ ਹੋਣ ਨਾਲ ਕਿਸਾਨਾਂ ਦਾ ਕਚੂੰਬਰ ਨਿਕਲਦਾ ਜਾ ਰਿਹਾ ਹੈ। ਚਰਨਜੀਤ ਬਾਠ ਅਤੇ ਅਜੀਤ ਸਿੰਘ ਗਿੱਲ ਵਰਗੇ ਇਲਾਕੇ ਦੇ ਕਈ ਹੋਰ ਵੱਡੇ ਜਮੀਂਦਾਰ ਵੀ ਦਾਖਾਂ ਦੀ ਖਰੀਦ 'ਚ ਚੱਲ ਰਹੀ ਇਸ ਮੰਦੀ ਦਾ ਸਕਿਾਰ ਹੋਣੋਂ ਨਹੀਂ ਬਚ ਸਕੇ। ਆਰ.ਬੀ.ਏ. ਦੇ ਸਥਾਨਕ ਡਾਇਰੈਕਟਰ ਨਿੱਕ ਸਹੋਤਾ ਨੇ ਦੱਸਿਆ ਕਿ ਪਿਛਲੇ 55 ਸਾਲਾਂ 'ਚ ਅਜਿਹਾ ਪਹਿਲੀ ਵਾਰ ਹੋਇਆ ਹੈ ਕਿ ਦਾਖਾਂ ਦਾ ਭਾਅ ਤੈਅ ਨਹੀਂ ਕੀਤਾ ਗਿਆ ਅਤੇ ਇਸ ਤਰਾਂ ਕਰਕੇ ਕੰਪਨੀ ਨੇ ਸਥਾਨਕ ਪੱਧਰ 'ਤੇ ਅਸਿਧੇ ਤੌਰ 'ਤੇ ਇਸਾਰਾ ਕੀਤਾ ਹੈ ਕਿ ਕਿਸਾਨਾਂ ਨੂੰ ਅੰਗੂਰਾਂ ਦੀ ਥਾਂ ਹੁਣ ਕੋਈ ਹੋਰ ਚੀਜ ਉਗਾਉਣੀ ਚਾਹੀਦੀ ਹੈ। ਅਜੀਤ ਸਿੰਘ ਗਿੱਲ ਨੇ ਦੱਸਿਆ ਕਿ ਜੇ ਕੰਪਨੀ ਦੇ ਇਸਾਰੇ ਮੁਤਾਬਕ ਅਸੀਂ ਆਪਣੀ ਫਸਲ ਨੂੰ ਬਦਲ ਕੇ ਕੁਝ ਹੋਰ ਵੀ ਉਗਾਵਾਂਗੇ ਤਾਂ ਉਦਾਹਰਣ ਦੇ ਤੌਰ 'ਤੇ ਬਦਾਮਾਂ ਦੇ ਬੂਟੇ ਹੀ ਆਪਣਾ ਆਕਾਰ ਗ੍ਰਿਹਣ ਕਰਨ ਲਈ ਘੱਟੋ ਘੱਟ 4-5 ਸਾਲ ਦਾ ਵਕਤ ਲੈ ਲੈਂਦੇ ਹਨ। ਇਸ ਲਈ ਦਾਖਾਂ ਛੱਡ ਕੇ ਬਦਲਵੀਂ ਫਸਲ ਦਾ ਸੁਪਨਾ ਲੈਣਾ ਵੀ ਇੱਕ ਤਰਾਂ ਕਿਸਾਨਾਂ ਦਾ ਦੋਹਰਾ ਨੁਕਸਾਨ ਹੋਣ ਦੇ ਬਰਾਬਰ ਹੈ।




'ਸਨਮੇਡ' ਕੰਪਨੀ ਦਾਅਵਾ ਕਰਦੀ ਹੈ ਕਿ ਤੁਰਕੀ ਅਤੇ ਈਰਾਨ ਦੇ ਨਾਲ ਨਾਲ ਭਾਰਤ 'ਚ ਦਾਖਾਂ ਦੀ ਪੈਦਾਵਾਰ ਵਧਣ ਨਾਲ ਕੌਮਾਂਤ੍ਰੀ ਮਾਰਕੀਟ 'ਚ ਮੰਦੀ ਦਾ ਅਸਰ ਅਮਰੀਕਾ ਦੇ ਫਰਿਜਨੋ ਵੈਲੀ ਦੇ ਕਿਸਾਨਾਂ 'ਤੇ ਪੈਣਾ ਸੁਭਾਵਿਕ ਹੈ ਅਤੇ ਇਸ ਲਈ ਕੰਪਨੀ ਕਤਈ ਤੌਰ 'ਤੇ ਜੁੰਮੇਵਾਰ ਨਹੀਂ ਹੈ। ਆਪਣੀ 107ਵੀਂ ਸਲਾਨਾ ਮੀਟਿੰਗ 'ਚ ਪੇਸ ਕੀਤੇ ਗਏ ਅੰਕੜਿਆਂ ਅਤੇ ਤੱਥਾਂ ਮੁਤਾਬਕ ਕੰਪਨੀ ਵੱਲੋਂ ਇਸ ਗੱਲ ਨੂੰ ਕਿਸਾਨਾਂ 'ਚ ਪੇਸ ਕੀਤਾ ਗਿਆ ਕਿ ਉਹ ਸਥਾਨਕ ਪੱਧਰ 'ਤੇ ਦਾਖ ਉਤਪਾਦਕਾਂ ਦੀ ਬੇਹਤਰੀ ਲਈ ਜੁਟੇ ਹੋਏ ਹਨ। ਕੰਪਨੀ ਦੇ ਪ੍ਰੈਜੀਡੈਂਟ ਅਤੇ ਸੀ.ਈ.ਓ. ਹੈਰੀ ਓਵਰਲੀ ਨੇ ਇਸ ਮੀਟਿੰਗ 'ਚ ਜਾਣਕਾਰੀ ਦਿਤੀ ਕਿ ਦੁਨੀਆ 'ਚ ਦਾਖਾਂ ਦੀ ਪੈਦਾਵਾਰ ਹੜ੍ਹ ਆ ਜਾਣ ਕਾਰਨ ਮਾਰਕੀਟ ਹੇਠਾਂ ਡਿੱਗ ਪਈ ਹੈ। ਜਿਸ ਦਾ ਅਮਰੀਕਾ 'ਚ ਕੈਲੀਫੋਰਨੀਆ ਦੇ ਕਿਸਾਨਾਂ 'ਤੇ ਵਧੇਰੇ ਅਸਰ ਪਿਆ ਹੈ। ਹੈਰੀ ਓਵਰਲੀ ਕਾਰਪੋਰੇਟ ਜਗਤ ਦੇ ਤੇਜ ਤਰਾਰ ਪ੍ਰਬੰਧਕ ਵੱਜੋਂ ਜਾਣੇ ਜਾਂਦੇ ਹਨ ਅਤੇ ਉਹ ਸਾਂਵੀਂ ਚੱਲ ਰਹੀ ਸਨਮੇਡ ਕੰਪਨੀ ਦੀ ਝੋਲੀ ਨੂੰ ਮੋਟੇ ਮੁਨਾਫੇ ਨਾਲ ਭਰਨਾ ਲੋਚਦੇ ਹਨ। ਇਸ ਬਾਰੇ ਆਰ.ਬੀ.ਏ. ਦੇ ਦੇ ਸੀ.ਈ.ਓ. ਕਾਲੇਮ ਐਚ. ਬੇਰਸਰੀਏਨ ਦਾ ਕਹਿਣਾ ਹੈ ਕਿ ਸਨਮੇਡ ਆਪਣਾ ਮੁਨਾਫਾ ਤਾਂ ਦੇਖ ਰਹੀ ਹੈ ਪਰ ਸਥਾਨਕ ਕਿਸਾਨਾਂ ਬਾਰੇ ਉਹ ਕੋਈ ਪ੍ਰਵਾਹ ਨਹੀਂ ਕਰ ਰਹੇ।

ਅਮਰੀਕਾ 'ਚ ਦਾਖਾਂ ਦੀ ਕੁਲ ਪੈਦਾਵਾਰ ਦਾ 45% ਹਿੱਸਾ ਇੱਕਲੇ 'ਸਨਮੇਡ' ਵੱਲੋਂ ਖਰੀਦਿਆ ਜਾਂਦਾ ਹੈ। ਲੰਘੇ ਸਾਲ 2019 ਵਿਚ 320,000 ਟਨ ਦਾਖਾਂ ਦੀ ਪੈਦਾਵਾਰ ਨਾਲ ਤੁਰਕੀ ਦੁਨੀਆ 'ਚ ਪਹਿਲੇ ਸਥਾਨ 'ਤੇ ਅਤੇ 250,000 ਟਨ ਨਾਲ ਅਮਰੀਕਾ ਦਾ ਕੈਲੀਫੋਰਨੀਆ ਦੂਜੇ ਨੰਬਰ 'ਤੇ ਰਿਹਾ। ਇਸ ਤੋਂ ਪਹਿਲਾਂ ਦਾਖਾਂ 'ਚ ਕੇਵਲ ਅਮਰੀਕਾ ਦੀ ਝੰਡੀ ਰਹੀ ਹੈ। 2019 ਵਿਚ ਹੀ ਚੀਨ ਤੋਂ 200,000 ਟਨ, ਈਰਾਨ ਤੋਂ 190,000 ਟਨ, ਭਾਰਤ ਤੋਂ 150,000 ਟਨ ਦਾ ਉਤਪਾਦਨ ਦੁਨੀਆ ਦੀ ਉਪਭੋਗਤਾ ਮੰਡੀ 'ਚ ਵਿਕਣ ਲਈ ਪੁੱਜਿਆ। ਇਹਨਾਂ ਵੱਡੇ ਉਤਪਾਦਕਾਂ ਦੇ ਨਾਲ ਉਜਬੇਕਿਸਤਾਨ 80,000, ਦੱਖਣੀ ਅਫਰੀਕਾ 65,000, ਚਿੱਲੀ 65,000, ਅਰਜਨਟੀਨਾ 40,000, ਅਤੇ ਆਸਟ੍ਰੇਲੀਆ ਨੇ 20,000 ਟਨ ਦਾਖਾਂ ਦਾ ਆਪਣਾ ਹਿੱਸਾ ਵਿਸਵ ਦੀ ਮੰਡੀ 'ਚ ਪਾਇਆ। ਕੈਲੀਫੋਰਨੀਆ ਦੇ ਕਿਸਾਨਾਂ ਨੇ ਸਨਮੇਡ ਵੱਲੋਂ ਜਾਰੀ ਕੀਤੇ ਗਏ ਇਹਨਾਂ ਤੱਥਾਂ ਬਾਰੇ ਗੈਰਯਕੀਨੀ ਪ੍ਰਗਟ ਕਰਦਿਆਂ ਕਿਹਾ ਕਿ ਇਰਾਨ 'ਤੇ ਕੌਮਾਂਤਰੀ ਪਬੰਦੀਆਂ ਕਾਰਨ ਉਥੋਂ ਦੀ ਪੈਦਾਵਾਰ ਮੰਡੀ 'ਚ ਨਹੀਂ ਆ ਰਹੀ ਇਸ ਲਈ ਕੰਪਨੀ ਅੰਕੜਿਆਂ ਨੂੰ ਜਾਣਬੁਝ ਕੇ ਆਪਣੇ ਪੱਖ 'ਚ ਭੁਗਤਾ ਰਹੀ ਹੈ। ਉੱਘੇ ਕਿਸਾਨ ਅਜੀਤ ਸਿੰਘ ਗਿੱਲ ਦਾ ਕਹਿਣਾ ਹੈ ਕਿ ਲੋਕਾਂ ਦੇ ਖਾਣ ਲਈ ਕੈਲੀਫੋਰਨੀਆ ਦੀਆਂ ਦਾਖਾਂ ਵਿਸਵ 'ਚ ਸਭ ਤੋਂ ਵੱਧ ਸਾਫ ਅਤੇ ਸੁਰਖਿਅਤ ਮੰਨੀਆਂ ਜਾਂਦੀਆਂ ਹਨ ਕਿਉਂਕਿ ਉਹ ਫਸਲ 'ਤੇ ਖਾਦਾਂ ਅਤੇ ਕੀਟਨਾਸਕਾਂ ਦਾ ਘੱਟੋ ਘੱਟ ਛਿੜਕਾਅ ਕਰਦੇ ਹਨ। ਜਦਕਿ ਦੂਜੇ ਮੁਲਕਾਂ ਦੀ ਮਾਰਕੀਟ 'ਚ ਆ ਰਹੀ ਪੈਦਾਵਾਰ ਦੀ ਸਟੈਪਿੰਗ ਤਸਦੀਕਸੁਦਾ ਨਹੀਂ ਹੈ. ਗਿੱਲ ਨੇ ਕਿਹਾ ਕਿ ਮਿਆਰੀ ਉਤਪਾਦਨ ਹੋਣ ਦੇ ਬਾਵਜੂਦ ਚੰਗਾ ਭਾਅ ਨਾ ਮਿਲਣਾ ਦਿਲ ਤੋੜਨ ਵਾਂਗ ਹੈ।

ਬਾਕੀ ਸਫ਼ਾ 32 'ਤੇ

Allstate
You're in good hands.
ALL STATE INSURANCE
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ

ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us

CIS
CALIFORNIA
IMMIGRATION SERVICES
(Registered & Bonded)
> FAMILY IMMIGRATION
> GREEN CARD PETITION
> CITIZENSHIP
> OCI CARD / INDIAN PASSPORT
> BUSINESS / VISITOR VISA
> STUDENT VISA
> RELIGIOUS VISA
> U.K. VISA
> CANADA VISA & P.R.


Rosy (Kanwal) Kaur
Immigration Consultant / LDA
CALL FOR FREE INITIAL CONSULTATION !
Ph: 510-573-3666, 408-422-8585
Fremont Office: 4127 Bay Street, Suite 5 | Tracy Office: 68 E 11th St., Suite 103
Yuba City Office: 1650 Sierra Ave. Suite 206, CA 95993
www.caials.com rosy@caials.com

# ਭਾਰਤੀ ਅੰਬੈਸਡਰ ਹਰਸ਼ ਵਰਧਨ ਸ਼ਰਿੰਗਲਾ ਦਾ ਵਿਦਾਇਗੀ ਸਮਾਰੋਹ

**ਵਾਸ਼ਿੰਗਟਨ ਡੀ.ਸੀ/ਰਾਜ ਗੋਗਨਾ:** ਭਾਰਤੀ ਅੰਬੈਸਡਰ ਹਰਸ਼ ਵਰਧਨ ਸ਼ਰਿੰਗਲਾ ਜੋ ਹੁਣੇ ਜਿਹੇ ਹੀ ਵਿਦੇਸ਼ ਸਕੱਤਰ ਭਾਰਤ ਸਰਕਾਰ ਨਿਯੁਕਤ ਹੋਏ ਹਨ। ਉਨਾਂ ਦੀ ਨਿੱਘੀ ਵਿਦਾਇਗੀ ਸਮਾਗਮ ਰੇਬਨ ਹਾਊਸ ਆਫਿਸ ਬਿਲਡਿੰਗ ਕੈਪੀਟਲ ਹਿਲ ਵਾਸ਼ਿੰਗਟਨ ਡੀ. ਸੀ. ਵਿਖੇ ਆਯੋਜਿਤ ਕੀਤਾ ਗਿਆ ਹੈ।ਇਸ ਵਿਦਾਇਗੀ ਪਾਰਟੀ ਦੇ ਹੋਸਟ ਰਵੀ ਬਤਰਾ ਚੇਅਰ ਨੈਸ਼ਨਲ ਐਡਵਾਈਜਰੀ ਕੌਂਸਲ ਸਾਊਸ ਏਸ਼ੀਅਨ ਅਤੇ ਰੰਜੂ ਬਤਰਾ ਚੇਅਰ ਦੀਵਾਲੀ ਫਾਊਂਡੇਸ਼ਨ ਅਮਰੀਕਾ ਸਨ। ਜਿਨਾਂ ਨੇ ਹਰਸ਼ ਵਰਧਨ ਸ਼੍ਰਿੰਗਲਾ ਨੂੰ ਜੀ ਆਇਆਂ ਆਖਿਆ ਅਤੇ ਹਾਜ਼ਰੀਨ ਦੀ ਸਮਾਗਮ ਵਿੱਚ ਸ਼ਮੂਲੀਅਤ ਨੂੰ ਸਰਾਹਿਆ।



ਹਰਸ਼ ਵਰਧਨ ਸ਼੍ਰਿੰਗਲਾ ਨੇ ਕਿਹਾ ਕਿ ਇਹ ਉਹੀ ਕਮਰਾ ਹੈ ਜਿਸ ਵਿੱਚ ਅਮਰੀਕਾ ਦੇ ਕਨੂੰਨੀ ਸਲਾਹਕਾਰ ਦੇ ਸਾਹਮਣੇ ਕਸ਼ਮੀਰ ਮੁੱਦੇ ਦੇ ਸਬੰਧੀ ਤੱਥ ਪੇਸ਼ ਕੀਤੇ ਗਏ ਸਨ। ਅਸੀਂ ਕਦੇ ਵੀ ਆਪਣੀ ਇਮਾਨਦਾਰੀ ਨਾਲ ਸਮਝੌਤਾ ਨਹੀਂ ਕਰਾਂਗੇ। ਜਿਵੇਂ ਮੈਂ ਭਾਰਤ ਜਾ ਰਿਹਾ ਹਾਂ, ਮੈਂ ਹਮੇਸ਼ਾ ਭਾਰਤੀ ਪ੍ਰਵਾਸੀਆਂ ਨੂੰ ਯਾਦ ਕਰਾਂਗਾ ਕਿ ਉਹ ਮੂਲ ਦੇਸ਼ ਦੇ ਸਭ ਤੋਂ ਵੱਡੇ ਸਮਰਥਕ ਅਤੇ ਗੋਦ ਲੈਣ ਵਾਲੇ ਦੇਸ਼ ਨੂੰ ਇਕੱਠੇ ਕਰਨ ਵਿੱਚ ਅਹਿਮ ਭੂਮਿਕਾ ਨਿਭਾਅ ਰਹੇ ਹਨ। ਉਨਾਂ ਕਿਹਾ ਕਿ ਇੱਕ ਸਾਲ ਪਹਿਲਾਂ ਮੈਂ ਅਮਰੀਕਾ ਵਿੱਚ ਆਇਆ ਸੀ। ਜੋ ਪਿਆਰ ਮੈਨੂੰ ਕਮਿਊਨਿਟੀ ਅਤੇ ਅਮਰੀਕਾ ਦੇ ਪ੍ਰਬੰਧਕਾਂ ਨੇ ਦਿੱਤਾ ਹੈ ਉਸਨੂੰ ਮੈਂ ਕਦੇ ਨਹੀਂ ਭੁਲਾ ਸਕਦਾ। ਸਗੋਂ ਇਹ ਮੇਰੀ ਜ਼ਿੰਦਗੀ ਦਾ ਹਿੱਸਾ ਬਣ ਗਿਆ ਹੈ। ਜੋ ਹਮੇਸ਼ਾ ਮੈਨੂੰ ਇੱਥੋਂ ਦੀ ਯਾਦ ਦਿਵਾਉਂਦਾ ਰਹੇਗਾ। ਹਰਸ਼ ਵਰਧਨ ਸ਼੍ਰਿੰਗਲਾ ਨੇ ਰੰਜੂ ਬਤਰਾ ਦੀ ਸ਼ਲਾਘਾ ਕੀਤੀ, ਜਿਨਾਂ ਨੇ ਦੀਵਾਲੀ ਟਿਕਟ ਨੂੰ ਜਾਰੀ ਕਰਵਾਉਣ ਵਿੱਚ ਅਹਿਮ ਰੋਲ ਅਦਾ ਕੀਤਾ। ਉੱਥੇ ਉਨਾਂ ਕਮਿਊਨਿਟੀ ਕਾਰਕੁੰਨ ਸੁਨੀਲ ਸਿੰਘ, ਬਾਨਿਵ, ਸੁਖਪਾਲ ਸਿੰਘ ਧਨੋਆ, ਜਰਨਲਿਸਟ ਲਲਿਤ ਝਾਅ ਅਤੇ ਨੇੜੇ ਦੇ ਮਿੱਤਰ ਜਰਨਲਿਸਟ ਤੇਜਿੰਦਰ ਸਿੰਘ ਦੇ ਨਾਵਾਂ ਦਾ ਖਾਸ ਜ਼ਿਕਰ ਕੀਤਾ।ਪੀਟਰ ਕਿੰਗ ਨਿਊਯਾਰਕ ਨੇ ਉਤੇਜਿਤ ਲੋਕਤੰਤਰ ਦੀ ਸ਼ਲਾਘਾ ਕੀਤੀ ਅਤੇ ਕਮਿਊਨਿਟੀ ਵਲੋਂ ਦਿੱਤੇ ਸਹਿਯੋਗ ਦਾ ਧੰਨਵਾਦ ਕੀਤਾ। ਬਰਾਂਡ ਸ਼ਰਮਨ ਨੇ ਕਿਹਾ ਭਾਰਤ-ਅਮਰੀਕਾ ਦੇ ਰਿਸ਼ਤੇ ਬਹੁਤ ਮਜ਼ਬੂਤ ਹਨ, ਜੋ ਲੋਕਤੰਤਰ ਦੀ ਕਦਰ ਕਰਦੇ ਹਨ। ਉਨਾਂ ਕਿਹਾ ਕਿ ਦੋ ਜਮਾਂ ਦੋ ਹੁਣ ਦੋ ਜਮਾਂ ਦੋ ਸੁਕੇਅਰ ਹੋ ਜਾਣਗੇ। ਭਾਵ ਇਹ ਦੋਵੇਂ ਮੁਲਕ ਅਗਲੀ ਮੀਟਿੰਗ ਵਿੱਚ ਕਾਨੂੰਨਕਾਰੀਆਂ ਨਾਲ ਮਜ਼ਬੂਤੀ ਨਾਲ ਵਿਚਰਨਗੇ। ਜੋ ਸੰਸਾਰ ਸਾਹਮਣੇ ਇਹ ਇੱਕ ਇਤਿਹਾਸਿਕ ਕਦਮ ਹੋਵੇਗਾ।ਹੋਰਨਾਂ ਤੋਂ ਇਲਾਵਾ ਰਾਜਾ ਤੇ ਰਵੀ ਬਤਰਾ ਨੇ ਹਾਜ਼ਰੀਨ ਦੇ ਸਬਰ ਅਤੇ ਚੁੱਪੀ ਵਜੋਂ ਵਿਚਰਨ ਤੇ ਸੁਣਨ ਸਬੰਧੀ ਸ਼ਲਾਘਾ ਕੀਤੀ। ਇਸ ਸਮਾਗਮ ਵਿੱਚ ਮੈਟਰੋਪੁਲਿਟਨ ਵਾਸ਼ਿੰਗਟਨ ਡੀ. ਸੀ. ਦੀਆਂ ਉੱਘੀਆਂ ਸਖਸ਼ੀਅਤਾਂ ਸ਼ਾਮਲ ਸਨ। ਜਿਨਾਂ ਦੇ ਯੋਗਦਾਨ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ।

# ਅਮਰੀਕੀ ਸੈਨੇਟ ਵੱਲੋਂ ਸਿੱਖਾਂ ਦੇ ਯੋਗਦਾਨ ਨੂੰ ਮਾਨਤਾ ਦੇਣ ਸਬੰਧੀ ਮਤੇ ਦੀ ਕਾਪੀ ਸ੍ਰੀ ਅਕਾਲ ਤਖਤ ਦੇ ਜਥੇਦਾਰ ਨੂੰ ਸੌਂਪੀ

**ਇੰਡੀਆਨਾਪੋਲਿਸ/ਹੁਸਨ ਲੜੋਆ ਬੰਗਾ:** ਪੋਲੀਟੀਕਲ ਐਕਸ਼ਨ ਕਮੇਟੀ ਦੇ ਸੰਸਥਾਪਕ ਤੇ ਚੇਅਰਮੈਨ ਗੁਰਿੰਦਰ ਸਿੰਘ ਖਾਲਸਾ ਨੇ ਬੀਤੇ ਦਿਨ ਅਮਰੀਕੀ ਸੈਨੇਟ ਵੱਲੋਂ ਪਾਸ ਕੀਤੇ ਮਤੇ ਦੀ ਕਾਪੀ ਸ਼੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਹਰਪ੍ਰੀਤ ਸਿੰਘ ਨੂੰ ਸੌਂਪੀ। ਇਸ ਮਤੇ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੀ ਇਤਿਹਾਸਕ, ਸਭਿਆਚਾਰਕ ਤੇ ਧਾਰਮਿੱਕ ਮੱਹਤਤਾ ਅਤੇ ਸਿੱਖਾਂ ਵੱਲੋਂ ਦਿੱਤੇ ਬਲਿਦਾਨ ਤੇ ਯੋਗਦਾਨ ਦਾ ਵਰਣਨ ਕੀਤਾ ਗਿਆ ਹੈ। ਮਤੇ ਵਿਚ ਹੋਰ ਕਿਹਾ ਗਿਆ ਹੈ ਕਿ ਅਮਰੀਕਾ ਵਿਚ 500 ਤੋਂ ਵਧ ਗੁਰਦੁਆਰੇ ਹਨ।




ਹਰੇਕ ਗੁਰੂ ਘਰ ਵਿਚ ਸਿੱਖ ਕਦਰਾਂ ਕੀਮਤਾਂ ਦੀ ਝਲਕ ਮਿਲਦੀ ਹੈ ਤੇ ਲੰਗਰ ਬਿਨਾਂ ਕਿਸੇ ਭੇਦਭਾਵ ਜਾਂ ਧਰਮ ਦੇ ਸਭ ਨੂੰ ਛਕਾਇਆ ਜਾਂਦਾ ਹੈ। ਇਥੇ ਵਰਣਨਯੋਗ ਹੈ ਕਿ ਅਮਰੀਕੀ ਸੈਨੇਟਰ ਟੌਡ ਯੰਗ ਤੇ ਬੇਨ ਕਾਰਡਿਨ ਵੱਲੋਂ ਸਿੱਖਾਂ ਦੇ ਯੋਗਦਾਨ ਸਬੰਧੀ ਮਤਾ 31 ਅਕਤੂਬਰ 2019 ਨੂੰ ਪੇਸ਼ ਕੀਤਾ ਗਿਆ ਸੀ ਜਿਸ ਉਪਰ ਸੈਨੇਟ ਨੇ 14 ਨਵੰਬਰ 2019 ਨੂੰ ਮੋਹਰ ਲਾ ਦਿੱਤੀ ਸੀ। ਸੈਨੇਟਰ ਟੌਡ ਯੰਗ ਨੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਪੱਤਰ ਲਿਖਕੇ ਵੀ ਸਿੱਖਾਂ ਵੱਲੋਂ ਮਨੁੱਖਤਾ ਦੀ ਭਲਾਈ ਲਈ ਕੀਤੇ ਜਾ ਰਹੇ ਯਤਨਾਂ ਦੀ ਪ੍ਰਸੰਸਾ ਕੀਤੀ ਹੈ।

# ਸ਼ਿਵ ਸੈਨਾ ਆਗੂ ਵੱਲੋਂ ਅਦਾਕਾਰਾ ਦੀਪਿਕਾ ਪਾਦੂਕੋਨ ਦੀ ਹਮਾਇਤ

## ਤਾਲਿਬਾਨੀ ਢੰਗ ਨਾਲ ਦੇਸ਼ ਨਹੀਂ ਚਲਾਇਆ ਜਾ ਸਕਦਾ: ਰਾਊਤ

**ਮੁੰਬਈ/ਏ.ਟੀ.ਨਿਊਜ਼:** ਸ਼ਿਵ ਸੈਨਾ ਆਗੂ ਸੰਜੈ ਰਾਊਤ ਨੇ ਅਦਾਕਾਰਾ ਦੀਪਿਕਾ ਪਾਦੂਕੋਨ ਦੀ ਹਮਾਇਤ ਕਰਦਿਆਂ ਕਿਹਾ ਹੈ ਕਿ ਜੇਐੱਨਯੂ ’ਚ ਜਾਣ ਕਾਰਨ ਉਸ ਦਾ ਜਾਂ ਉਸ ਦੀ ਫ਼ਿਲਮ ‘ਛਪਾਕ’ ਦਾ ਬਾਈਕਾਟ ਕਰਨਾ ਗਲਤ ਹੈ। ਦੱਸਣਯੋਗ ਹੈ ਕਿ ਅਦਾਕਾਰਾ ਨੂੰ ਭਾਜਪਾ ਆਗੂਆਂ ਵੱਲੋਂ ਆਲੋਚਨਾ ਝੱਲਣੀ ਪੈ ਰਹੀ ਹੈ ਤੇ ਕੁਝ ਹੋਰ ਧੜੇ ਵੀ ਵਿਦਿਆਰਥੀਆਂ ਦੇ ਰੋਸ ਵਿਚ ਸ਼ਾਮਲ ਹੋਣ ਲਈ ਅਦਾਕਾਰਾ ਦਾ ਵਿਰੋਧ ਕਰ ਰਹੇ ਹਨ। ਰਾਜ ਸਭਾ ਮੈਂਬਰ ਰਾਊਤ ਜੋ ਕਿ ਸ਼ਿਵ ਸੈਨਾ ਦੀ ਅਖ਼ਬਾਰ ‘ਸਾਮਨਾ’ ਦੇ ਸੰਪਾਦਕ ਵੀ ਹਨ, ਨੇ ਕਿਹਾ ਕਿ ਮੁਲਕ ਨੂੰ ‘ਤਾਲਿਬਾਨੀ’ ਢੰਗ ਨਾਲ



ਨਹੀਂ ਚਲਾਇਆ ਜਾ ਸਕਦਾ। ਜੇਐੱਨਯੂ ਵਿਚ ਹਿੰਸਾ ਤੋਂ ਬਾਅਦ ਦੀਪਿਕਾ ਦੇ ਵਿਦਿਆਰਥੀਆਂ ਤੇ ਪ੍ਰੋਫੈਸਰਾਂ ਦੇ ਰੋਸ ਵਿਚ ਸ਼ਾਮਲ ਹੋਣ ਮਗਰੋਂ ਕਈ ਉਸ ਵੱਲੋਂ ਪ੍ਰਗਟਾਈ ‘ਸ਼ਾਂਤ ਇਕਜੁੱਟਤਾ’ ਦਾ ਸਮਰਥਨ ਕਰ ਰਹੇ ਹਨ, ਜਦਕਿ ਕਈ ਧਿਰਾਂ ਇਸ ਨੂੰ ਫ਼ਿਲਮ ‘ਛਪਾਕ’ ਦੀ ਮਸ਼ਹੂਰੀ ਲਈ ਕੀਤੀ ਗਤੀਵਿਧੀ ਦੱਸ ਰਹੀਆਂ ਹਨ। ‘ਖੱਬੇਪੱਖੀਆਂ ਦਾ ਸਮਰਥਨ’ ਕਰਨ ਲਈ ਉਸ ਦਾ ਵਿਰੋਧ ਵੀ ਹੋ ਰਿਹਾ ਹੈ। ਤੇਜ਼ਾਬੀ ਹਮਲੇ ਦੀ ਪੀੜਤਾ ’ਤੇ ਆਧਾਰਿਤ ਉਸ ਦੀ ਫ਼ਿਲਮ ਦੇ ਬਾਈਕਾਟ ਦੀ ਆਵਾਜ਼ ਵੀ ਉੱਠੀ ਹੈ। ਮੇਘਨਾ ਗੁਲਜ਼ਾਰ ਵੱਲੋਂ ਨਿਰਦੇਸ਼ਤ ਫ਼ਿਲਮ ਨੂੰ ਮੱਧ ਪ੍ਰਦੇਸ਼ ਤੇ ਛੱਤੀਸਗੜ੍ਹ ਦੀ ਕਾਂਗਰਸ ਸਰਕਾਰ ਨੇ ਟੈਕਸ ਤੋਂ ਛੋਟ ਦਿੱਤੀ ਹੈ।

HOTHI FREIGHTLINES
HOTHI FREIGHTLINES
ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।
• California to Michigan, New Jersey Florida & Texas • Dedicated Load (ਪੱਕੇ ਲੋਡ)



• ਪੈਸਿਆਂ ਦਾ ਭੁਗਤਾਨ ਆਪ ਸਾਨੂੰ ਲੋਡ ਡਲਿਵਰ ਕਰਕੇ ਪੇਪਰ ਦਿਉ ਅਤੇ ਆਪਣੇ ਪੈਸੇ ਲਉ।
• ਸਾਡੇ ਡਿਸਪੈਚਰ ਪੰਜਾਬੀ ਅਤੇ ਇੰਗਲਿਸ਼ ਬੋਲਦੇ ਹਨ।
ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ
ਗੁਰਜੀਤ ਸਿੰਘ ਹੋਠੀ (408) 332-9355
248 South Hillview Dr Milpitas CA 95035

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
Weekly Punjabi Newspaper
Corporate Office
4127 Bay Street, Suite 8
Fremont, CA 94538
Email: asrtimes@gmail.com
Tel: (510) 240-5949
Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਦਲ ਖਾਲਸਾ ਅਤੇ ਅਕਾਲੀ ਦਲ (ਅ) ਵੱਲੋਂ 25 ਜਨਵਰੀ ਨੂੰ ਪੰਜਾਬ ਬੰਦ ਦਾ ਸੱਦਾ

**ਜਲੰਧਰ/ ਏ.ਟੀ. ਨਿਊਜ਼:** ਦਲ ਖਾਲਸਾ ਅਤੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਭਾਰਤ ਦੇ 70ਵੇਂ ਗਣਤੰਤਰ ਦਿਵਸ ਮੌਕੇ ਸੰਘ ਪਰਿਵਾਰ ਅਤੇ ਮੋਦੀ ਹਕੂਮਤ ਦੇ ਹਿੰਦੂ ਰਾਸ਼ਟਰ ਦੇ ਏਜੰਡੇ ਵਿਰੁੱਧ ਪੰਜਾਬ ਬੰਦ ਦਾ ਸੱਦਾ ਦਿੱਤਾ ਹੈ।




ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਦਲ ਖਾਲਸਾ ਦੇ ਪ੍ਰਧਾਨ ਹਰਪਾਲ ਸਿੰਘ ਚੀਮਾ ਅਤੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ ਇਹ ਬੰਦ ਭਾਜਪਾ ਦੇ ਹਿੰਦੂ ਰਾਸ਼ਟਰ ਦੇ ਏਜੰਡੇ, ਮੋਦੀ ਸਰਕਾਰ ਵੱਲੋਂ ਲੋਕ ਵਿਰੋਧੀ ਕਾਨੂੰਨਾਂ ਅਤੇ ਸੰਵਿਧਾਨਕ ਬੇਇਨਸਾਫੀਆਂ ਦੇ ਵਿਰੋਧ ਵਿੱਚ ਹੋਵੇਗਾ।

ਦੋਨਾਂ ਆਗੂਆਂ ਨੇ ਐਲਾਨ ਕੀਤਾ ਕਿ 26 ਜਨਵਰੀ ਨੂੰ ਐਤਵਾਰ ਦੀ ਛੁੱਟੀ ਹੋਣ ਕਾਰਣ 25 ਜਨਵਰੀ ਨੂੰ ਪੰਜਾਬ ਮੁਕੰਮਲ ਬੰਦ ਰਹੇਗਾ। ਉਹਨਾਂ ਕਿਹਾ ਕਿ ਬੰਦ ਮੋਦੀ ਸਰਕਾਰ ਦੀਆਂ ਤਮਾਮ ਫਿਰਕੂ ਅਤੇ ਤਾਨਾਸ਼ਾਹੀ ਫੈਸਲਿਆਂ ਦੇ ਵਿਰੁੱਧ ਪੰਜਾਬ ਦਾ ਫਤਵਾ ਹੋਵੇਗਾ। ਉਹਨਾਂ ਕਿਹਾ ਕਿ ਇਹ ਬੰਦ ਪੰਜਾਬ ਦੇ ਹਰ ਵਰਗ ਦੀ ਆਵਾਜ਼ ਬਣੇਗਾ।

ਸਰਦਾਰ ਮਾਨ ਨੇ ਕਿਹਾ ਕਿ ਕਿਹਾ ਕਿ ਕਸ਼ਮੀਰ ਅੰਧਰ ਧਾਰਾ ੩੭੦ ਨੂੰ ਰੱਦ ਕਰਨਾ, ਅਦਾਲਤ ਦਾ ਫੈਸਲਾ ਰਾਮ ਮੰਦਿਰ ਦੇ ਹੱਕ ਵਿੱਚ ਕਰਵਾਉਣਾ ਅਤੇ ਹੁਣ ਨਾਗਰਿਕਤਾ ਸੋਧ ਕਾਨੂੰਨ ਬਣਾਉਣਾ ਅਤੇ ਐਨ.ਆਰ.ਸੀ. ਦਾ ਪ੍ਰਸਤਾਵ ਆਉਣਾ ਸਿੱਧ ਕਰਦਾ ਹੈ ਕਿ ਸੰਘ ਪਰਵਾਰ ਅਤੇ ਭਾਜਪਾ ਨੇ ਭਾਰਤ ਨੂੰ ਹਿੰਦੂ ਰਾਸ਼ਟਰ ਵਿਚ ਬਦਲਣ ਦਾ ਅਮਲ ਸ਼ੁਰੂ ਕਰ ਦਿੱਤਾ ਹੈ। ਉਨਾਂ ਕਿਹਾ ਕਿ ਪੰਜਾਬ ਬੰਦ ਸੰਘੀਆਂ ਦੇ ਇਹਨਾਂ ਮਨਸੂਬਿਆਂ ਨੂੰ ਕਰਾਰਾ ਜੁਆਬ ਹੋਵੇਗਾ।

ਹਰਪਾਲ ਸਿੰਘ ਚੀਮਾ ਨੇ ਬੰਦ ਦੇ ਸੱਦੇ ਦੇ ਕਾਰਨ ਦਸਦਿਆ ਕਿਹਾ ਕਿ ਮੋਦੀ ਸਰਕਾਰ ਦਾ ਸਜ਼ਾਵਾਂ ਪੂਰੀਆਂ ਕਰ ਚੁੱਕੇ ਸਿੱਖ ਕੈਦੀਆਂ ਨੂੰ ਰਿਹਾ ਕਰਨ ਤੋਂ ਮੁਕਰਨਾ, ਪੁਰੀ ਵਿਖੇ ਗੁਰੂ ਨਾਨਕ ਮੰਗੂ ਮੱਠ ਨੂੰ ਢਾਹੁਣਾ, ਦਿੱਲੀ ਵਿਖੇ ਭਗਤ ਰਵਿਦਾਸ ਜੀ ਦਾ ਮੰਦਰ ਢਹਿ ਢੇਰੀ ਕਰਨਾ, ਜਾਮੀਆ, ਏ.ਐੱਮ.ਯੂ. ਦੇ ਵਿਦਿਆਰਥੀਆਂ 'ਤੇ ਰਾਜ ਪੁਲਿਸ ਵੱਲੋਂ ਅਤੇ ਜੇ.ਐਨ.ਯੂ ਦੇ ਵਿਦਿਆਰਥੀਆਂ 'ਤੇ ਬੀਜੇਪੀ ਦੇ ਵਿਦਿਆਰਥੀ ਵਿੰਗ ਏਬੀਵੀਪੀ ਦੇ ਗੁੰਡਿਆਂ ਦੁਆਰਾ ਬੇਰਹਿਮੀ ਨਾਲ ਕੁੱਟਮਾਰ ਕਰਨਾ ਆਦਿ ਸ਼ਾਮਿਲ ਹਨ।

ਦਲ ਖਾਲਸਾ ਆਗੂ ਹਰਚਰਨਜੀਤ ਸਿੰਘ ਧਾਮੀ ਨੇ ਸਖ਼ਤ ਟਿੱਪਣੀ ਕਰਦਿਆਂ ਕਿਹਾ ਕਿ ਜੇਕਰ ਮੋਦੀ-ਸ਼ਾਹ ਜੋੜੀ ਇਸ ਭਰਮ ਵਿੱਚ ਹੈ ਕਿ ਉਹ ਨਾਗਰਿਕਤਾ ਕਾਨੂੰਨ ਵਰੁਧ ਦੇਸ਼ ਭਰ ਵਿਚ ਉਠੀ ਲੋਕ ਲਹਿਰ ਨੂੰ ਡੰਡੇ ਜਾ ਗੋਲ਼ੀਆਂ ਦੇ ਜ਼ੋਰ ਨਾਲ ਦਬਾ ਲੈਣਗੇ ਤਾਂ ਅਸੀਂ ਵੀ ਦੱਸਣਾ ਚਾਹੁੰਦੇ ਹਾਂ ਕਿ ਸਾਨੂੰ ਵੀ ਕੰਡਿਆਂ ਦੀ ਸੂਲ 'ਤੇ ਚੱਲਣ ਦੀ ਆਦਤ ਹੈ। ਉਹਨਾਂ ਕਿਹਾ ਸੱਤਾਧਾਰੀ ਪਾਰਟੀ ਦਾ ਹੰਕਾਰ ਇਸ ਵਾਰ ਜਾਗਰੂਕ ਅਤੇ ਚੇਤੰਨ ਲੋਕ ਜ਼ਰੂਰ ਤੋੜਨਗੇ।

ਦਲ ਖਾਲਸਾ ਦੇ ਬੁਲਾਰੇ ਕੰਵਰਪਾਲ ਸਿੰਘ ਨੇ ਪੰਜਾਬ ਦੇ ਮੁਸਲਮਾਨਾਂ, ਇਸਾਈਆਂ, ਹਿੰਦੂਆਂ, ਦਲਿਤਾਂ ਅਤੇ ਸਿੱਖਾਂ ਨੂੰ ਅਪੀਲ ਕੀਤੀ ਕਿ ਉਹ ੨੫ ਜਨਵਰੀ ਨੂੰ ਆਪਣੇ ਵਿਦਿਅਕ ਅਤੇ ਵਪਾਰਕ ਅਦਾਰਿਆਂ, ਬੈਂਕ, ਪੈਟਰੋਲ ਪੰਪਾਂ ਨੂੰ ਬੰਦ ਰੱਖਣ ਤਾਂ ਜੋ ਦਿੱਲੀ ਦੀ ਮੋਦੀ-ਸ਼ਾਹ ਸਰਕਾਰ ਨੂੰ ਕਰਾਰਾ ਸੁਨੇਹਾ ਦਿੱਤਾ ਜਾ ਸਕੇ ਕਿ ਪੰਜਾਬ ਭਾਜਪਾ ਦੀ ਫਾਸ਼ੀਵਾਦੀ ਵਿਚਾਰਧਾਰਾ ਦੇ ਵਿਰੋਧ ਵਿੱਚ ਖੜਾ ਹੈ।

ਉਹਨਾਂ ਨੇ ਸਪੱਸ਼ਟ ਕੀਤਾ ਕਿ ਹਸਪਤਾਲ ਅਤੇ ਦਵਾਈਆਂ ਦੀਆਂ ਦੁਕਾਨਾਂ ਸਮੇਤ ਡਾਕਟਰੀ ਸਹੂਲਤਾਂ ਵਾਲੇ ਅਦਾਰੇ ਬੰਦ ਦੇ ਸੱਦੇ ਤੋਂ ਬਾਹਰ ਹਨ।

ਸਿੱਖ ਯੂਥ ਆਫ਼ ਪੰਜਾਬ ਦੇ ਮੁਖੀ ਪਰਮਜੀਤ ਸਿੰਘ ਮੰਡ ਨੇ ਕਿਹਾ ਕਿ ਹੜਤਾਲ ਸ਼ਾਂਤਮਈ ਰਹੇਗੀ ਅਤੇ ਰੇਲ ਆਵਾਜਾਈ ਵਿੱਚ ਰੁਕਾਵਟ ਨਹੀਂ ਪਾਈ ਜਾਵੇਗੀ।

# ਇਰਾਨ ਨੇ ਬਰਤਾਨੀਆ ਦੇ ਰਾਜਦੂਤ ਨੂੰ ਹਿਰਾਸਤ 'ਚ ਲਿਆ

**ਤਹਿਰਾਨ/ਏ.ਟੀ.ਨਿਊਜ਼:** ਇਰਾਨ ਦੀ ਰਾਜਧਾਨੀ ਤਹਿਰਾਨ ਵਿਚ ਸ਼ਨਿਚਰਵਾਰ ਨੂੰ ਯੂਕਰੇਨੀ ਜਹਾਜ਼ ਹਾਦਸੇ ਦੇ ਮ੍ਰਿਤਕਾਂ ਨੂੰ ਸ਼ਰਧਾਂਜਲੀ ਦੇਣ ਸਬੰਧੀ ਇਕ ਸਮਾਗਮ ਰੋਸ ਮੁਜ਼ਾਹਰੇ ਵਿਚ ਤਬਦੀਲ ਹੋ ਗਿਆ। ਪੁਲਿਸ ਨੇ ਇਸ ਸਮਾਗਮ ਵਿਚ ਹਿੱਸਾ ਲੈਣ 'ਤੇ ਬਰਤਾਨੀਆ ਦੇ ਰਾਜਦੂਤ ਰੌਬ ਮੈਕੇਅਰ ਨੂੰ ਹਿਰਾਸਤ ਵਿਚ ਲੈ ਲਿਆ। ਦੱਸਣਯੋਗ ਹੈ ਕਿ ਇਰਾਨੀ ਮਿਜ਼ਾਈਲ ਵੱਜਣ ਨਾਲ ਯੂਕਰੇਨ ਦਾ ਜਹਾਜ਼ ਹਾਦਸਾਗ੍ਰਸਤ ਹੋ ਗਿਆ ਸੀ ਤੇ 176 ਜਣੇ ਮਾਰੇ ਗਏ ਸਨ। ਰੌਬ ਨੇ ਕਿਹਾ ਕਿ ਉਹ ਵਿਦਿਆਰਥੀਆਂ ਵੱਲੋਂ ਰੱਖੇ ਇਸ ਸ਼ਾਂਤੀਪੂਰਨ ਸਮਾਗਮ ਵਿਚ ਸ਼ਾਮਲ ਹੋਣ ਲਈ ਗਿਆ ਸੀ ਤੇ ਉਸ ਨੂੰ ਨਹੀਂ ਪਤਾ ਸੀ ਕਿ ਮਗਰੋਂ ਰੋਸ ਮੁਜ਼ਾਹਰਾ ਕੀਤਾ ਜਾਵੇਗਾ। ਜਹਾਜ਼ ਹਾਦਸੇ ਦੇ ਮ੍ਰਿਤਕਾਂ ਵਿਚ ਕੁਝ ਬਰਤਾਨਵੀ ਵੀ ਸ਼ਾਮਲ ਸਨ। ਰਾਜਦੂਤ ਨੇ ਕਿਹਾ ਕਿ ਉਹ ਪੰਜ ਮਿੰਟ ਬਾਅਦ ਹੀ ਨਿਕਲ ਆਇਆ ਪਰ ਮਗਰੋਂ ਨਾਅਰੇਬਾਜ਼ੀ ਸ਼ੁਰੂ ਹੋ ਗਈ। ਰੌਬ ਨੇ ਕਿਹਾ ਕਿ ਉਸ ਨੂੰ ਕਰੀਬ ਅੱਧੇ ਘੰਟੇ ਬਾਅਦ ਹਿਰਾਸਤ ਵਿਚ ਲੈ ਲਿਆ ਗਿਆ। ਕੁਝ ਰਿਪੋਰਟਾਂ ਮੁਤਾਬਕ ਬਰਤਾਨਵੀ ਦੂਤ 'ਤੇ ਮੁਜ਼ਾਹਰੇ ਦਾ ਪ੍ਰਬੰਧ ਕਰਨ ਤੇ ਭੜਕਾਉਣ ਦਾ ਸ਼ੱਕ ਜਤਾਇਆ ਗਿਆ ਸੀ। ਰਾਜਦੂਤ ਨੂੰ ਇਰਾਨ 'ਚੋਂ ਕੱਢਣ ਦੀ ਮੰਗ ਵੀ ਕੀਤੀ ਗਈ ਹੈ। ਮ੍ਰਿਤਕਾਂ ਨੂੰ ਸ਼ਰਧਾਂਜਲੀ ਦੇਣ ਲਈ ਇਹ ਸਮਾਗਮ ਅਮੀਰ ਕਬੀਰ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੇ ਰੱਖਿਆ ਸੀ। ਅਮਰੀਕਾ ਨਾਲ ਟਕਰਾਅ ਦੌਰਾਨ ਗਲਤੀ ਨਾਲ ਯੂਕਰੇਨੀ ਜਹਾਜ਼ ਡੇਗਣ ਬਾਰੇ ਮੰਨੇ ਜਾਣ ਤੋਂ ਬਾਅਦ ਤਹਿਰਾਨ 'ਚ ਰੋਸ ਪ੍ਰਦਰਸ਼ਨਾਂ ਦੀ ਸੰਭਾਵਨਾ ਦੇ ਮੱਦੇਨਜ਼ਰ ਦੰਗਾ ਵਿਰੋਧੀ ਪੁਲਿਸ ਤਾਇਨਾਤ ਕਰ ਦਿੱਤੀ ਗਈ ਹੈ। ਚੌਕ ਵਿਚ ਇਕ ਵੱਡਾ ਕਾਲਾ ਬੈਨਰ ਵੀ ਲਾਇਆ ਗਿਆ ਜਿਸ 'ਤੇ ਮ੍ਰਿਤਕਾਂ ਦੇ ਨਾਂ ਲਿਖੇ ਹੋਏ ਹਨ। ਲੋਕਾਂ ਨੇ ਚੋਟੀ ਦੇ ਆਗੂ ਅਯਾਤੁੱਲਾ ਅਲੀ ਖ਼ਮੇਨੀ ਸਣੇ ਹੋਰਾਂ ਖ਼ਿਲਾਫ਼ ਨਾਅਰੇਬਾਜ਼ੀ ਕੀਤੀ। ਪੁਲਿਸ ਨੇ ਇਸ ਮੌਕੇ ਅੱਥਰੂ ਗੈਸ ਦੀ ਵਰਤੋਂ ਕੀਤੀ। ਇਰਾਨ ਦੇ ਮੀਡੀਆ ਨੇ ਜਹਾਜ਼ ਹਾਦਸੇ 'ਤੇ ਧਿਆਨ ਕੇਂਦਰਤ ਕੀਤਾ ਹੈ ਤੇ ਜ਼ਿੰਮੇਵਾਰਾਂ ਤੋਂ ਮੁਆਫ਼ੀ ਅਤੇ ਅਸਤੀਫ਼ਾ ਮੰਗਿਆ ਹੈ। ਰੈਵੋਲਿਊਸ਼ਨਰੀ ਗਾਰਡਜ਼ ਨੇ ਅੱਜ ਸੰਸਦ ਨੂੰ ਜਨਰਲ ਸੁਲੇਮਾਨੀ ਦੀ ਹੱਤਿਆ, ਤਹਿਰਾਨ ਦੀ ਜਵਾਬੀ ਕਾਰਵਾਈ ਤੇ ਇਸੇ ਦੌਰਾਨ ਇਰਾਨੀ ਮਿਜ਼ਾਈਲ ਨਾਲ ਯੂਕਰੇਨੀ ਜਹਾਜ਼ ਡਿਗਣ ਦੀਆਂ ਘਟਨਾਵਾਂ ਬਾਰੇ ਜਾਣੂ ਕਰਵਾਇਆ ਹੈ।





When tired of all treatments for
any disease at any age Try
HOMEOPATHIC
Experienced Consultant Physician since 1973
American Red Cross
ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੁਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568



GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ Listen live on Radio 1170
'Jus Punjabi TV' & Face Book Every Saturday 09:00 AM, Live on 'Jus Punjabi TV' Sunday 4:00 A.M.

BSons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!




Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.302.0512, 916.340.8100 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533
4200 North Boulevard Street No. 1B, Sacramento, CA, 95834



# ਦਸ਼ਮੇਸ਼ ਪੁਰਬ ਸਮਾਗਮ ਦੌਰਾਨ ਮੰਡਾਲਾ ਛੰਨਾ ਵਿਖੇ 15 ਪਰਿਵਾਰ ਸਿੱਖੀ 'ਚ ਸ਼ਾਮਲ



**ਜਲੰਧਰ/ਬਲਵਿੰਦਰ ਪਾਲ ਸਿੰਘ:** ਪੰਜ ਜਨਵਰੀ ਨੂੰ ਹੜ ਪੀੜਤ ਮੰਡਾਲਾ ਛੰਨਾ ਲੋਹੀਆ ਜਲੰਧਰ ਵਿਚ ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਨੇ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਉਤਸਵ ਮਨਾਇਆ ਤੇ ਇਸ ਪਿੰਡ ਨੂੰ ਸਿੱਖੀ ਦਾ ਮਾਡਲ ਪਿੰਡ ਬਨਾਉਣ ਲਈ ਉਦਘਾਟਨ ਜਥੇਦਾਰ ਸੁਖਦੇਵ ਸਿੰਘ ਭੌਰ ਸਾਬਕਾ ਐਕਟਿੰਗ ਪ੍ਰਧਾਨ ਸ਼੍ਰੋਮਣੀ ਕਮੇਟੀ ਨੇ ਕੀਤਾ। ਇਸ ਦੌਰਾਨ ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਦੇ ਪ੍ਰਚਾਰ ਤੋਂ ਪ੍ਰਭਾਵਿਤ ਹੋ ਕੇ 15 ਗਰੀਬ ਪਰਿਵਾਰਾਂ ਨੇ ਪਤਿਤਪੁਣਾ ਤਿਆਗ ਕੇ ਸਿੱਖ ਧਰਮ ਨਾਲ ਜੁੜਨ ਦਾ ਐਲਾਨ ਕਰ ਦਿੱਤਾ ਹੈ। ਇਸ ਤੋਂ ਇਲਾਵਾ ਸਿੱਖ ਤੋਂ ਬਣੇ ਇਸਾਈ ਪਰਿਵਾਰ ਨੇ ਵੀ ਗੁਰਦੁਆਰੇ ਵਿਚ ਸਿੱਖ ਧਰਮ ਵਿਚ ਸ਼ਾਮਲ ਹੋਣ ਦਾ ਐਲਾਨ ਕੀਤਾ। ਜਥੇਬੰਦੀ ਦੇ ਸਕੱਤਰ ਪ੍ਰੋ. ਬਲਵਿੰਦਰਪਾਲ ਸਿੰਘ ਨੇ ਦੱਸਿਆ ਕਿ ਵਿਸਾਖੀ ਦੇ ਨੇੜੇ ਹੋਰ ਪਰਿਵਾਰ ਵੀ ਸਿੱਖੀ ਵਿਚ ਸ਼ਾਮਲ ਹੋਣਗੇ।

ਇੱਥੇ ਜ਼ਿਕਰਯੋਗ ਹੈ ਕਿ ਕਿਰਤੀਆਂ, ਗਰੀਬ ਲੋਕਾਂ ਦਾ ਇਹ ਪਿੰਡ ਸ. ਰਜਿੰਦਰ ਸਿੰਘ ਪੁਰੇਵਾਲ ਚੇਅਰਮੈਨ ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਦੀ ਹਦਾਇਤਾਂ 'ਤੇ ਗੋਦ ਵਿਚ ਲਿਆ ਸੀ। ਹੜਾਂ ਦੌਰਾਨ ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਨੇ ਇਥੇ ਗਰੀਬ ਲੋਕਾਂ ਦੀ ਬਾਂਹ ਫੜੀ ਸੀ। ਗੁਰਦੁਆਰਾ ਜੋ ਤਬਾਹ ਹੋ ਗਿਆ ਉਹ ਗੁਰੂ ਗੋਬਿੰਦ ਸਿੰਘ ਜੀ ਦੇ ਗੁਰਪੁਰਬ ਦੌਰਾਨ ਖੂਬਸੂਰਤ ਬਣਾਕੇ ਪਿੰਡ ਨੂੰ ਸੌਂਪ ਦਿੱਤਾ ਤੇ ਇਸ ਦੀ ਪ੍ਰਬੰਧਕ ਕਮੇਟੀ ਵੀ ਬਣਾ ਦਿੱਤੀ ਗਈ। ਇਸ ਗੁਰਦੁਆਰੇ ਨੂੰ ਗੁਰੂ ਗਿਆਨ, ਸਮਾਜਕ ਵਿਦਿਆ, ਸਮਾਜ ਤਬਦੀਲੀ, ਮੈਡੀਕਲ ਸਹੂਲਤਾਂ ਦਾ ਕੇਂਦਰ ਬਣਾਇਆ ਜਾ ਰਿਹਾ ਹੈ।

**ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਨੇ ਗਿਆਨੀ ਦਿੱਤ ਸਿੰਘ ਤੋਂ ਪ੍ਰੇਰਨਾ ਲੈ ਕੇ ਸਿੱਖ ਜਾਗ੍ਰਿਤੀ ਲਹਿਰ ਸ਼ੁਰੂ ਕੀਤੀ**

**ਤਿੰਨ ਮੈਡੀਕਲ ਕੈਂਪ ਅੱਖਾਂ, ਕੰਨਾਂ, ਤੇ ਜਰਨਲ ਦਾ ਲਗਾਇਆ**

ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਨੇ ਜਥੇਦਾਰ ਪਰਮਿੰਦਰਪਾਲ ਸਿੰਘ ਦੀ ਅਗਵਾਈ ਵਿਚ ਤਿੰਨ ਮੈਡੀਕਲ ਕੈਂਪ ਅੱਖਾਂ, ਦੰਦਾਂ, ਜਰਨਲ ਦਾ ਗੁਰਦੁਆਰੇ ਵਿਚ ਲਗਾਇਆ। ਸੰਗਤ ਗੁਰਦੁਆਰੇ ਅੰਦਰ, ਬਾਹਰ ਵਿਹੜੇ ਤੇ ਮੈਦਾਨ ਵਿਚ ਭਰੀ ਹੋਈ ਸੀ। ਪੰਦਰਾ ਸੌ ਦੇ ਕਰੀਬ ਸੰਗਤ ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਦੇ ਬੁਲਾਰਿਆ ਨੂੰ ਧਿਆਨ ਨਾਲ ਸੁਣ ਰਹੀਂ ਸੀ। ਜਥੇਬੰਦੀ ਦੇ ਪ੍ਰਮੁੱਖ ਸੇਵਾਦਾਰ ਪਰਮਿੰਦਰ ਪਾਲ ਸਿੰਘ ਖਾਲਸਾ ,ਜਥੇਦਾਰ ਸੁਖਦੇਵ ਸਿੰਘ ਭੌਰ ਸਾਬਕਾ ਐਕਟਿੰਗ ਪ੍ਰਧਾਨ ਸ਼੍ਰੋਮਣੀ ਕਮੇਟੀ, ਜਥੇਦਾਰ ਜਗਜੀਤ ਸਿੰਘ ਗਾਬਾ ਪ੍ਰਧਾਨ ਗੁਰਦੁਆਰਾ ਨੌਵੀਂ ਪਾਤਸ਼ਾਹੀ ਗੁਰੂ ਤੇਗ ਬਹਾਦਰ ਨਗਰ ਜਲੰਧਰ, ਪ੍ਰੋ. ਬਲਵਿੰਦਰਪਾਲ ਸਿੰਘ ਸਕੱਤਰ, ਡਾ. ਗੁਰਵਿੰਦਰ ਸਿੰਘ ਧਾਲੀਵਾਲ ਪ੍ਰਧਾਨ ਕੈਨੇਡਾ ਯੂਨਿਟ, ਸਰਦਾਰ ਬਲਬੀਰ ਸਿੰਘ ਨਿਝਰ ਪ੍ਰਧਾਨ ਗੁਰਦੁਆਰਾ ਸਿੰਘ ਸਭਾ ਸਰੀ, ਜਥੇਦਾਰ ਮਹਿੰਦਰ ਸਿੰਘ ਮਹਿਸਮਪੁਰ, ਕੈਨੇਡਾ, ਦਲ ਖਾਲਸਾ ਦੇ ਭਾਈ ਤੇਜਿੰਦਰਪਾਲ ਸਿੰਘ ਹਾਈਜੈਕਰ ਆਦਿ ਮੌਜੂਦ ਸਨ। ਇਸ ਮੌਕੇ ਬਸੰਤੀ ਰੰਗ ਦਾ ਨਿਸ਼ਾਨ ਸਾਹਿਬ ਲਹਿਰਾ ਕੇ ਸਿਖਾਂ ਦੇ ਨਿਸ਼ਾਨ ਸਾਹਿਬ ਦੇ ਹੋ ਰਹੇ ਭਗਵੇਕਰਨ ਨੂੰ ਚੁਣੌਤੀ ਦਿੱਤੀ ਗਈ।

ਜਥੇਦਾਰ ਸੁਖਦੇਵ ਸਿੰਘ ਭੌਰ ਨੇ ਕਿਹਾ ਕਿ ਸਮੁੱਚਾ ਸਿਖ ਜਗਤ ਭਗਵੇਵਾਦ ਨੂੰ ਤਿਆਗ ਕੇ ਬਸੰਤੀ ਜਾਂ ਸੁਰਮਈ ਨਿਸ਼ਾਨ ਲਹਿਰਾਵੇ। ਇਹੀ ਨਿਸ਼ਾਨ ਸਾਹਿਬ ਸਿੱਖ ਪੰਥ ਦੀ ਵੱਖਰੀ ਹੋਂਦ ਦਾ ਪ੍ਰਗਟਾਵਾ ਹਨ। ਪਰਮਿੰਦਰਪਾਲ ਸਿੰਘ ਖਾਲਸਾ ਨੇ ਦੱਸਿਆ ਕਿ ਅਕਾਲ ਤਖਤ ਸਾਹਿਬ ਵਲੋਂ ਪਰਵਾਨਿਤ ਸਿਖ ਰਹਿਤ ਮਰਿਯਾਦਾ ਅਨੁਸਾਰ ਨਿਸ਼ਾਨ ਸਾਹਿਬ ਦਾ ਰੰਗ ਸੁਰਮਈ ਹੈ ਤੇ ਬਸੰਤੀ ਹੈ। ਪਰ ਇਕ ਸਾਜਿਸ਼ ਤਹਿਤ ਭਗਵੇਂ ਪਰਭਾਵ ਅਧੀਨ ਨਿਸ਼ਾਨ ਸਾਹਿਬ ਦੇ ਰੰਗ ਭਗਵੇਂ ਕਰ ਦਿਤੇ ਹਨ ਤੇ ਅਸੀਂ ਇਸ ਸੰਬੰਧੀ ਇਸ ਪਿੰਡ ਤੋਂ ਗੁਰੂ ਪਰੰਪਰਾ ਅਨੁਸਾਰ ਬਸੰਤੀ ਨਿਸ਼ਾਨ ਸਾਹਿਬ ਲਹਿਰਾ ਕੇ ਸਮੁੱਚੇ ਪੰਥ ਨੂੰ ਸੁਨੇਹਾ ਦਿੱਤਾ ਹੈ ਕਿ ਉਹ ਬਸੰਤੀ ਨਿਸ਼ਾਨ ਸਾਹਿਬ ਨਾਲ ਜੁੜਨ ਤੇ ਦਰਬਾਰ ਸਾਹਿਬ ਦੇ ਆਲੇ-ਦੁਆਲੇ ਦੇ ਸਾਰੇ ਨਿਸ਼ਾਨ ਸਾਹਿਬ ਭਗਵਿਆਂ ਦੀ ਥਾਂ ਬਸੰਤੀ ਜਾਂ ਸੁਰਮਈ ਹੋਣੇ ਚਾਹੀਦੇ ਹਨ।

ਬਾਕੀ ਸਫ਼ਾ 33 'ਤੇ

# ਗੌਰੀ ਲੰਕੇਸ਼ ਕਤਲ ਕੇਸ ਵਿਚ ਭਗੌੜਾ ਦੋਸ਼ੀ ਗ੍ਰਿ਼ਫਤਾਰ



**ਬੰਗਲੁਰ/ਬਲਵਿੰਦਰ ਪਾਲ ਸਿੰਘ:** ਪੱਤਰਕਾਰ ਗੌਰੀ ਲੰਕੇਸ਼ ਦੀ ਹੱਤਿਆ ਦੇ ਮਾਮਲੇ ਦੀ ਜਾਂਚ ਕਰ ਰਹੀ ਵਿਸ਼ੇਸ਼ ਜਾਂਚ ਟੀਮ ਨੇ ਇਕ ਵਿਅਕਤੀ ਰੁਸ਼ੀਕੇਸ਼ ਦੇਵੜੀਕਰ ਉਰਫ਼ ਮੁਰਲੀ (44) ਨੂੰ ਗ੍ਰਿ਼ਫਤਾਰ ਕੀਤਾ ਹੈ ਜੋ ਕਿ ਭਗੌੜਾ ਸੀ। ਉਹ ਝਾਰਖੰਡ ਦੇ ਧਨਬਾਦ ਜ਼ਿਲੇ ਵਿਚ ਲੁਕਿਆ ਹੋਇਆ ਸੀ। ਖੱਬੇ ਪੱਖੀ ਪੱਤਰਕਾਰ ਲੰਕੇਸ਼ ਦੀ ਘਰ ਦੇ ਬਾਹਰ 5 ਸਤੰਬਰ, 2017 ਨੂੰ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ।

# ਸੁਪਰੀਮ ਕੋਰਟ ਵਲੋਂ ਸੁਖਬੀਰ ਬਾਦਲ ਤੇ ਮਜੀਠੀਆ ਨੂੰ ਝਟਕਾ



**ਚੰਡੀਗੜ/ਬਲਵਿੰਦਰ ਪਾਲ ਸਿੰਘ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਤੇ ਸੀਨੀਅਰ ਅਕਾਲੀ ਲੀਡਰ ਬਿਕਰਮ ਮਜੀਠੀਆ ਦੀਆਂ ਮੁਸ਼ਕਲਾਂ ਵਧਦੀਆਂ ਨਜ਼ਰ ਆਉਂਦੀਆਂ ਹਨ। ਦੋਵਾਂ ਲੀਡਰਾਂ ਨੂੰ ਸੁਪਰੀਮ ਕੋਰਟ ਨੇ ਨੋਟਿਸ ਜਾਰੀ ਕਰ ਦਿੱਤਾ ਹੈ। ਅਦਾਲਤ ਨੇ ਇਹ ਨੋਟਿਸ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਹੱਤਕ ਦੇ ਇਲਜ਼ਾਮ ਵਿਚ ਕੀਤਾ ਹੈ। ਸੁਪਰੀਮ ਕੋਰਟ ਨੇ ਸੁਖਬੀਰ ਬਾਦਲ ਤੇ ਅਕਾਲੀ ਦਲ ਦੇ ਜਨਰਲ ਸਕੱਤਰ ਬਿਕਰਮ ਮਜੀਠੀਆ ਨੂੰ ਨੋਟਿਸ ਜਾਰੀ ਕਰ ਕਰਕੇ ਜਵਾਬ ਮੰਗਿਆ ਹੈ। ਯਾਦ ਰਹੇ ਪੰਜਾਬ ਤੇ ਹਰਿਆਣਾ ਹਾਈਕੋਰਟ ਵੱਲੋਂ ਕੇਸ ਨੂੰ ਨਾ ਸੁਣਨ ਮਗਰੋਂ ਜਸਟਿਸ ਰਣਜੀਤ ਸਿੰਘ ਵੱਲੋਂ ਸੁਪਰੀਮ ਕੋਰਟ ਵਿੱਚ ਚੁਣੌਤੀ ਦਿੱਤੀ ਗਈ ਸੀ। ਇਸ ਮਾਮਲੇ ਦੀ ਸੁਣਵਾਈ ਕਰਦਿਆਂ ਸੁਪਰੀਮ ਕੋਰਟ ਨੇ ਅਕਾਲੀ ਦਲ ਦੇ ਦੋਵੇਂ ਆਗੂਆਂ ਨੂੰ ਨੋਟਿਸ ਜਾਰੀ ਕੀਤਾ ਹੈ। ਦੱਸ ਦਈਏ ਕਿ ਦੋਵਾਂ ਲੀਡਰਾਂ ਨੇ ਜਸਟਿਸ ਰਣਜੀਤ ਸਿੰਘ ਦੀ ਰਿਪੋਰਟ ਦਾ ਨਿਰਾਦਰ ਖਰਦਿਆਂ ਕਮਿਸ਼ਨ ਉਪਰ ਵੀ ਬੇਹੱਦ ਨਿੱਜੀ ਟਿੱਪਣੀਆਂ ਕੀਤੀਆਂ ਸਨ। ਜਸਟਿਸ ਰਣਜੀਤ ਸਿੰਘ ਉਪਰ ਕਾਂਗਰਸੀ ਪੱਖੀ ਹੋਣ ਦੇ ਇਲਜ਼ਾਮ ਲਾਏ ਸੀ। ਜਸਟਿਸ ਰਣਜੀਤ ਸਿੰਘ ਨੇ ਇਸ ਨੂੰ ਕਾਨੂੰਨੀ ਦਾ ਮਜ਼ਾਕ ਕਰਾਰ ਦਿੰਦਿਆਂ ਦਾਅਵਾ ਕੀਤਾ ਸੀ ਕਿ ਉਨਾਂ ਦਾ ਵੀ ਅਪਮਾਨ ਕੀਤਾ ਗਿਆ ਹੈ।

# ਸਕਾਟਲੈਂਡ ਦੀ ਅਜ਼ਾਦੀ ਲਈ ਸੜਕਾਂ 'ਤੇ ਆਏ ਹਜ਼ਾਰਾਂ ਸਕਾਟਿਸ਼;

## ਦੂਜੀ ਵਾਰ ਰੈਫਰੈਂਡਮ ਕਰਾਉਣ ਦੀ ਮੰਗ

**ਗਲਾਸਗੋ, (ਅੰਮ੍ਰਿਤਸਰ ਟਾਈਮਜ਼ ਬਿਊਰੋ):** ਯੂਨਾਈਟਿਡ ਕਿੰਗਡਮ (ਬਰਤਾਨੀਆ) ਦੇ ਰਾਜ ਨਾਲੋਂ ਵੱਖ ਆਪਣੇ ਅਜ਼ਾਦ ਦੇਸ਼ ਦੀ ਮੰਗ ਕਰਦੇ ਸਕਾਟਲੈਂਡ ਦੇ ਹਜ਼ਾਰਾਂ ਲੋਕ ਗਾਲਸਗੋਅ ਸ਼ਹਿਰ ਦੀਆਂ ਸੜਕਾਂ 'ਤੇ ਆਏ। ਮੀਂਹ ਅਤੇ ਝੱਖੜ ਵੀ ਇਹਨਾਂ ਲੋਕਾਂ ਦੀ ਅਜ਼ਾਦੀ ਦੀ ਤਾਂਘ ਨੂੰ ਮੱਧਮ ਨਾ ਕਰ ਸਕਿਆ। ਇਹ ਲੋਕ ਯੂਨਾਈਟਿਡ ਕਿੰਗਡਮ ਤੋਂ ਵੱਖ ਹੋਣ ਲਈ ਇੱਕ ਹੋਰ ਰਾਇਸ਼ੁਮਾਰੀ (ਰਿਫਰੈਂਡਮ) ਕਰਾਉਣ ਦੀ ਮੰਗ ਕਰ ਰਹੇ ਹਨ। ਅੰਦਾਜ਼ੇ ਮੁਤਾਬਿਕ ਇਸ ਇਕੱਠ ਵਿੱਚ 80,000 ਲੋਕਾਂ ਨੇ ਭਾਗ ਲਿਆ।

ਅਜ਼ਾਦੀ ਦੀ ਮੰਗ ਕਰਦੇ ਇਹਨਾਂ ਲੋਕਾਂ ਨੇ ਸਕਾਟਲੈਂਡ ਦੇ ਝੰਡੇ ਹੱਥਾਂ 'ਚ ਫੜੇ ਹੋਏ ਸਨ। ਇਸ ਦੇ ਨਾਲ ਹੀ ਅਹਿਮ ਗੱਲ ਇਹ ਵੀ ਦੇਖਣ ਨੂੰ ਮਿਲੀ ਕਿ ਇਕੱਠ ਵਿੱਚ ਅਜ਼ਾਦੀ ਲਈ ਸੰਘਰਸ਼ਸ਼ੀਲ ਫਲਸਤੀਨ ਅਤੇ ਕੈਟੇਲੋਨੀਆ ਦੇ ਝੰਡੇ ਵੀ ਨਜ਼ਰੀਂ ਪੈ ਰਹੇ ਸਨ। ਜਿੱਥੇ ਫਲਸਤੀਨ ਇਜ਼ਰਾਈਲ ਵੱਲੋਂ ਕਬਜ਼ੇ 'ਚ ਕੀਤੇ ਉਸਦੇ ਖਿੱਤੇ ਨੂੰ ਅਜ਼ਾਦ ਕਰਾਉਣ ਲਈ ਸੰਘਰਸ਼ ਕਰ ਰਿਹਾ ਹੈ ਉੱਥੇ ਹੀ ਕਤਲਾਨ ਲੋਕ ਸਪੇਨ ਤੋਂ ਅਜ਼ਾਦੀ ਚਾਹੁੰਦੇ ਹਨ।

ਇਸ ਇਕੱਠ ਵਿੱਚ ਸ਼ਾਮਲ ਲੋਕਾਂ ਨੇ ਇੰਗਲੈਂਡ ਦੇ ਝੰਡੇ ਵੀ ਚੁੱਕੇ ਹੋਏ ਸਨ। ਉਹਨਾਂ ਨਾਲ ਫੜੀਆਂ ਸੁਨੇਹਾ ਤਖਤੀਆਂ 'ਤੇ ਲਿਖਿਆ ਸੀ, "ਅਸੀਂ ਇੰਗਲੈਂਡ ਵਿਰੋਧੀ ਨਹੀਂ ਹਾਂ, ਪਰ ਅਸੀਂ ਸਕਾਟਿਸ਼ ਲੋਕਾਂ ਦਾ ਨਾਲ ਹਾਂ।"

ਸਕਾਟਲੈਂਡ ਦੇ ਝੰਡੇ ਫੜੀ ਅਜ਼ਾਦੀ ਪੱਖੀ ਸੜਕਾਂ ਤੋਂ ਲੰਘਦੇ ਹੋਏ ਅਤੇ ਇੱਕ ਪਾਸੇ ਇਹਨਾਂ ਦਾ ਵਿਰੋਧ ਕਰਨ ਲਈ ਯੂਕੇ ਦੇ ਝੰਡੇ ਫੜੀ ਖੜੇ ਲੋਕ

ਜਿਵੇਂ ਹਰ ਥਾਂ ਹੁੰਦਾ ਹੈ ਕਿ ਕਿਸੇ ਵੀ ਧਾਰਾ ਦੀ ਵਿਰੋਧੀ ਧਾਰਾ ਵੀ ਨਾਲ ਹੀ ਚਲਦੀ ਹੈ। ਇੱਥੇ ਵੀ ਪ੍ਰਦਰਸ਼ਨ ਦੌਰਾਨ ਇਹਨਾਂ ਅਜ਼ਾਦੀ ਪੱਖੀ ਲੋਕਾਂ ਦਾ ਵਿਰੋਧ ਕਰ ਰਹੇ ਕੁੱਝ ਲੋਕਾਂ ਵੱਲੋਂ ਬਰਤਾਨੀਆ ਦੇ ਝੰਡੇ ਚੁੱਕ ਕੇ ਆਪਣਾ ਪ੍ਰਦਰਸ਼ਨ ਕੀਤਾ ਗਿਆ। ਪਰ ਅਜ਼ਾਦੀ ਦੇ ਦੀਵਾਨਿਆਂ ਦੇ ਸਾਹਮਣੇ ਇਹਨਾਂ ਪ੍ਰਦਰਸ਼ਨਕਾਰੀਆਂ ਦੀ ਗਿਣਤੀ ਨਾ-ਬਰਾਬਰ ਸੀ।

ਪਾਠਕਾਂ ਦੀ ਜਾਣਕਾਰੀ ਲਈ ਦਸ ਦਈਏ ਕਿ ਸਕਾਟਿਸ਼ ਲੋਕਾਂ ਦੀ ਅਜ਼ਾਦੀ ਦੇ ਦਾਅਵੇ ਨੂੰ ਬਰਤਾਨੀਆ ਸਰਕਾਰ ਵੀ ਮਾਨਤਾ ਦੇ ਚੁੱਕੀ ਹੈ ਅਤੇ 2014 'ਚ



ਬਰਤਾਨੀਆ ਸਰਕਾਰ ਵੱਲੋਂ ਸਕਾਟਲੈਂਡ ਦੀ ਅਜ਼ਾਦੀ ਦੇ ਫੈਂਸਲੇ ਬਾਰੇ ਸਕਾਟਲੈਂਡ ਦੇ ਲੋਕਾਂ ਦੀ ਰਾਇਸ਼ੁਮਾਰੀ ਕਰਵਾਈ ਗਈ ਸੀ। ਪਰ ਇਸ ਰਾਇਸ਼ੁਮਾਰੀ ਦੀਆਂ ਵੋਟਾਂ 'ਚ 55 ਫੀਸਦੀ ਲੋਕਾਂ ਨੇ ਬਰਤਾਨੀਆ ਨਾਲ ਰਹਿਣ ਦੇ ਪੱਖ 'ਚ ਵੋਟ ਪਾਈ ਸੀ ਜਦਕਿ 45 ਫੀਸਦੀ ਲੋਕਾਂ ਨੇ ਅਜ਼ਾਦੀ ਲਈ ਵੋਟ ਪਾਈ ਸੀ। ਪਰ ਇਸ ਫੈਂਸਲੇ ਤੋਂ ਬਾਅਦ ਵੀ ਅਜ਼ਾਦੀ ਪੱਖੀ ਸਕਾਟਿਸ਼ ਲੋਕਾਂ ਨੇ ਹਾਰ ਨਹੀਂ ਮੰਨੀ ਤੇ ਉਹ ਆਪਣੀ ਅਵਾਜ਼ ਨੂੰ ਲਗਾਤਾਰ ਚੁੱਕ ਰਹੇ ਹਨ ਅਤੇ ਇੱਕ ਹੋਰ ਰੈਫਰੈਂਡਮ ਕਰਾਉਣ ਦੀ ਮੰਗ ਕਰ ਰਹੇ ਹਨ।

ਪਿਛਲੇ ਮਹੀਨੇ ਹੋਈਆਂ ਯੂਨਾਈਟਿਡ ਕਿੰਗਡਮ ਸਰਕਾਰ ਦੀਆਂ ਵੋਟਾਂ 'ਚ ਸਕਾਟਲੈਂਡ ਦੀ ਅਜ਼ਾਦੀ ਦੀ ਮੰਗ ਕਰਦੀ ਪਾਰਟੀ ਸਕਾਟਿਸ਼ ਨੈਸ਼ਨਲ ਪਾਰਟੀ ਨੇ ਸਕਾਟਿਸ਼ ਖੇਤਰ ਦੀਆਂ 59 ਵਿੱਚੋਂ 48 ਸੀਟਾਂ 'ਤੇ ਜਿੱਤ ਹਾਸਲ ਕੀਤੀ ਸੀ।

ਅਜ਼ਾਦੀ ਪੱਖੀ ਆਗੂਆਂ ਦਾ ਕਹਿਣਾ ਹੈ ਕਿ ਯੂਕੇ ਦੇ ਯੂਰਪੀਨ ਯੂਨੀਅਨ ਵਿੱਚੋਂ ਬਾਹਰ ਨਿੱਕਲਣ ਨਾਲ ਹੁਣ ਸਕਾਟਲੈਂਡ ਦੀ ਅਜ਼ਾਦੀ ਲਈ ਸਮਰਥਨ ਵਧੇਗਾ। ਇਸ ਲਈ ਉਹ ਦੁਬਾਰਾ ਰੈਫਰੈਂਡਮ ਦੀ ਮੰਗ ਕਰ ਰਹੇ ਹਨ ਕਿਉਂਕਿ ਯੂਕੇ ਦੀਆਂ ਰਾਜਨੀਤਕ ਸਥਿਤੀਆਂ ਵਿੱਚ ਵੱਡੀ ਤਬਦੀਲੀ ਹੋਣ ਜਾ ਰਹੀ ਹੈ ਤੇ ਸਕਾਟਲੈਂਡ ਦੇ ਲੋਕਾਂ ਨੂੰ ਵੀ ਆਪਣੇ ਰਾਜਨੀਤਕ ਭਵਿੱਖ ਸਬੰਧੀ ਫੈਂਸਲਾ ਕਰਨ ਦਾ ਹੱਕ ਹੋਣਾ ਚਾਹੀਦਾ ਹੈ।

ਦੱਸ ਦਈਏ ਕਿ ਜਦੋਂ ਯੂਰਪੀਨ ਯੂਨੀਅਨ ਤੋਂ ਵੱਖ ਹੋਣ ਲਈ ਯੂਕੇ ਵਿੱਚ ਰੈਫਰੈਂਡਮ ਕਰਵਾਇਆ ਗਿਆ ਸੀ ਤਾਂ ਸਕਾਟਲੈਂਡ ਖੇਤਰ ਨੇ ਯੂਰਪੀਨ ਯੂਨੀਅਨ ਨਾਲ ਸਾਂਝ ਨੂੰ ਕਾਇਮ ਰੱਖਣ ਦੇ ਪੱਖ 'ਚ ਵੋਟ ਪਾਈ ਸੀ। ਪਰ ਬਹੁਗਿਣਤੀ ਵੋਟ ਤੋੜ-ਵਿਛੋੜੇ ਦੇ ਪੱਖ 'ਚ ਭੁਗਤਣ ਕਾਰਨ ਹੁਣ ਬਰਤਾਨੀਆ ਯੂਰਪੀਨ ਯੂਨੀਅਨ ਤੋਂ ਵੱਖ ਹੋ ਰਿਹਾ ਹੈ।

ਯੂਕੇ ਪਾਰਲੀਮੈਂਟ ਚੋਣਾਂ ਤੋਂ ਬਾਅਦ ਬੀਤੇ ਦਿਨੀਂ ਜਦੋਂ ਸਕਾਟਿਸ਼ ਨੈਸ਼ਨਲ ਪਾਰਟੀ ਵਲੋਂ ਪਾਰਲੀਮੈਂਟ ਵਿੱਚ ਦੂਜਾ ਰੈਫਰੈਂਡਮ ਕਰਾਉਣ ਦੀ ਮੰਗ ਕੀਤੀ ਗਈ ਤਾਂ ਯੂਕੇ ਦੇ ਨਵੇਂ ਬਣੇ ਪ੍ਰਧਾਨ ਮੰਤਰੀ ਬੋਰਿਸ ਜੋਹਨਸਨ ਨੇ ਇਸ ਮੰਗ ਨੂੰ ਖਾਰਜ ਕਰ ਦਿੱਤਾ ਸੀ। ਹੁਣ ਦੇਖਣਾ ਹੋਵੇਗਾ ਕਿ ਲੋਕਾਂ ਦੇ ਪ੍ਰਦਰਸ਼ਨਾਂ ਦੇ ਦਬਾਅ ਅਤੇ ਰਾਜਨੀਤਕ ਕੂਟਨੀਤੀ ਨਾਲ ਸਕਾਟਿਸ਼ ਨੈਸ਼ਨਲ ਪਾਰਟੀ ਯੂਕੇ ਦੀ ਪਾਰਲੀਮੈਂਟ ਨੂੰ ਇਸ ਰੈਫਰੈਂਡਮ ਲਈ ਮਨਾਉਣ 'ਚ ਕਾਮਯਾਬ ਹੁੰਦੀ ਹੈ ਜਾ ਨਹੀਂ।

# ਅੱਗ ਦੀ ਮਾਰ ਅਤੇ ਆਸਟ੍ਰੇਲੀਆ ਦੇ ਨਵੇਂ ਵਰੇ ਦੇ ਜਸ਼ਨ

**- ਮਿੰਟੂ ਬਰਾੜ ਆਸਟ੍ਰੇਲੀਆ**

28 ਦਸੰਬਰ ਨੂੰ ਇੰਡੀਆ ਦਾ ਚਾਰ ਡਿਗਰੀ ਤਾਪਮਾਨ ਛੱਡ ਕੇ ਸਿੱਧੇ ਆਸਟ੍ਰੇਲੀਆ ਦੇ 44 ਡਿਗਰੀ ਤਾਪਮਾਨ 'ਚ ਆ ਪਹੁੰਚੇ ਹਾਂ। ਜਿੱਥੇ ਇੰਡੀਆ ਠੰਢ ਨਾਲ ਠੁਰ-ਠੁਰ ਕਰ ਰਿਹਾ ਹੈ, ਉੱਥੇ ਆਸਟ੍ਰੇਲੀਆ ਇਕ ਪਾਸੇ ਸੂਰਜ ਦੀ ਤਪਸ਼ ਅਤੇ ਦੂਜੇ ਪਾਸੇ ਭਿਆਨਕ ਅੱਗਾਂ ਦੀ ਮਾਰ ਹੇਠ ਆਇਆ ਹੋਇਆ ਹੈ।

ਆਸਟ੍ਰੇਲੀਆ ਹਰ ਸਾਲ ਨਵੇਂ ਸਾਲ ਦੇ ਜਸ਼ਨਾਂ ਲਈ ਦੁਨੀਆ ਭਰ 'ਚ ਜਾਣਿਆ ਜਾਂਦਾ ਹੈ। ਪਰ ਇਸ ਵਾਰ ਦੁਚਿੱਤੀਆਂ ਦੇਖਣ ਸੁਣਨ ਨੂੰ ਮਿਲ ਰਹੀਆਂ ਸਨ ਕਿ ਨਵਾਂ ਸਾਲ ਹਰ ਵਾਰ ਵਾਂਗ ਮਨਾਇਆ ਜਾਣਾ ਚਾਹੀਦਾ ਹੈ ਕਿ ਨਹੀਂ ? ਕਿਉਂ ਕਿ ਪਿਛਲੇ ਕੁਝ ਕੁ ਦਿਨਾਂ 'ਚ ਆਸਟ੍ਰੇਲੀਆ ਦਾ ਭਿਆਨਕ ਅੱਗਾਂ ਕਾਰਨ ਭਾਰੀ ਨੁਕਸਾਨ ਹੋਇਆ ਹੈ। ਪਰ ਅਖੀਰ 'ਚ ਇਹ ਫੈਸਲਾ ਲਿਆ ਗਿਆ ਕਿ ਨਵਾਂ ਸਾਲ ਹਰ ਸਾਲ ਵਾਂਗ ਹੀ ਮਨਾਇਆ ਜਾਵੇਗਾ। ਉਨਾਂ ਲੋਕਾਂ ਦੀ ਰੋਜ਼ੀ ਰੋਟੀ ਨਹੀਂ ਖੋਹੀ ਜਾਵੇਗੀ ਜੋ ਨਵੇਂ ਸਾਲ ਕਾਰਨ ਚਲਦੀ ਹੈ।

ਪਰ ਇਸ ਬਾਰ ਜੋ ਵੱਖਰੀ ਗੱਲ ਇਹ ਕੀਤੀ ਗਈ ਹੈ ਕਿ ਜਿਨਾਂ ਲੋਕਾਂ ਦਾ ਨੁਕਸਾਨ ਹੋਇਆ ਹੈ ਉਨਾਂ ਲੋਕਾਂ ਲਈ ਵੱਡੇ ਪੱਧਰ ਤੇ ਫੰਡ ਇਕੱਠਾ ਕੀਤਾ ਜਾਵੇਗਾ। ਇਹ ਲੇਖ ਲਿਖਣ ਵੇਲੇ ਤੱਕ ਨਵਾਂ ਸਾਲ ਚੜਨ 'ਚ ਇਕ ਘੰਟਾ ਬਾਕੀ ਹੈ ਤੇ ਲੋਕਾਂ ਨੇ ਹੁਣ ਤੱਕ ਤਕਰੀਬਨ ਸਤ ਮਿਲੀਅਨ ਡਾਲਰ ਰੈੱਡ ਕਰਾਸ ਦੇ ਖਾਤੇ 'ਚ ਪਾ ਦਿੱਤੇ ਹਨ ਅਤੇ ਏਨੇ ਜਿਆਦਾ ਲੋਕ ਇੱਕੋ ਦਮ ਵੈੱਬ ਸਾਈਟ ਤੇ ਆਉਣ ਕਾਰਨ ਵੈੱਬ ਸਾਈਟ ਜਵਾਬ ਦੇ ਗਈ ਹੈ। ਸਾਰੇ ਮੀਡੀਆ ਵਾਲੇ ਨਵਾਂ ਸਾਲ ਲਾਈਵ ਦਿਖਾਉਣ ਦੇ ਨਾਲ-ਨਾਲ ਆਪਣੇ-ਆਪਣੇ ਤਰੀਕੇ ਨਾਲ ਇਸ ਫੰਡ ਬਾਰੇ ਪ੍ਰਚਾਰ ਰਹੇ ਹਨ ਅਤੇ ਲੋਕਾਂ ਨੂੰ ਫੰਡ ਜਮਾਂ ਕਰਵਾਉਣ ਦੇ ਹੋਰ ਤਰੀਕੇ ਦੱਸ ਰਹੇ ਹਨ। ਜਿਨਾਂ ਲੋਕਾਂ ਨੂੰ ਇਹ ਲਗਦਾ ਸੀ ਕਿ ਇਕ ਪਾਸੇ ਆਸਟ੍ਰੇਲੀਆ ਮੱਚ ਰਿਹਾ ਦੂਜੇ ਪਾਸੇ ਇਹ ਲੋਕ ਨੱਚਣ ਗਾਉਣ ਤੇ ਪਟਾਕੇ ਚਲਾਉਣ ਦੀਆਂ ਗੱਲਾਂ ਕਰ ਰਹੇ ਹਨ। ਪਰ ਹੁਣ ਉਹ ਵੀ ਇਹ ਦੇਖ ਕੇ ਖੁਸ ਹਨ ਕਿ ਲੋਕ ਕਿਵੇਂ

*ਇੱਕ ਗੋਰੇ ਨੂੰ ਬੋਲੇ 'ਉਹ ਬੋਲ' ਤਾਂ ਮੇਰੇ ਸਰੀਰ ਨੂੰ ਕੰਬਣੀ ਛੇੜ ਗਏ ਜਦੋਂ ਮੈਨੂੰ ਫਾਈਟਰਾਂ ਚੋਂ ਇਕ ਗੋਰੀ ਕਹਿੰਦੀ ਕੀ ਮੈਂ ਦੂਜੀ ਬਾਰ ਲੈ ਸਕਦੀ ਹਾਂ ? ਮੈਂ ਕਿਹਾ ਕਿਉਂ ਨਹੀਂ ਕਹਿੰਦੀ ਕਿਤੇ ਮੁੱਕ ਤਾਂ ਨਹੀਂ ਜਾਵੇਗਾ ? ਮੈ ਹਾਲੇ ਮੁਸਕਰਾਇਆ ਹੀ ਸੀ ਤੇ ਪੰਜਾਬੀ ਦੇ ਜੋ ਸ਼ਬਦ ਬੋਲਣ ਲਈ ਮੈਂ ਦਿਮਾਗ 'ਚ ਅੰਗਰੇਜ਼ੀ ਬਣਾਉਣ ਦੀ ਕਸਰਤ ਕਰਨ ਹੀ ਲੱਗਿਆ ਸੀ। ਪਰ ਉਸ ਤੋਂ ਪਹਿਲਾਂ ਉਹੀ ਨੌਜਵਾਨ ਬੋਲ ਪਿਆ ਕਹਿੰਦਾ*

*"ਬੇ ਫ਼ਿਕਰ ਹੋ ਜਾਓ ਇਹ ਬਾਬਾ ਨਾਨਕ ਜੀ ਦਾ ਲੰਗਰ ਹੈ ਤੇ ਕਦੇ ਤੋਟ ਨਹੀਂ ਆਉਂਦੀ"*

ਆਪਣੀ ਖੁਸੀ ਦੇ ਨਾਲ-ਨਾਲ ਉਨਾਂ ਲੋਕਾਂ ਨੂੰ ਵੀ ਨਹੀਂ ਭੁੱਲੇ ਜੋ ਆਪਣਾ ਸਾਰਾ ਕੁਝ ਗੁਆ ਚੁੱਕੇ ਹਨ।

ਮਦਦ ਇਕੱਲੀ ਧਨ ਦੀ ਨਹੀਂ ਹੋ ਰਹੀ, ਤਨ ਅਤੇ ਮਨ ਨਾਲ ਵੀ ਲੋਕ ਜਮੀਨੀ ਪੱਧਰ ਤੇ ਜੁੜੇ ਹੋਏ ਹਨ। ਦੋ ਕੁ ਦਿਨਾਂ ਤੋਂ ਸਾਨੂੰ ਵੀ ਉਨਾਂ ਲੋਕਾਂ ਦੀ ਸੇਵਾ ਕਰਨ ਦਾ ਮੌਕਾ ਮਿਲਿਆ ਜਿਨਾਂ ਨੂੰ ਆਸਟ੍ਰੇਲੀਆ ਦੀ ਭਾਸ਼ਾ 'ਚ ਫਾਇਰ ਫਾਈਟਰ ਯਾਨੀ ਕਿ ਅੱਗ ਬੁਝਾਉਣ ਵਾਲੇ ਯੋਧੇ ਕਿਹਾ ਜਾਂਦਾ ਹੈ।



ਕਲ ਵਿਕਟੋਰੀਆ ਦੇ ਇਕ ਛੋਟੇ ਜਿਹੇ ਕਸਬੇ ਈਡਨ ਹੋਪ ਦੇ ਵੀਹ ਕੁ ਕਿੱਲੋਮੀਟਰ ਚੜਦੇ ਵਾਲੇ ਪਾਸੇ ਅੱਗ ਲੱਗ ਗਈ ਜਿਸ ਨੂੰ ਬੁਝਾਉਣ ਲਈ ਜੱਦੋ ਜਹਿਦ ਚੱਲ ਰਹੀ ਹੈ। ਅਸੀਂ ਅੱਜ ਕਲ ਇਸ ਕਸਬੇ 'ਚ ਇਕ ਮੋਟਲ ਅਤੇ ਰੈਸਟੋਰੈਂਟ ਚਲਾਉਂਦੇ ਹਾਂ। ਸੋ ਇਹਨਾਂ ਯੋਧਿਆਂ ਲਈ ਅੱਜ ਜਦੋਂ ਮੈਂ ਸ਼ਾਮ ਦਾ ਖਾਣਾ ਲੈ ਕੇ ਗਿਆ ਤਾਂ ਬੜਾ ਅਜੀਬ ਅਤੇ ਭਾਵੁਕ ਮਾਹੌਲ ਦੇਖਣ ਨੂੰ ਮਿਲਿਆ। ਜਦੋਂ ਰੋਹੀ ਬੀਆਬਾਨ ਤੇ ਅੱਤ ਦੀ ਗਰਮੀ 'ਚ ਅੱਗ ਨਾਲ ਮੱਥਾ ਲਾਈ ਬੈਠੇ ਤਕਰੀਬਨ 85 ਯੋਧਿਆਂ ਲਈ ਮੈਂ ਜੱਦੋ ਭਾਂਤ-ਭਾਂਤ ਦੇ ਪਕਵਾਨ ਅਤੇ ਠੰਢੇ ਲੈ ਕੇ ਉੱਥੇ ਪਹੁੰਚਿਆ ਤਾਂ ਉਨਾਂ ਦੇ ਮੂੰਹ ਤੇ ਰੌਣਕ ਦੇਖ ਮਨ ਸਕੂਨ ਨਾਲ ਭਰ ਗਿਆ। ਉਹ ਵਾਰੀ ਨਾਲ ਮੇਰੇ ਕੋਲ ਆਉਣ ਲੱਗੇ। ਆਪਣੇ ਢੰਗ ਨਾਲ ਅਸੀਸਾਂ ਦੇਣ, ਤੇ ਹੈਰਾਨ ਹੋਣ ਏਨੇ ਪਕਵਾਨਾਂ 'ਚੋ ਕਿਹੜਾ ਛੱਡੀਏ ਕਿਹੜਾ ਖਾਈਏ!

ਇਸੇ ਦੌਰਾਨ ਇਕ ਅਜੀਬ ਜਿਹੀ ਘਟਨਾ ਵਾਪਰੀ ਇਕ 35 ਕੁ ਵਰਿਆਂ ਦਾ ਗੋਰਾ ਨੌਜਵਾਨ ਆ ਕੇ ਮੈਨੂੰ ਅੰਗਰੇਜ਼ੀ 'ਚ ਪੁੱਛਣ ਲੱਗਿਆ ਕਿ ਬਾਈ ਤੇਰਾ ਪਿੱਛਾ ਕਿਥੋਂ ਦਾ? ਮੈਂ ਕਿਹਾ ਪੰਜਾਬ। ਕਹਿੰਦਾ ਪੰਜਾਬ ਤੋਂ ਕਿਥੋਂ? ਮੈਂ ਕਿਹਾ ਬਠਿੰਡਾ। ਨਾਲ ਹੀ ਮੈਂ ਪੁੱਛਿਆ ਕਿ ਤੂੰ ਜਾਣਦਾ ਕੁਝ ਪੰਜਾਬ ਬਾਰੇ। ਉਹ ਨੌਜਵਾਨ ਮੁਸਕਰਾ ਕੇ ਅੱਗੇ ਤੁਰ ਗਿਆ ਕਿਉਂ ਕਿ ਉਸ ਪਿੱਛੇ ਲੰਬੀ ਲਾਇਨ ਲੱਗ ਚੁੱਕੀ ਸੀ। ਚਲੋ ਮੈਂ ਵੀ ਲੰਗਰ ਵਰਤਾਉਣ 'ਚ ਜੁੱਟ ਗਿਆ। ਦਸ ਕੁ ਮਿੰਟਾਂ ਬਾਅਦ ਮੈਨੂੰ 10 ਕੁ ਮੀਟਰ ਦੂਰ ਖੜੇ ਖਾਣਾ ਖਾ ਰਹੇ ਨੌਜਵਾਨਾਂ ਦੇ ਪਿੱਛੋਂ ਮੂਲ ਮੰਤਰ ਕਰਨ ਦੀ ਅਵਾਜ ਆਈ। ਬੜਾ ਸ਼ੁੱਧ ਉਚਾਰਨ। ਮੈਨੂੰ ਸਮਝ ਨਾ ਆਵੇ ਕਿ ਇਹ ਮੇਰਾ ਭਰਮ ਆ ਕਿਉਂਕਿ ਮੈਂ ਇੱਥੇ ਇਕੱਲਾ ਪੰਜਾਬੀ ਬੋਲਣ ਵਾਲਾ ਬੰਦਾ ਸੀ। ਪੂਰੀ ਪਹਿਲੀ ਪੌੜੀ ਤੋਂ ਬਾਅਦ ਫੇਰ ਸਭ ਸ਼ਾਂਤ। ਮੈਂ ਫੇਰ ਸੋਚਿਆ ਕਿ ਮੈਂ ਆਉਂਦਾ ਕਾਰ 'ਚ ਸ ਚਰਨ ਸਿੰਘ ਸਫ਼ਰੀ ਹੋਰਾਂ ਦੀ ਯਾਦਗਾਰ ਰਚਨਾ 'ਸਿੱਖੀ ਦੀ ਦਾਸਤਾਨ' ਸੁਣਦਾ ਆ ਰਿਹਾ ਸੀ ਤੇ ਗੁਰੂ ਨਾਨਕ ਜੀ ਦੀ ਲੰਗਰ ਪ੍ਰਥਾ ਬਾਰੇ ਸੋਚਦਾ ਆ ਰਿਹਾ ਸੀ ਇਸ ਕਰਕੇ ਮੇਰੇ ਕੰਨ ਬੋਲੇ ਹੋਣਗੇ।

ਪਰ ਥੋੜੀ ਦੇਰ ਬਾਅਦ ਮੇਰੇ ਬਾਰੇ 'ਚ ਪੁੱਛਣ ਵਾਲਾ ਨੌਜਵਾਨ ਮੁਸਕਰਾਉਂਦਾ ਹੋਇਆ ਕੋਲ ਆਇਆ ਤੇ ਫੇਰ ਪਹਿਲੀ ਪੌੜੀ ਦਾ ਜਾਪ ਕਰਨ ਲੱਗਿਆ। ਮੇਰਾ ਮੂੰਹ ਅੱਡਿਆ ਗਿਆ ਉਸ ਨੂੰ ਸੁਣ ਕੇ! ਏਨਾ ਸ਼ੁੱਧ ਉਚਾਰਨ ਸ਼ਾਇਦ ਮੈਂ ਵੀ ਨਹੀਂ ਕਰ ਪਾਉਂਦਾ। ਮੈਂ ਉਸ ਵਲ ਸਵਾਲੀਆ ਨਿਗਾਹ ਨਾਲ ਦੇਖਿਆ। ਕਹਿੰਦਾ ਲੰਮੀ ਕਹਾਣੀ ਹੈ ਇਸ ਪਿੱਛੇ ਵੇਹਲਾ ਹੋ ਲੈ ਫੇਰ ਸੰਖੇਪ 'ਚ ਸੁਣਾਉਣਾ। ਸਾਰੀ ਕਦੇ ਫੇਰ। ਮੈਂ ਕਿਹਾ ਕੋਈ ਨਾ ਮੈਂ ਹੱਥਾਂ ਨਾਲ ਲੰਗਰ ਵਰਤਾਈ ਜਾਣਾ ਤੇ ਕੰਨਾਂ ਨਾਲ ਤੁਹਾਡੀ ਗੱਲ ਸੁਣੀ ਜਾਣਾ।

ਕਾਰ ਦਾ ਬੂਟ ਖੋਲ ਮੈਂ ਲੰਗਰ ਵਰਤਾ ਰਿਹਾ ਸੀ ਤੇ ਉਹ ਮੇਰੇ ਪਿੱਛੇ ਆਨ ਖਲੋਤਾ। ਕਹਿੰਦਾ ਅਸਲ 'ਚ ਮੈਂ ਇੰਡੀਆ ਵਿਆਹਿਆ ਸੀ। ਮੈਂ ਕਿਹਾ ਪੰਜਾਬ 'ਚ? ਕਹਿੰਦਾ ਨਹੀਂ ਹਿਮਾਚਲ 'ਚ। ਫੇਰ ਪੰਜਾਬੀ ਅਤੇ ਗੁਰਬਾਣੀ? ਕਹਿੰਦਾ ਹਰਭਜਨ ਸਿੰਘ ਯੋਗੀ ਅਮਰੀਕਾ ਵਾਲਿਆਂ ਦਾ ਅਸਰ 'ਚ ਸ਼ੁਰੂ ਕੀਤਾ। ਫੇਰ ਬਹੁਤ ਸਾਰੇ ਪ੍ਰਚਾਰਕਾਂ ਦੇ ਸੰਪਰਕ 'ਚ ਰਿਹਾ। ਮੈਂ ਸ਼ਰਤੀਆ ਕਹਿ ਸਕਦਾ ਹਾਂ ਕਿ ਤੇਰੇ ਨਾਲੋਂ ਵੱਧ ਗੁਰਦੁਆਰਾ ਸਾਹਿਬ ਦੀ ਯਾਤਰਾ ਕਰ ਚੁੱਕਿਆਂ ਹਾਂ। ਬਦਕਿਸਮਤੀ! ਹੁਣ ਮੈਂ ਆਪਣੀ ਪਤਨੀ ਤੋਂ ਵੱਖ ਹੋ ਚੁੱਕਿਆ। ਅੱਜ ਕੱਲ ਮੈਲਬਾਰਨ ਰਹਿ ਰਿਹਾ ਹਾਂ। ਮੇਰੇ ਘਰ ਗੁਰੂ ਗ੍ਰੰਥ ਸਾਹਿਬ ਪ੍ਰਕਾਸ਼ ਹਨ। ਜਿਵੇਂ-ਜਿਵੇਂ ਉਹ ਮੈਨੂੰ ਦੱਸੀ ਜਾਵੇ ਮੈਂ ਸੁੰਨ ਜਿਹਾ ਹੋਈ ਜਾਵਾ।

ਉਸ ਦੇ ਅਖੀਰ ਇੱਕ ਗੋਰੇ ਨੂੰ ਬੋਲੇ 'ਉਹ ਬੋਲ' ਤਾਂ ਮੇਰੇ ਸਰੀਰ ਨੂੰ ਕੰਬਣੀ ਛੇੜ ਗਏ ਜਦੋਂ ਮੈਨੂੰ ਫਾਈਟਰਾਂ ਚੋਂ ਇਕ ਗੋਰੀ ਕਹਿੰਦੀ ਕੀ ਮੈਂ ਦੂਜੀ ਬਾਰ ਲੈ ਸਕਦੀ ਹਾਂ? ਮੈਂ ਕਿਹਾ ਕਿਉਂ ਨਹੀਂ ਕਹਿੰਦੀ ਕਿਤੇ ਮੁੱਕ ਤਾਂ ਨਹੀਂ ਜਾਵੇਗਾ? ਮੈ ਹਾਲੇ ਮੁਸਕਰਾਇਆ ਹੀ ਸੀ ਤੇ ਪੰਜਾਬੀ ਦੇ ਜੋ ਸ਼ਬਦ ਬੋਲਣ ਲਈ ਮੈਂ ਦਿਮਾਗ 'ਚ ਅੰਗਰੇਜ਼ੀ ਬਣਾਉਣ ਦੀ ਕਸਰਤ ਕਰਨ ਹੀ ਲੱਗਿਆ ਸੀ।

ਬਾਕੀ ਸਫ਼ਾ 32 'ਤੇ

# ਨਾਗਰਿਕਤਾ ਕਾਨੂੰਨ ਤੇ ਭਗਵੇਂਵਾਦ ਦੀ ਸਿਆਸਤ

**- ਰਜਿੰਦਰ ਸਿੰਘ**

ਭਾਰਤ ਵਿਚ ਨਾਗਰਿਕਤਾ ਸੋਧ ਕਾਨੂੰਨ (ਸੀ. ਏ. ਏ.) ਅਤੇ ਨੈਸ਼ਨਲ ਰਜਿਸਟਰ ਆਫ਼ ਸਿਟੀਜ਼ਨ (ਐਨ. ਆਰ. ਸੀ.) ਨੂੰ ਲੈ ਕੇ ਉੱਠੇ ਵਿਵਾਦ ਦਰਮਿਆਨ ਕੇਂਦਰੀ ਮੰਤਰੀ ਮੰਡਲ ਨੇ ਰਾਸ਼ਟਰੀ ਆਬਾਦੀ ਰਜਿਸਟਰ (ਐਨ. ਪੀ. ਆਰ.) ਦੇ ਨਵੀਨੀਕਰਨ (ਅਪਡੇਟ) ਦੀ ਮਨਜ਼ੂਰੀ ਦੇ ਦਿੱਤੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਹੋਈ ਕੈਬਨਿਟ ਦੀ ਬੈਠਕ ਵਿਚ ਐਨ. ਪੀ. ਆਰ. ਦੇ ਨਵੀਨੀਕਰਨ ਦੀ ਮੁਹਿੰਮ ਲਈ 3941.35 ਕਰੋੜ ਰੁਪਏ ਅਤੇ 2021 ਦੀ ਮਰਦਮਸ਼ੁਮਾਰੀ ਕਰਾਉਣ ਲਈ 8754.23 ਕਰੋੜ ਰੁਪਏ ਦੇ ਫੰਡ ਨੂੰ ਪ੍ਰਵਾਨਗੀ ਦਿੱਤੀ ਗਈ। ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਵਾਰ-ਵਾਰ ਦੁਹਰਾ ਰਹੇ ਹਨ ਕਿ ਰਾਸ਼ਟਰੀ ਆਬਾਦੀ ਰਜਿਸਟਰ ਭਾਵ ਐਨ. ਪੀ. ਆਰ. ਦੇਸ਼ ਦੇ ਨਾਗਰਿਕਾਂ ਦਾ ਇਕ ਰਜਿਸਟਰ ਹੈ, ਜਿਸ ਨੂੰ ਭਾਰਤ ਦੇ ਰਜਿਸਟਰਾਰ ਜਨਰਲ ਅਤੇ ਮਰਦਮਸ਼ੁਮਾਰੀ ਕਮਿਸ਼ਨਰ ਦੇ ਅਧਿਕਾਰੀਆਂ ਵਲੋਂ ਦੇਸ਼ ਦੇ ਆਮ ਨਾਗਰਿਕਾਂ ਲਈ ਤਿਆਰ ਕੀਤਾ ਜਾਵੇਗਾ। ਐਨ. ਪੀ. ਆਰ. ਵਿਚ ਆਮ ਨਾਗਰਿਕ ਦੀ ਪਰਿਭਾਸ਼ਾ ਤਹਿਤ ਉਸ ਵਿਅਕਤੀ ਨੂੰ ਆਮ ਨਾਗਰਿਕ ਮੰਨਿਆ ਜਾਵੇਗਾ ਜੋ ਘੱਟੋ-ਘੱਟ 6 ਮਹੀਨੇ ਤੋਂ ਭਾਰਤ ਵਿਚ ਰਹਿ ਰਿਹਾ ਹੈ ਜਾਂ ਘੱਟੋ-ਘੱਟ 6 ਮਹੀਨੇ ਲਈ ਭਾਰਤ ਵਿਚ ਰਹਿਣਾ ਚਾਹੁੰਦਾ ਹੈ। ਸਰਕਾਰੀ ਯੋਜਨਾਵਾਂ ਦਾ ਲਾਭ ਆਮ ਲੋਕਾਂ ਤੱਕ ਪਹੁੰਚਾਉਣ ਲਈ ਇਹ ਡਾਟਾ ਤਿਆਰ ਕੀਤਾ ਜਾ ਰਿਹਾ ਹੈ। ਐਨ. ਪੀ. ਆਰ. ਅਮਲ ਆਸਾਮ ਤੋਂ ਇਲਾਵਾ ਬਾਕੀ ਸਾਰੇ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿਚ ਕੀਤਾ ਜਾਵੇਗਾ। ਨਾਗਰਿਕਤਾ ਕਾਨੂੰਨ ਦਾ ਅਸਰ ਕਿਸੇ ਭਾਰਤੀ ਨਾਗਰਿਕ 'ਤੇ ਨਹੀਂ ਪਵੇਗਾ। ਤੱਥ ਦੇ ਤੌਰ 'ਤੇ ਇਹ ਗੱਲ ਸਹੀ ਵੀ ਹੈ, ਜੋ ਕਾਨੂੰਨ ਬਣਾਇਆ ਗਿਆ ਹੈ ਉਹ ਤਿੰਨ ਦੇਸਾਂ — ਪਾਕਿਸਤਾਨ, ਬੰਗਲਾਦੇਸ ਅਤੇ ਅਫ਼ਗਾਨਿਸਤਾਨ ਦੇ ਉਨਾਂ ਘੱਟ ਗਿਣਤੀ ਲੋਕਾਂ ਲਈ ਹੈ, ਜੋ 2014 ਤੋਂ ਪਹਿਲਾਂ ਭਾਰਤ ਆ ਗਏ ਹਨ। ਇਸ ਦਾ ਕੋਈ ਵਾਸਤਾ ਇੱਥੇ ਰਹਿਣ ਵਾਲੇ ਘੱਟ ਗਿਣਤੀ ਭਾਈਚਾਰੇ ਨਾਲ ਨਹੀਂ ਹੈ। ਪਰ ਇਹ ਮੋਟੀ ਜਿਹੀ ਗੱਲ ਲੋਕਾਂ ਨੂੰ ਸਮਝ ਕਿਉਂ ਨਹੀਂ ਆ ਰਹੀ? ਪ੍ਰਧਾਨ ਮੰਤਰੀ ਦੇ ਮੁਤਾਬਕ ਇਹ ਲੋਕ ਕਿਉਂ ਵਿਰੋਧੀ ਪਾਰਟੀਆਂ ਦੇ ਪਿਛਲਗ ਬਣ ਗਏ ਹਨ?

ਕਿਉਂਕਿ ਇਸ ਕਾਨੂੰਨ ਵਿਚ — ਤੇ ਇਸ ਦੇ ਅੱਗੇ ਪਿੱਛੇ ਬਣੇ ਤੇ ਬਦਲੇ ਗਏ ਕੁਝ ਹੋਰ ਕਾਨੂੰਨਾਂ ਵਿਚ ਕੁਝ ਅਜਿਹਾ ਹੈ, ਜੋ ਕਿ ਮੁਸਲਮਾਨ ਭਾਈਚਾਰੇ ਵਿਚ ਬੇਗਾਨਗੀ ਦਾ ਅਹਿਸਾਸ ਕਰਵਾ ਰਿਹਾ ਹੈ। ਆਖਿਰ ਪਹਿਲੀ ਵਾਰ ਭਾਰਤ ਵਿਚ ਨਾਗਰਿਕਤਾ ਦੇਣ ਦੇ ਨਿਯਮਾਂ ਨੂੰ ਧਾਰਮਿਕ ਪਛਾਣ ਨਾਲ ਜੋੜਿਆ ਗਿਆ ਹੈ ਤੇ ਬਕਾਇਦਾ ਨਾਮ ਲੈ ਕੇ ਮੁਸਲਮਾਨ ਭਾਈਚਾਰੇ ਨੂੰ ਇਸ ਤੋਂ ਅਲੱਗ ਰੱਖਿਆ ਗਿਆ ਹੈ। ਸੁਆਲ ਤਾਂ ਇਹ ਹੈ ਕਿ ਜੇਕਰ ਮੋਦੀ ਸਰਕਾਰ ਦਾ ਕੋਈ ਫਾਸ਼ੀਵਾਦੀ ਤੇ ਫਿਰਕੂ ਇਰਾਦਾ ਨਹੀਂ ਸੀ ਤਾਂ ਉਹ ਹੁਣ ਅਜਿਹਾ ਕਾਨੂੰਨ ਕਿਉਂ ਲੈ ਕੇ ਆਈ? ਇਸ ਦੀ ਕੀ ਜ਼ਰੂਰਤ ਸੀ?

ਸਰਕਾਰ ਦੀ ਦਲੀਲ ਹੈ ਕਿ ਇਹ ਗੁਆਂਢੀ ਦੇਸਾਂ ਵਿਚ ਧਾਰਮਿਕ ਆਧਾਰ 'ਤੇ ਪੀੜਤ, ਘੱਟ ਗਿਣਤੀਆਂ ਦੇ ਲਈ ਨਾਗਰਿਕਤਾ ਦਾ ਰਸਤਾ ਬਣਾ ਰਹੀ ਹੈ। ਪਰ ਕੀ ਇਸ ਕਾਨੂੰਨ ਦੇ ਬਿਨਾਂ ਇਨਾਂ ਲੋਕਾਂ ਦੇ ਲਈ ਨਾਗਰਿਕਤਾ ਦਾ ਰਸਤਾ ਨਹੀਂ ਖੁੱਲ ਸਕਦਾ? ਸਰਕਾਰ 'ਤੇ ਦੋਸ਼ ਲੱਗ ਰਹੇ ਹਨ ਕਿ ਉਸ ਨੇ ਮੌਜੂਦਾ ਕਾਨੂੰਨ ਮੁਸਲਮਾਨਾਂ ਵਿਰੁਧ ਹੀ ਬਣਾਇਆ ਹੈ। ਬੀਤੇ ਹਫਤੇ ਰਾਜ ਸਭਾ ਵਿਚ ਇਕ ਪ੍ਰਸ਼ਨ ਦਾ ਉੱਤਰ ਦਿੰਦੇ ਹੋਏ ਗ੍ਰਹਿ ਰਾਜ ਮੰਤਰੀ ਨਿਤਯਨੰਦ ਰਾਏ ਨੇ ਜਾਣਕਾਰੀ ਦਿੱਤੀ ਕਿ 2016 ਤੋਂ 2018 ਦੇ ਵਿਚਾਲੇ ਕੁੱਲ 1988 ਲੋਕਾਂ ਨੂੰ ਭਾਰਤ ਦੀ ਨਾਗਰਿਕਤਾ ਦਿੱਤੀ ਗਈ। ਇਸ ਵਿਚ 1995 ਦੌਰਾਨ ਪਾਕਿਸਤਾਨ ਤੋਂ ਆਏ ਪ੍ਰਵਾਸੀ ਹਨ ਤੇ 391 ਅਫਗਾਨਿਸਤਾਨ ਤੋਂ। ਇਹੀ ਨਹੀਂ 2019 ਦੌਰਾਨ 712 ਪਾਕਿਸਤਾਨੀਆਂ ਤੇ 40 ਅਫਗਾਨੀਆਂ ਨੂੰ ਭਾਰਤ ਦੀ ਨਾਗਰਿਕਤਾ ਦਿੱਤੀ ਗਈ। ਅਰਥਾਤ ਜ਼ਿਆਦਾ ਤੋਂ ਜ਼ਿਆਦਾ ਇਸ ਪ੍ਰਕਿਰਿਆ ਨੂੰ ਤੇਜ਼ ਕਰਨ ਦੀ ਜ਼ਰੂਰਤ ਸੀ।

ਹੈਰਾਨੀ ਦੀ ਗੱਲ ਹੈ ਮੋਦੀ ਸਰਕਾਰ ਨੇ ਕਾਨੂੰਨ ਤਾਂ ਬਣਾ ਦਿੱਤਾ ਪਰ ਉਸ ਤੋਂ ਸਾਫ ਹੈ ਕਿ ਇਸ ਦਾ ਲਾਭ ਬਹੁਗਿਣਤੀ ਹਿੰਦੂਆਂ ਨੂੰ ਮਿਲੇਗਾ। ਸੰਸਦ ਵਿਚ ਗ੍ਰਹਿ ਮੰਤਰੀ ਨੇ ਕਿਹਾ ਕਿ ਵੰਡ ਦੇ ਸਮੇਂ ਪਾਕਿਸਤਾਨ ਵਿਚ 23 ਫੀਸਦੀ ਤੋਂ ਜ਼ਿਆਦਾ ਹਿੰਦੂ ਸਨ। ਉਹ ਘੱਟ ਕੇ 3 ਫੀਸਦੀ ਤੋਂ ਹੇਠਾਂ ਚਲੇ ਗਏ ਹਨ। ਇਹ ਗੱਲ ਸਹੀ ਨਹੀਂ ਜਾਪਦੀ। ਇਸ ਮਾਮਲੇ ਵਿਚ ਮੈਂ ਇਹੀ ਕਹਿਣਾ ਚਾਹੁੰਦਾ ਹਾਂ ਕਿ 1947 ਵਿਚ ਮਰਦਮਸ਼ੁਮਾਰੀ ਨਹੀਂ ਹੋਈ। 1941 ਵਿਚ ਜੋ ਮਰਦਮਸ਼ੁਮਾਰੀ ਹੋਈ, ਇਸ ਦੇ ਮੁਤਾਬਕ ਪਾਕਿਸਤਾਨ ਵਿਚ 22 ਫੀਸਦੀ ਘੱਟ ਗਿਣਤੀ ਭਾਈਚਾਰੇ ਦੇ ਲੋਕ ਸਨ। ਪਰ 1947 ਦੌਰਾਨ ਆਬਾਦੀ ਇਸ ਹੱਦ ਤੱਕ ਇਧਰ ਉਧਰ ਹੋ ਗਈ ਕਿ ਪੁਰਾਣੀ ਮਰਦਮਸ਼ੁਮਾਰੀ ਅਰਥਹੀਣ ਹੋ ਗਈ। ਵੀਕੀਪੀਡੀਆ ਦੇ ਅਨੁਸਾਰ 1951 ਦੀ ਮਰਦਮਸ਼ੁਮਾਰੀ ਵਿਚ ਪਾਕਿਸਤਾਨ ਦੀ ਅਬਾਦੀ ਵਿਚ ਹਿੰਦੂ ਅਬਾਦੀ ਦਾ ਅਨੁਪਾਤ 12.3 ਪ੍ਰਤੀਸ਼ਤ ਹੈ। ਪਰ ਇਸ ਦਾ ਵੱਡਾ ਹਿੱਸਾ ਪੂਰਬੀ ਪਾਕਿਸਤਾਨ - ਅਰਥਾਤ ਮੌਜੂਦਾ ਬੰਗਲਾਦੇਸ ਵਿਚ ਹੈ। ਬੰਗਲਾਦੇਸ ਵਿਚ 28 ਫੀਸਦੀ ਤੋਂ ਜ਼ਿਆਦਾ ਗ਼ੈਰ ਮੁਸਲਮਾਨ ਹਨ ਤੇ ਪੱਛਮੀ ਪਾਕਿਸਤਾਨ ਵਿਚ ਸਿਰਫ 2.6 ਪ੍ਰਤੀਸ਼ਤ। ਦਿਲਚਸਪ ਗੱਲ ਇਹ ਹੈ ਕਿ ਅਗਲੇ 40 ਸਾਲਾ ਵਿਚ ਇਹ ਆਬਾਦੀ ਵਧਦੀ ਹੈ — ਹਿੰਦੂ ਅਬਾਦੀ ਵਿਚ 1 ਫੀਸਦੀ ਤੋਂ ਜ਼ਿਆਦਾ ਵਾਧਾ ਹੁੰਦਾ ਹੈ। ਪਰ ਮੋਦੀ ਸਰਕਾਰ ਦੱਸਦੀ ਹੈ ਕਿ 1947 ਦੌਰਾਨ ਪਾਕਿਸਤਾਨ ਵਿਚ 23 ਫੀਸਦੀ ਹਿੰਦੂ ਹਨ ਜੋ ਹੁਣ ਘੱਟ ਕੇ 3 ਫੀਸਦੀ ਤੋਂ ਘੱਟ ਰਹਿ ਗਏ। ਨਾਗਰਿਕਤਾ ਸੋਧ ਕਾਨੂੰਨ ਇਸ ਇਕੱਲੇ ਝੂਠ ਦੀ ਬੁਨਿਆਦ ਤੇ ਟਿਕਿਆ ਹੋਇਆ ਨਹੀਂ ਹੈ, ਇਸ ਵਿਚ ਹੋਰ ਝੂਠ ਵੀ ਸ਼ਾਮਲ ਹੈ। ਮਸਲਨ ਮੋਦੀ ਸਰਕਾਰ ਵਾਰ-ਵਾਰ ਯਾਦ ਦਿਵਾ ਰਹੀ ਹੈ ਕਿ ਮੁਸਲਮਾਨ ਤਾਂ ਕਿਸੇ ਵੀ ਦੇਸ ਵਿਚ ਜਾ ਸਕਦੇ ਹਨ, ਹਿੰਦੂਆਂ ਦੇ ਲਈ ਕੋਈ ਹੋਰ ਦੇਸ਼ ਨਹੀਂ ਹੈ? ਇਸ ਮਾਮਲੇ ਵਿਚ ਸੱਚਾਈ ਕੀ ਹੈ? ਜੇਕਰ ਕਿਸੇ ਦੇਸ ਦੇ ਨਾਗਰਿਕ ਸਭ ਤੋਂ ਜ਼ਿਆਦਾ ਪ੍ਰਵਾਸੀ ਹਨ ਤਾਂ ਉਹ ਭਾਰਤ ਹੈ। ਭਾਰਤ ਵਿਚ ਤਕਰੀਬਨ ਪੌਣੇ ਦੋ ਕਰੋੜ ਲੋਕ ਵਿਦੇਸ਼ਾਂ ਵਿਚ ਵਸੇ ਹੋਏ ਹਨ। ਜ਼ਾਹਿਰ ਹੈ ਇਸ ਵਿਚ ਵੱਡੀ ਗਿਣਤੀ ਹਿੰਦੂਆਂ ਦੀ ਹੈ। ਹਿੰਦੂਆਂ ਨੂੰ ਵੀ ਦੁਨੀਆਂ ਦੇ ਹਰ ਦੇਸ਼ ਵਿਚ ਨਾਗਰਿਕਤਾ ਮਿਲ ਸਕਦੀ ਹੈ ਤੇ ਮਿਲ ਰਹੀ ਹੈ, ਪਰ ਮੋਦੀ ਸਰਕਾਰ ਇਸ ਮਾਮਲੇ ਵਿਚ ਝੂਠ ਬੋਲ ਰਹੀ ਹੈ, ਕਿਉਂਕਿ ਮੋਦੀ ਸਰਕਾਰ ਦਾ ਏਜੰਡਾ ਭਗਵਾਂ ਰਾਸ਼ਟਰਵਾਦ ਹੈ। ਜੇਕਰ ਮੋਦੀ ਸਰਕਾਰ ਆਪਣੀਆਂ ਭਗਵੀਆਂ ਐਨਕਾ ਉਤਾਰੇ ਤਾਂ ਉਸ ਨੂੰ ਇਸ ਸੱਚਾਈ ਦਾ ਅਹਿਸਾਸ ਹੋ ਸਕਦਾ ਹੈ ਕਿ ਸਿਰਫ ਅਫਗਾਨਿਸਤਾਨ, ਬੰਗਲਾਦੇਸ ਤੇ ਪਾਕਿਸਤਾਨ ਵਿਚ ਘੱਟ ਗਿਣਤੀਆਂ ਨਹੀਂ ਸਤਾਈਆਂ ਜਾ ਰਹੀਆਂ, ਬਲਕਿ ਸ੍ਰੀਲੰਕਾ ਵਿਚ ਤਾਮਿਲ, ਮੀਆਂਮਾਰ ਵਿਚ ਰੋਹੰਗੀਆ ਤੇ ਚੀਨ ਦੇ ਬੇਘਰ ਮੁਸਲਮਾਨ ਵੀ ਇਸ ਪੀੜਾ ਦੇ ਸ਼ਿਕਾਰ ਹਨ। ਇਸ ਪੀੜਾ ਦੇ ਪਿੱਛੇ ਉਨਾਂ ਦੀ ਧਾਰਮਿਕ ਤੇ ਸਭਿਆਚਾਰਕ ਪਛਾਣ ਵੀ ਹੈ। ਜੇਕਰ ਸਰਕਾਰ ਨੂੰ ਗੁਆਂਢੀਆਂ ਦੇ ਘੱਟ ਗਿਣਤੀ ਭਾਈਚਾਰੇ ਦੀ ਫਿਕਰ ਹੁੰਦੀ ਤਾਂ ਉਹ ਇਨਾਂ ਸਾਰੇ ਦੇਸਾਂ ਨੂੰ ਆਪਣੇ ਕਾਨੂੰਨ ਦੇ ਘੇਰੇ ਵਿਚ ਲਿਆਉਂਦੀ, ਪਰ ਮੋਦੀ ਸਰਕਾਰ ਦੀ ਚਿੰਤਾ ਹਿੰਦੂ ਰਾਜਨੀਤੀ ਦੀ ਚਿੰਤਾ ਹੈ। ਉਹ ਹਿੰਦੂ ਮਸਲੇ ਫਾਸ਼ੀਵਾਦੀ ਢੰਗ ਨਾਲ ਭੜਕਾ ਕੇ ਹਿਟਲਰ ਦੀਆਂ ਨੀਤੀਆਂ 'ਤੇ ਚਲ ਕੇ ਸੰਵਿਧਾਨ ਨਾਲ ਛੇੜਛਾੜ ਕਰ ਰਹੀ ਹੈ ਤੇ ਆਪਣੀ ਸੱਤਾ ਨੂੰ ਕਾਇਮ ਰੱਖਣਾ ਚਾਹੁੰਦੀ ਹੈ।

ਮੋਦੀ ਸਰਕਾਰ ਜੋ ਨਾਗਰਿਕਤਾ ਕਾਨੂੰਨ ਲਿਆ ਰਹੀ ਹੈ, ਉਹ ਮੁਸਲਮਾਨ ਤੇ ਹਿੰਦੂਆਂ ਵਿਚਾਲੇ ਇਕ ਫਿਰਕੂ ਰੇਖਾ ਖਿੱਚ ਦੇਵੇਗਾ। ਅਮਿਤ ਸ਼ਾਹ ਵਾਰ-ਵਾਰ ਬੋਲ ਰਹੇ ਹਨ ਜੋ ਹਿੰਦੂ ਘੁਸਪੈਠੀਏ ਹਨ, ਉਹਨਾਂ ਨੂੰ ਬਹੁਤੇ ਦਸਤਾਵੇਜ਼ ਦਿਖਾਉਣ ਦੀ ਜ਼ਰੂਰਤ ਨਹੀਂ। ਉਨਾਂ ਨੂੰ ਨਾਗਰਿਕਤਾ ਦਾ ਹੱਕ ਹੋਵੇਗਾ। ਇਸ ਤੋਂ ਸਾਫ ਹੈ ਕਿ ਮੁਸਲਮਾਨਾਂ ਨੂੰ ਹਿੰਦੂਆਂ ਵਰਗੀਆਂ ਸਹੂਲਤਾਂ ਨਹੀਂ ਮਿਲਣਗੀਆਂ ਤੇ ਕਈ ਮੁਸਲਮਾਨਾਂ ਨੂੰ ਨਾਗਰਿਕਤਾ ਦੇ ਅਧਿਕਾਰ ਨਹੀਂ ਮਿਲਣਗੇ। ਇਹ ਆਧਾਰ ਅਸਲ ਵਿਚ ਹਿੰਦੂ ਰਾਸ਼ਟਰਵਾਦ ਦਾ ਬਣਾਇਆ ਜਾ ਰਿਹਾ ਹੈ, ਜੋ ਕਿ ਭਾਰਤੀ ਕਾਨੂੰਨ ਦੇ ਬਿਲਕੁਲ ਉਲਟ ਹੈ। ਅਸਲ ਵਿਚ ਭਾਜਪਾ ਅਤੇ ਰਾਸ਼ਟਰੀ ਸਵੈਮ ਸੇਵਕ ਸੰਘ ਰਜਿਸਟਰ ਬਣਾਉਣ ਵਾਲੀ ਮਾਨਸਿਕਤਾ ਦਾ ਸ਼ਿਕਾਰ ਹਨ। ਉਨਾਂ ਦੇ ਚੇਤਨ ਤੇ ਅਵਚੇਤਨ ਵਿਚ ਇਹ ਗੰਢ ਪੱਕੀ ਤਰਾਂ ਨਾਲ ਪਈ ਹੋਈ ਹੈ ਕਿ ਕੁਝ ਫ਼ਿਰਕਿਆਂ ਦੇ ਲੋਕ ਇਸ ਦੇਸ਼ ਦੇ ਕੁਦਰਤੀ ਸ਼ਹਿਰੀ ਹਨ ਜਦੋਂਕਿ ਕੁਝ ਧਰਮਾਂ ਦੇ ਲੋਕਾਂ ਨੂੰ ਸ਼ੱਕ ਦੀ ਨਜ਼ਰ ਨਾਲ ਵੇਖਣਾ ਉਨਾਂ ਦਾ ਅਧਿਕਾਰ ਹੈ। ਇਹ ਰਜਿਸਟਰਵਾਦੀ ਰਾਸ਼ਟਰਵਾਦ ਇਸ ਮਾਨਸਿਕਤਾ ਜਿਸ ਦੀ ਬੁਨਿਆਦ ਭਗਵਾਂ ਰਾਸ਼ਟਰਵਾਦ ਹੈ, ਦੀ ਉਪਜ ਹੈ। ਭਾਜਪਾ ਕਿਸੇ ਨਾ ਕਿਸੇ ਤਰੀਕੇ ਰਾਹੀਂ ਇਹ ਸਿੱਧ ਕਰਨਾ ਚਾਹੁੰਦੀ ਹੈ ਕਿ ਕੁਝ ਮੁਸਲਮਾਨ ਇਸ ਦੇਸ਼ ਵਿਚ ਗੈਰਕਾਨੂੰਨੀ ਤੌਰ 'ਤੇ ਰਹਿ ਰਹੇ ਹਨ ਅਤੇ ਉਹ ਹੀ ਦੇਸ਼ ਦੀਆਂ ਸਾਰੀਆਂ ਮੁਸ਼ਕਿਲਾਂ ਲਈ ਜ਼ਿੰਮੇਵਾਰ ਹਨ। ਇਸ ਤਰਾਂ ਦੀ ਵਿਚਾਰਧਾਰਾ ਲੋਕਾਂ ਨੂੰ ਫ਼ਿਰਕੂ ਲੀਹਾਂ 'ਤੇ ਵੰਡਣ ਅਤੇ ਜਜ਼ਬਾਤ ਭੜਕਾਉਣ ਲਈ ਵਰਤੀ ਜਾਂਦੀ ਹੈ।

ਅੰਮ੍ਰਿਤਸਰ ਟਾਈਮਜ਼ AMRITSAR TIMES
08 ਜਨਵਰੀ 2020 ਤੋਂ 14 ਜਨਵਰੀ 2020

## 'ਸੱਚੀ ਟਕਸਾਲ' ਦਾ ਸ਼ਬਦ

ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਤੋਂ ਇਲਾਹੀ ਬਾਣੀ ਦਾ ਕੀਰਤਨ ਅਤੇ ਮੁੱਖ ਵਾਕ ਸਿਰਫ਼ ਸਿੱਖ ਸੰਗਤ ਲਈ ਹੀ ਨਹੀਂ ਸਗੋਂ ਸਾਰੇ ਪ੍ਰਾਣੀਆਂ ਲਈ ਜੀਵਨ ਜਾਚ ਦਾ ਪ੍ਰੇਰਨਾ ਸਰੋਤ ਹੈ। ਧੁਰ ਕੀ ਬਾਣੀ ਦਾ ਇਹ ਪ੍ਰਵਾਹ ਸਦੀਆਂ ਤੋਂ ਚਲਦਾ ਆ ਰਿਹਾ ਹੈ। 1949 ਵਿਚ ਅਕਾਸ਼ਵਾਣੀ ਜਲੰਧਰ ਦੀ ਸਥਾਪਨਾ ਤੋਂ ਬਾਅਦ, ਦਰਬਾਰ ਸਾਹਿਬ ਤੋਂ ਸ਼ਬਦ ਕੀਰਤਨ ਦਾ ਸਿੱਧਾ ਪ੍ਰਸਾਰਣ ਸ਼ੁਰੂ ਹੋਇਆ ਜੋ ਸਵੇਰੇ ਅੰਮ੍ਰਿਤ ਵੇਲੇ ਅਤੇ ਸ਼ਾਮੀਂ ਤਰਕਾਲਾਂ ਵੇਲੇ ਹਰ ਰੋਜ਼ ਹੁੰਦਾ ਹੈ। ਦਰਬਾਰ ਸਾਹਿਬ ਵਿਚ ਅੰਮ੍ਰਿਤ ਵੇਲੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਕਿਵਾੜ ਖੁੱਲਣ ਤੋਂ ਬਾਅਦ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਅਤੇ ਸ੍ਰੀ ਆਸਾ ਜੀ ਦੀ ਵਾਰ ਦੇ ਕੀਰਤਨ ਤੋਂ ਇਲਾਵਾ ਭੱਟਾਂ ਦੇ ਸਵਈਏ ਇਸ ਪ੍ਰਸਾਰਣ ਦਾ ਹਿੱਸਾ ਹੁੰਦੇ ਹਨ। ਇਨਾਂ ਵਿਚ ਅੰਮ੍ਰਿਤ ਵੇਲੇ ਦਾ ਮੁੱਖ ਵਾਕ (ਹੁਕਮਨਾਮਾ) ਅਤੇ ਪਹਿਲੀ ਅਰਦਾਸ ਵੀ ਸੰਗਤਾਂ ਘਰ ਬੈਠਿਆਂ ਸਰਵਣ ਕਰਦੀਆਂ ਆ ਰਹੀਆਂ ਹਨ। ਅਕਾਸ਼ਵਾਣੀ ਜਲੰਧਰ ਤੋਂ ਇਸ ਪ੍ਰਸਾਰਣ ਸਬੰਧੀ ਸ਼ੁਰੂ ਤੋਂ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸੂਚਨਾ ਅਤੇ ਪ੍ਰਸਾਰਣ ਮੰਤਰਾਲੇ (ਹੁਣ ਪ੍ਰਸਾਰ ਭਾਰਤੀ) ਵਿਚਕਾਰ ਇਕ ਸੂਝ ਬੂਝ ਬਣੀ ਹੋਈ ਹੈ ਅਤੇ ਇਹ ਸਿਲਸਿਲਾ ਨਿਰੰਤਰ ਚਲਦਾ ਆ ਰਿਹਾ ਹੈ। ਇਸ ਤੋਂ ਉਪਰੰਤ ਟੈਲੀਵੀਜ਼ਨ ਉਪਰ ਦਰਬਾਰ ਸਾਹਿਬ ਤੋਂ ਸ਼ਬਦ ਕੀਰਤਨ ਦਾ ਪ੍ਰਸਾਰਣ ਉਸ ਸਮੇਂ ਸ਼ੁਰੂ ਹੋਇਆ ਜਦ ਦਿੱਲੀ ਵਿਚ ਪਹਿਲਾ ਪ੍ਰਾਈਵੇਟ ਪੰਜਾਬੀ ਟੀ.ਵੀ. ਚੈਨਲ 'ਵਰਲਡ ਪੰਜਾਬੀ' 1998 ਵਿਚ ਸਥਾਪਤ ਹੋਇਆ। ਇਸ ਚੈਨਲ ਨੇ ਪਹਿਲਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਇਜ਼ਾਜਤ ਨਾਲ ਸ਼ਬਦ ਕੀਰਤਨ ਦਾ ਰਿਕਾਰਡਡ ਪ੍ਰਸਾਰਣ ਸ਼ੁਰੂ ਕੀਤਾ ਪਰ ਛੇਤੀ ਹੀ ਇਹ ਚੈਨਲ ਬੰਦ ਹੋ ਗਿਆ ਅਤੇ ਇਸ ਦੇ ਇਕ ਡਾਇਰੈਕਟਰ ਸ੍ਰੀ ਰਾਬਿੰਦਰ ਨਰਾਇਣ ਨੇ ਮਨੋਰੰਜਨ ਦਾ ਵੱਖਰਾ ਚੈਨਲ ਈ ਟੀ ਸੀ ਸ਼ੁਰੂ ਕਰ ਦਿੱਤਾ। ਰਾਬਿੰਦਰ ਨਰਾਇਣ ਵਰਲਡ ਪੰਜਾਬੀ ਟੀ ਵੀ ਵਿਚ ਰਹਿੰਦਿਆਂ ਇਹ ਗੱਲ ਸਮਝ ਚੁੱਕੇ ਸਨ ਕਿ ਬਾਹਰਲੇ ਮੁਲਕਾਂ ਵਿਚ ਬੈਠੇ ਸਿੱਖ ਭਾਈਚਾਰੇ ਵਿਚ ਦਰਬਾਰ ਸਾਹਿਬ ਦੇ ਸ਼ਬਦ ਕੀਰਤਨ ਅਤੇ ਅੰਮ੍ਰਿਤ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਪ੍ਰਤੀ ਬੇਹੱਦ ਖਿੱਚ ਅਤੇ ਆਸਥਾ ਹੈ। ਜਦ ਸ਼੍ਰੋਮਣੀ ਅਕਾਲੀ ਦਲ ਦੀ ਅੰਦਰੂਨੀ ਖਿੱਚੋਤਾਣ ਤੋਂ ਬਾਅਦ ਸਾਲ 2000 ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਅਸਤੀਫ਼ਾ ਦੇ ਦਿੱਤਾ ਅਤੇ ਮਾਰਚ ਵਿਚ ਬੀਬੀ ਜਗੀਰ ਕੌਰ ਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬਣਾਇਆ ਗਿਆ ਤਾਂ ਰਾਬਿੰਦਰ ਨਰਾਇਣ ਦੀ ਪਹਿਲ ਕਦਮੀ ਤੇ ਈ ਟੀ ਸੀ ਚੈਨਲ ਨਾਲ ਸ਼੍ਰੋਮਣੀ ਕਮੇਟੀ ਦਾ ਇਕ ਸਮਝੌਤਾ ਕਲਮਬੰਦ ਹੋਇਆ ਜਿਸ ਤਹਿਤ ਈ ਟੀ ਸੀ ਨੂੰ ਦਰਬਾਰ ਸਾਹਿਬ ਤੋਂ ਸਿੱਧੇ ਪ੍ਰਸਾਰਣ ਦੀ ਇਜਾਜ਼ਤ ਮਿਲੀ। ਇੱਥੇ ਇਹ ਕਾਬਿਲ ਏ ਜ਼ਿਕਰ ਹੈ ਕਿ ਇਸ ਸਮਝੌਤੇ ਤਹਿਤ ਜੋ ਈ ਟੀ ਸੀ ਦੇ ਨੁਮਾਇੰਦੇ ਜਗਜੀਤ ਸਿੰਘ ਕੋਹਲੀ ਅਤੇ ਸ਼੍ਰੋਮਣੀ ਕਮੇਟੀ ਵਿਚਕਾਰ ਹੋਇਆ ਸੀ, ਪ੍ਰਸਾਰਣ ਅਤੇ ਇਸ ਦੇ ਵਿਸ਼ਾ ਵਸਤੂ ਦੇ ਸਾਰੇ ਹੱਕ ਵੀ ਇਸ ਚੈਨਲ ਕੋਲ ਚਲੇ ਗਏ। ਉਸ ਸਮੇਂ ਈ ਟੀ ਸੀ ਦੀ ਸੀ ਈ ਓ ਰਾਜੀ ਸ਼ਿੰਦੇ ਸੀ ਅਤੇ ਜਦ ਈ ਟੀ ਸੀ ਚੈਨਲ ਪੀ ਟੀ ਸੀ ਵਿਚ ਤਬਦੀਲ ਹੋਇਆ ਤਾਂ ਦਰਬਾਰ ਸਾਹਿਬ ਤੋਂ ਟੈਲੀਵੀਜ਼ਨ ਪ੍ਰਸਾਰਣ ਇਸ ਚੈਨਲ ਕੋਲ ਚਲਾ ਗਿਆ। ਹੌਲੀ ਹੌਲੀ ਇਸ ਚੈਨਲ ਨੇ ਦਰਬਾਰ ਸਾਹਿਬ ਤੋਂ ਸਿੱਧੇ ਪ੍ਰਸਾਰਣ ਜਿਸ ਵਿਚ ਅੰਮ੍ਰਿਤ ਵੇਲੇ ਦਾ ਮੁੱਖ ਵਾਕ, ਅਰਦਾਸ, ਕੀਰਤਨ ਅਤੇ ਭੱਟਾਂ ਦੇ ਸਵਈਏ ਸ਼ਾਮਲ ਹਨ ਨੂੰ ਆਪਣੇ ਕਾਪੀ ਰਾਈਟ ਵਿਚ ਸ਼ਾਮਲ ਕਰ ਲਿਆ। ਇੱਥੋਂ ਤੱਕ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਗਿੱਟ-ਮਿੱਟ ਕਰਕੇ ਧਾਰਮਿਕ ਸਮਾਗਮਾਂ 'ਤੇ ਵੀ ਹੋਰਨਾਂ ਟੀ ਵੀ ਚੈਨਲਾਂ ਦੇ ਕੈਮਰਿਆਂ ਦਾ ਦਾਖਲਾ ਬੰਦ ਕਰਵਾ ਦਿੱਤਾ। ਪੀ ਟੀ ਸੀ ਦੀ ਇਹ ਅਜਾਰੇਦਾਰੀ ਸ਼ਾਇਦ ਇਸੇ ਤਰਾਂ ਚਲਦੀ ਰਹਿੰਦੀ ਜੇ 'ਸਿੱਖ ਸਿਆਸਤ' ਵੈੱਬ ਪੋਰਟਲ ਇਸ ਦਾ ਨੋਟਿਸ ਨਾ ਲੈਂਦਾ। ਸਿੱਖ ਸਿਆਸਤ ਵੈੱਬ ਪੋਰਟਲ ਧਰਮ ਅਤੇ ਰਾਜਨੀਤੀ ਨਾਲ ਜੁੜਿਆ ਹੋਇਆ ਇਕ ਸੰਜੀਦਾ ਪੋਰਟਲ ਹੈ ਜੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਵੈਬਸਾਈਟ ਜੋ ਸਾਰੇ ਲੋਕਾਂ ਲਈ ਓਪਨ ਹੈ, ਤੋਂ ਮੁੱਖ ਵਾਕ (ਹੁਕਮਨਾਮਾ) ਆਪਣੇ ਪਾਠਕਾਂ/ਦਰਸ਼ਕਾਂ ਲਈ ਸਾਂਝਾ ਕਰਦਾ ਆ ਰਿਹਾ ਸੀ। ਪੀ ਟੀ ਸੀ ਨੇ ਫੇਸਬੁੱਕ ਦੇ ਪ੍ਰਸ਼ਾਸਕ ਨੂੰ ਪੱਤਰ ਲਿਖ ਕੇ ਹੁਕਮਨਾਮਾ ਸਾਹਿਬ ਨੂੰ ਆਪਣੀ 'ਬੌਧਿਕ ਜਾਇਦਾਦ' ਕਿਹਾ ਅਤੇ ਇਸ ਦੀ ਅਪਲੋਡਿੰਗ ਬੰਦ ਕਰਵਾ ਦਿੱਤੀ। ਇਸ ਵਿਚ ਕੋਈ ਦੋ ਰਾਵਾਂ ਨਹੀਂ ਕਿ ਪੀ ਟੀ ਸੀ ਆਪਣੇ ਚੈਨਲਾਂ ਰਾਹੀਂ ਦੇਸ਼ ਵਿਦੇਸ਼ ਦੇ ਲੋਕਾਂ ਤੱਕ ਦਰਬਾਰ ਸਾਹਿਬ ਦਾ ਸਿੱਧਾ ਪ੍ਰਸਾਰਣ ਪਹੁੰਚਾ ਰਿਹਾ ਹੈ ਪਰ ਇਸ ਦਾ ਮਕਸਦ ਕੋਈ ਨਿਸ਼ਕਾਮ ਸੇਵਾ ਨਹੀਂ ਬਲਕਿ ਇਸ ਚੈਨਲ ਦਾ ਬਹੁਤ ਵੱਡਾ ਵਪਾਰਕ ਪਹਿਲੂ ਹੈ। ਇਹ ਗੱਲ ਆਮ ਸਿੱਖ ਜਾਂ ਨਾਨਕ ਨਾਮਲੇਵਾ ਦੇ ਸੰਘੋਂ ਹੇਠਾਂ ਨਹੀਂ ਉਤਰਦੀ ਕਿ ਰੱਬੀ ਬਾਣੀ ਜੋ ਮਨੁੱਖਤਾ ਅਤੇ ਸਰਬੱਤ ਦੇ ਭਲੇ ਲਈ ਹੈ ਕਿਸੇ ਇਕ ਪ੍ਰਾਈਵੇਟ ਅਦਾਰੇ ਦੀ 'ਬੌਧਿਕ ਜਾਇਦਾਦ' ਕਿਵੇਂ ਬਣ ਗਈ। ਪੀ ਟੀ ਸੀ ਚੈਨਲ ਦੇ ਮੈਨੇਜਿੰਗ ਡਾਇਰੈਕਟਰ ਰਾਬਿੰਦਰ ਨਰਾਇਣ ਨੇ ਖੁਦ ਆਪਣੇ ਫੇਸਬੁੱਕ 'ਤੇ ਇਹ ਦਾਅਵਾ ਕੀਤਾ ਕਿ ਉਹ ਇਸ ਪ੍ਰਸਾਰਣ ਬਦਲੇ ਹੁਣ ਤੱਕ ਸ਼੍ਰੋਮਣੀ ਕਮੇਟੀ ਨੂੰ 10 ਕਰੋੜ ਰੁਪਏ ਤੋਂ ਵੱਧ ਪੈਸਾ ਦੇ ਚੁੱਕੇ ਹਨ। ਜੇ ਇਕ ਅਦਾਰਾ ਪ੍ਰਸਾਰਣ ਲਈ ਸ਼੍ਰੋਮਣੀ ਕਮੇਟੀ ਨੂੰ 10 ਕਰੋੜ ਰੁਪਏ ਦੀ ਵੱਡੀ ਰਕਮ ਤਾਰ ਰਿਹਾ ਹੈ ਤਾਂ ਇਹ ਗੱਲ ਸਮਝ ਪੈ ਜਾਣੀ ਚਾਹੀਦੀ ਹੈ ਕਿ ਉਹ ਅੱਗੋਂ ਇਸ ਤੋਂ ਕਿੰਨਾ ਪੈਸਾ ਕਮਾ ਰਿਹਾ ਹੈ।

ਇਹ ਮਾਮਲਾ ਭਾਵੇਂ ਹੁਣ ਸ੍ਰੀ ਅਕਾਲ ਤਖਤ ਸਾਹਿਬ ਕੋਲ ਚਲਾ ਗਿਆ ਹੈ ਅਤੇ 'ਸਿੱਖ ਸਿਆਸਤ' ਦੇ ਸੰਪਾਦਕ ਭਾਈ ਪਰਮਜੀਤ ਸਿੰਘ ਗਾਜ਼ੀ ਨੇ ਕਈ ਸੰਜੀਦਾ ਸੁਆਲ ਖੜੇ ਕੀਤੇ ਹਨ। ਇਸ ਤੋਂ ਪਹਿਲਾਂ ਕਾਂਗਰਸੀ ਆਗੂ ਅਤੇ ਪੰਜਾਬ ਦੇ ਕੈਬਨਿਟ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਵਿਧਾਨ ਸਭਾ ਦੇ ਮੰਚ ਤੋਂ ਇਲਾਵਾ ਕਈ ਵਾਰ ਜਨਤਕ ਇਕੱਠਾਂ ਅਤੇ ਪ੍ਰੈਸ ਸਾਹਮਣੇ ਇਹ ਮੰਗ ਉਠਾ ਚੁੱਕੇ ਹਨ ਕਿ ਦਰਬਾਰ ਸਾਹਿਬ ਤੋਂ ਹੁੰਦੇ ਗੁਰਬਾਣੀ ਕੀਰਤਨ ਦੇ ਪ੍ਰਸਾਰਣ ਲਈ ਸ਼੍ਰੋਮਣੀ ਕਮੇਟੀ ਨੂੰ ਆਪਣਾ ਇਕ ਚੈਨਲ ਬਣਾ ਕੇ ਸਾਰੇ ਮੀਡੀਆ ਅਦਾਰਿਆਂ ਨੂੰ ਅੱਗੋਂ ਪ੍ਰਸਾਰਣ ਦੀ ਇਜਾਜਤ ਦੇਣੀ ਚਾਹੀਦੀ ਹੈ।

ਸਿੱਖ ਬੁੱਧੀਜੀਵੀਆਂ, ਇਤਿਹਾਸਕਾਰਾਂ ਅਤੇ ਕੌਮ ਨੂੰ ਸੇਧ ਦੇਣ ਵਾਲੇ ਧਾਰਮਿਕ ਆਗੂਆਂ ਨੂੰ ਇਹ ਮਾਮਲੇ ਤੇ ਜ਼ਰੂਰ ਵਿਚਾਰ ਕਰਨੀ ਚਾਹੀਦੀ ਹੈ ਕਿ ਕੀ ਇਕ 'ਗੈਰ ਸਿੱਖ' ਵਿਅਕਤੀ ਵਲੋਂ ਇਲਾਹੀ ਬਾਣੀ ਲਈ ਕੀਤੀ ਗਈ 'ਬੌਧਿਕ ਜਾਇਦਾਦ' ਜਿਹੀ ਟਿੱਪਣੀ ਇਕ ਜਾਇਜ਼ ਪਰਿਪੇਖ ਹੈ। ਕੀ ਗੁਰਬਾਣੀ ਨੂੰ ਕਾਪੀ ਰਾਈਟ ਜਾਂ ਪੇਟੈਂਟ ਵਰਗੇ ਵਪਾਰਕ ਲਫ਼ਜ਼ਾਂ ਦਾ ਮੁਥਾਜ ਬਣਾਉਣਾ ਗੁਰਮਤਿ ਦੇ ਅਨੁਸਾਰ ਹੈ? ਭਾਵੇਂ ਇਹ ਮਾਮਲਾ ਸ੍ਰੀ ਅਕਾਲ ਤਖਤ ਸਾਹਿਬ ਦੇ ਵਿਚਾਰ ਅਧੀਨ ਹੈ ਪਰ ਇਸ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਉਪਰ ਇਕ ਪਾਰਟੀ ਦੀ ਸੱਤਾ ਅਤੇ ਵਿਵਾਦਪੂਰਨ ਚੈਨਲ ਵਿਚ ਉਸੇ ਪਾਰਟੀ ਪ੍ਰਧਾਨ ਦੀ ਸਰਪ੍ਰਸਤੀ ਨੂੰ ਇਕ ਵਾਰ ਫਿਰ ਸਿੱਖ ਹਲਕਿਆਂ ਵਿਚ ਚਰਚਾ ਦਾ ਵਿਸ਼ਾ ਬਣਾ ਦਿੱਤਾ ਹੈ।

# ਅਸਾਮ ਦੇ ਗ਼ੈਰ ਨਾਗਰਿਕ ਲੋਕਾਂ ਦਾ ਦੁਖਾਂਤ ਤੇ ਭਾਰਤੀ ਖਤਰਨਾਕ ਕਾਨੂੰਨ

ਭਾਗ - 5






**ਅਰੁੰਧਤੀ ਰਾਇ**

2013 ਵਿਚ ਅਸਾਮ ਪਬਲਿਕ ਵਰਕਰਸ ਨਾਮ ਦੇ ਐਨਜੀਓ ਨੇ ਸੁਪਰੀਮ ਕੋਰਟ ਵਿਚ ਰਿੱਟ ਪਾਈ ਅਤੇ ਨਾਜਾਇਜ਼ ਨਾਗਰਿਕਾਂ ਦਾ ਨਾਮ ਇਲੈਕਸ਼ਨ ਸੂਚੀ ਵਿਚੋਂ ਹਟਾਉਣ ਦੀ ਮੰਗ ਕੀਤੀ। ਬਾਅਦ ਵਿਚ ਐਨਆਰਸੀ ਪ੍ਰਣਾਲੀ ਨੂੰ ਅੰਤਿਮ ਰੂਪ ਦੇਣ ਦਾ ਜ਼ਿੰਮਾ ਸੁਪਰੀਮ ਕੋਰਟ ਦੇ ਜੱਜ ਪੰਕਜ ਗੰਗੋਈ ਨੂੰ ਦਿੱਤਾ ਗਿਆ, ਜੋ ਖੁਦ ਅਸਾਮ ਦੇ ਸਨ। ਦਸੰਬਰ 2014 ਦੌਰਾਨ ਸੁਪਰੀਮ ਕੋਰਟ ਨੇ ਹੁਕਮ ਦਿੱਤਾ ਕਿ ਐਨਆਰਸੀ ਨੂੰ ਅਪਡੇਟ ਕਰਕੇ ਇਕ ਸਾਲ ਦੇ ਅੰਦਰ ਕੋਰਟ ਵਿਚ ਪੇਸ਼ ਕੀਤਾ ਜਾਵੇ। ਕਿਸੇ ਨੂੰ ਪਤਾ ਨਹੀਂ ਸੀ ਕਿ ਜਿਨਾਂ ਪੰਜਾਹ ਲੱਖ ਘੁਸਪੈਠੀਆਂ ਦਾ ਪਤਾ ਲੱਗਣ ਦੀ ਉਮੀਦ ਹੈ, ਉਸ ਦਾ ਕੀ ਕੀਤਾ ਜਾਵੇਗਾ? ਸੁਆਲ ਹੀ ਪੈਦਾ ਨਹੀਂ ਹੁੰਦਾ ਕਿ ਉਨਾਂ ਨੂੰ ਬੰਗਲਾਦੇਸ਼ ਵਿਚ ਭੇਜਿਆ ਜਾ ਸਕਦਾ ਹੈ। ਕੀ ਏਨੇ ਲੋਕਾਂ ਨੂੰ ਨਜ਼ਰਬੰਦ ਕੈਂਪਾਂ ਵਿਚ ਰੱਖਿਆ ਜਾ ਸਕਦਾ ਹੈ ਤੇ ਕਿੰਨੇ ਸਾਲਾਂ ਤੱਕ? ਕੀ ਉਨਾਂ ਦੀ ਨਾਗਰਿਕਤਾ ਖੋਹ ਲਈ ਜਾਵੇਗੀ? ਕੀ ਭਾਰਤ ਦੀ ਸਰਵਉੱਚ ਅਦਾਲਤ ਇਸ ਵਿਸ਼ਾਲ ਨੌਕਰਸ਼ਾਹੀ ਅਭਿਆਸ ਮਾਈਕ੍ਰੋਮੈਨੇਜਮੈਂਟ ਕਰੇਗੀ, ਜਿਸ ਵਿਚ ਤਿੰਨ ਕਰੋੜ ਲੋਕ ਸ਼ਾਮਲ ਹਨ। ਦੂਰ ਦੁਰਾਡੇ ਇਲਾਕਿਆਂ ਵਿਚ ਰਹਿਣ ਵਾਲੇ ਲੱਖਾਂ ਪੇਂਡੂਆਂ ਤੋਂ ਉਮੀਦ ਕੀਤੀ ਗਈ ਹੈ ਕਿ ਉਹ ਪੁਰਾਣੇ ਦਸਤਾਵੇਜ਼ ਪੇਸ਼ ਕਰਨਗੇ, ਜੋ 1971 ਤੋਂ ਪਹਿਲਾਂ ਉਨਾਂ ਨੂੰ ਅਸਾਮ ਦਾ ਨਿਵਾਸੀ ਸਾਬਤ ਕਰਦੇ ਹੋਣ। ਸੁਪਰੀਮ ਕੋਰਟ ਦੇ ਡੈਡ ਲਾਈਨ ਨੇ ਇਸ ਪੂਰੀ ਮੁਹਿੰਮ ਨੂੰ ਇਕ ਬੁਰਾ ਸੁਪਨਾ ਬਣਾ ਦਿੱਤਾ। ਗਰੀਬ, ਅਨਪੜ ਪਿੰਡ ਵਾਲਿਆਂ ਨੂੰ ਨੌਕਰਸ਼ਾਹੀ, ਕਾਨੂੰਨ, ਦਸਤਾਵੇਜ਼ਾਂ, ਅਦਾਲਤੀ ਸੁਣਵਾਈਆਂ ਤੇ ਉਨਾਂ ਦੇ ਨਾਲ ਜੁੜੀ ਜ਼ਾਲਮਾਨਾ ਜਾਂਚ ਦੇ ਮੱਕੜਜਾਲ ਵਿਚ ਫਸਾ ਦਿੱਤਾ ਗਿਆ। ਹਮੇਸ਼ਾ ਰੂਪ ਬਦਲਦੇ ਰਹਿਣ ਵਾਲੇ ਬ੍ਰਹਮਪੁੱਤਰ ਦੇ ਚਿੱਕੜ ਭਰੇ ਚਾਰ ਦੀਪਾਂ ਦੇ ਅਰਧ ਘੁਮਾਂਤਰੂ ਲੋਕਾਂ ਦੀ ਦੂਰ ਦੁਰਾਡੇ ਦੀਆਂ ਬਸਤੀਆਂ ਤੱਕ ਪਹੁੰਚਣ ਦਾ ਇਕੋ ਇਕ ਜ਼ਰੀਆ ਇਹ ਬੇੜੀਆਂ ਹੁੰਦੀਆਂ ਹਨ, ਜੋ ਅਕਸਰ ਖਤਰਨਾਕ ਹੱਦ ਤੱਕ ਲੋਕਾਂ ਨਾਲ ਭਰੀਆਂ ਰਹਿੰਦੀਆਂ ਹਨ ਤੇ ਜਿੰਨਾਂ ਨੂੰ ਸਥਾਨਕ ਲੋਕ ਚਲਾਉਂਦੇ ਹਨ। ਦੰਤਕਥਾ ਦੀ ਤਰਾਂ ਜਾਣੀ ਪਛਾਣੀ ਚਿੜਚਿੜੀ ਬ੍ਰਹਮਪੁੱਤਰ ਵਿਚ ਲਗਭਗ 2500 ਅਜਿਹੇ ਦੀਪ ਹਨ, ਜਿਨਾਂ ਨੂੰ ਇਹ ਜਦ ਚਾਹੇ ਜਲ ਵਿਚ ਸਮਾ ਲੈਂਦੀਆਂ ਹਨ ਅਤੇ ਕਿਸੇ ਦੂਸਰੇ ਸਥਾਨ 'ਤੇ ਕਿਸੇ ਦੂਸਰੇ ਰੂਪ ਵਿਚ ਉਭਰਦੀਆਂ ਹਨ। ਇਨਾਂ 'ਤੇ ਵਸੀਆਂ ਬਸਤੀਆਂ ਅਸਥਾਈ ਹੁੰਦੀਆਂ ਹਨ ਤੇ ਲੋਕ ਝੌਂਪੜੀਆਂ ਬਣਾ ਕੇ ਰਹਿੰਦੇ ਹਨ। ਕੁਝ ਦੀਪ ਏਨੇ ਉਪਜਾਊ ਹਨ ਕਿ ਇਥੋਂ ਦੇ ਕਿਸਾਨ ਏਨੇ ਨਿਪੁੰਨ ਹਨ ਕਿ ਸਾਲ ਵਿਚ ਤਿੰਨ ਫਸਲਾਂ ਉਗਾਉਂਦੇ ਹਨ। ਪਰ ਸਥਾਈ ਰੂਪ ਵਿਚ ਵਸ ਨਾ ਸਕਣ ਦਾ ਅਰਥ ਇਹ ਹੈ ਕਿ ਉਨਾਂ ਕੋਲ ਜ਼ਮੀਨ ਦਾ ਪਟਾ ਨਹੀਂ ਹੁੰਦਾ। ਇੱਥੇ ਵਿਕਾਸ ਨਹੀਂ ਹੁੰਦਾ, ਸਕੂਲ, ਹਸਪਤਾਲ ਨਹੀਂ ਹੁੰਦੇ। ਇਹੋ ਜਿਹੇ ਚਾਰ ਦੀਪਾਂ ਦਾ ਮੈਂ ਦਸੰਬਰ ਦੀ ਸ਼ੁਰੂਆਤ ਵਿਚ ਦੌਰਾ ਕੀਤਾ। ਇੱਥੇ ਗਰੀਬੀ ਬ੍ਰਹਮਪੁੱਤਰ ਦੇ ਚਿੱਕੜ ਵਾਲੇ ਕਾਲੇ ਪਾਣੀ ਦੀ ਤਰਾਂ ਪਸਰੀ ਹੋਈ ਸੀ। ਇੱਥੇ ਆਧੁਨਿਕਤਾ ਦਾ ਇਕੋ ਇਕ ਨਿਸ਼ਾਨ ਲੋਕਾਂ ਦੇ ਹੱਥਾਂ ਵਿਚ ਲਟਕੇ ਰੰਗੀਨ ਪਲਾਸਟਿਕ ਦੇ ਬੈਗ ਸਨ, ਜਿਸ ਵਿਚ ਦਸਤਾਵੇਜ਼ ਰੱਖੇ ਸਨ। ਇਨਾਂ ਬੈਗਾਂ ਨੂੰ ਆਉਣ ਵਾਲੇ ਅਜਨਬੀਆਂ ਦੇ ਸਾਹਮਣੇ ਲੈ ਕੇ ਖੜੇ ਹੋ ਜਾਂਦੇ ਹਨ। ਉਹ ਇਨਾਂ ਦਸਤਾਵੇਜ਼ਾਂ ਨੂੰ ਪੜ ਨਹੀਂ ਸਕਦੇ, ਪਰ ਬੇਵਸ ਹੋ ਕੇ ਤਕਦੇ ਰਹਿੰਦੇ ਹਨ। ਉਹ ਜਾਨਣਾ ਚਾਹੁੰਦੇ ਹਨ ਕਿ ਉਹ ਖੁਦ ਨੂੰ ਤੇ ਆਪਣੇ ਬੱਚਿਆਂ ਨੂੰ ਏਨਾ ਵਿਸ਼ਾਲ ਡੀਟੈਂਸ਼ਨ (ਨਜ਼ਰਬੰਦ) ਕੈਪਾਂ ਵਿਚ ਕੈਦ ਹੋਣ ਤੋਂ ਬਚਾਅ ਸਕਣਗੇ, ਜਿਨਾਂ ਦੇ ਬਾਰੇ ਵਿਚ ਉਨਾਂ ਨੇ ਸੁਣ ਰੱਖਿਆ ਹੈ ਕਿ ਗਵਾਲਪਾਰਾ ਦੇ ਸੰਘਣੇ ਜੰਗਲਾਂ ਵਿਚ ਵਸਾਏ ਜਾ ਰਹੇ ਹਨ। ਜਰਾ ਕਲਪਨਾ ਕਰੋ ਕਿ ਇਕ ਭਰੀ ਅਬਾਦੀ ਲੱਖਾਂ ਲੋਕਾਂ ਵਾਲੀ ਆਪਣੇ ਦਸਤਾਵੇਜ਼ਾਂ ਨੂੰ ਲੈ ਕੇ ਚਿੰਤਤ ਤੇ ਡਰੀ ਹੋਈ ਹੈ। ਇਹ ਫੌਜ ਵਾਲਾ ਕਬਜ਼ਾ ਨਹੀਂ, ਪਰ ਦਸਤਾਵੇਜ਼ਾਂ ਦੁਆਰਾ ਕਬਜ਼ਾ ਜ਼ਰੂਰ ਹੈ। ਇਹ ਖਤਰਨਾਕ ਗੁਲਾਮੀ ਹੈ ਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੈ। ਇਨਾਂ ਲੋਕਾਂ ਦੀ ਸਭ ਤੋਂ ਕੀਮਤੀ ਚੀਜ਼ ਇਹ ਦਸਤਾਵੇਜ਼ ਹੈ ਜਿਨਾਂ ਦੀ ਦੇਖਭਾਲ ਇਹ ਆਪਣੇ ਬੱਚਿਆਂ ਤੇ ਮਾਂ ਬਾਪ ਤੋਂ ਜ਼ਿਆਦਾ ਕਰਦੇ ਹਨ। ਇਨਾਂ ਨੂੰ ਹੜ ਤੇ ਤੂਫ਼ਾਨ ਤੇ ਹਰ ਤਰਾਂ ਦੀਆਂ ਕੁਦਰਤੀ ਆਫਤਾਂ ਤੋਂ ਬਚਾਇਆ ਹੈ। ਇੱਥੇ ਰਹਿਣ ਵਾਲੇ ਧੁੱਪ ਵਿਚ ਕਾਲੇ ਪਏ ਕਿਸਾਨ, ਆਦਮੀ ਤੇ ਔਰਤਾਂ ਜ਼ਮੀਨ ਅਤੇ ਨਦੀ ਦੀ ਬਹੁਤ ਸਾਰੇ ਮੁਡਾਂ ਦੇ ਮਾਹਿਰ ਲੋਕ ਅੰਗਰੇਜ਼ੀ ਸ਼ਬਦ ਲੋਗੇਸੀ ਡਾਕੂਮੈਂਟ, ਲਿੰਕ ਪੇਪਰ, ਸਰਟੀਫਾਈਡ ਕਾਪੀ, ਰੀ-ਵੈਰੀਫੀਕੇਸ਼ਨ, ਰੈਫਰੇਂਸ ਕੇਸ, ਡੀਵੋਟਰ, ਡਿਕਲੇਅਰ ਫਾਰਨਰ, ਵੋਟਰ ਲਿਸਟ, ਰਿਫਿਊਜ਼ੀ ਸਰਟੀਫਿਕੇਟ ਵਰਗੇ ਅੰਗਰੇਜ਼ੀ ਦੇ ਸ਼ਬਦ ਇਸ ਤਰਾਂ ਬੋਲਦੇ ਹਨ, ਜਿਵੇਂ ਉਨਾਂ ਦੀ ਭਾਸ਼ਾ ਹੋਵੇ। ਐਨਆਰਸੀ ਨੇ ਆਪਣਾ ਸ਼ਬਦਕੋਸ਼ ਤਿਆਰ ਕਰ ਲਿਆ ਹੈ, ਜਿਸ ਦਾ ਸਭ ਤੋਂ ਦਰਦਨਾਕ ਸ਼ਬਦ ਹੈ ਜੈਨੂਅਨ ਸਿਟੀਜ਼ਨ ਯਾਨੀ ਅਸਲੀ ਨਾਗਰਿਕ। ਕਈ ਪਿੰਡਾਂ ਦੇ ਲੋਕਾਂ ਨੇ ਮੈਨੂੰ ਅਜਿਹੀਆਂ ਕਹਾਣੀਆਂ ਸੁਣਾਈਆਂ ਕਿ ਜਿਸ ਤਰਾਂ ਉਨਾਂ ਨੂੰ ਦੇਰ ਰਾਤ ਨੋਟਿਸ ਦੇ ਕੇ ਅਗਲੇ ਦਿਨ 200-300 ਕਿਲੋਮੀਟਰ ਬਣੀ ਕੋਰਟ ਵਿਚ ਹਾਜ਼ਰ ਹੋਣ ਨੂੰ ਕਿਹਾ ਗਿਆ। ਉਨਾਂ ਦੱਸਿਆ ਕਿ ਕਿਵੇਂ ਇਹ ਲੋਕ ਆਪਣੇ ਪਰਿਵਾਰ ਵਾਲਿਆਂ ਨੂੰ ਇਹ ਦਸਤਾਵੇਜ਼ਾਂ ਦੇ ਨਾਲ ਇਕੱਠਾ ਕਰਦੇ ਹਨ ਤੇ ਰਾਤ ਦੇ ਘੁੱਪ ਹਨੇਰੇ ਵਿਚ ਤੇਜ਼ ਵਹਿੰਦੀ ਨਦੀ ਨੂੰ ਛੋਟੀਆਂ ਬੇੜੀਆਂ ਵਿਚ ਬੈਠ ਕੇ ਪਾਰ ਕਰਦੇ ਹਨ। ਬੇੜੀਆਂ ਚਲਾਉਣ ਵਾਲੇ ਜੋ ਉਨਾਂ ਦੀ ਮਜ਼ਬੂਰੀ ਨੂੰ ਸਮਝ ਲੈਂਦੇ ਹਨ ਤੇ ਤਿੰਨ ਗੁਣਾਂ ਇਨਾਂ ਤੋਂ ਕਿਰਾਇਆ ਠੱਗਦੇ ਹਨ। ਇਸ ਦੇ ਬਾਅਦ ਰਾਤ ਦੌਰਾਨ ਖਤਰਨਾਕ ਰਾਜ ਮਾਰਗਾਂ ਵਿਚ ਚਲ ਕੇ ਉਹ ਇੱਥੇ ਪਹੁੰਚਦੇ ਹਨ, ਜਿੱਥੇ ਇਨਾਂ ਨੂੰ ਬੁਲਾਇਆ ਜਾਂਦਾ ਹੈ। ਰੂਹ ਨੂੰ ਕੰਬਾ ਦੇਣ ਵਾਲੀ ਇਹ ਕਹਾਣੀ ਮੈਂ ਵੀ ਸੁਣੀ ਹੈ। ਇਹ ਇਕ ਐਸੇ ਪਰਿਵਾਰ ਦੀ ਜੋ ਟਰੱਕ ਵਿਚ ਬੈਠ ਕੇ ਕੋਰਟ ਜਾ ਰਿਹਾ ਸੀ ਤਾਂ ਉਨਾਂ ਦਾ ਟਰੱਕ ਲੁੱਕ ਦੇ ਡਰੰਮਾਂ ਨਾਲ ਭਰੇ ਇਕ ਦੂਸਰੇ ਟਰੱਕ ਨਾਲ ਟਕਰਾ ਗਿਆ। ਇਸ ਕਾਰਨ ਪਰਿਵਾਰ ਜ਼ਖਮੀ ਹੋ ਗਿਆ, ਜਿਸ ਨੌਜਵਾਨ ਦੇ ਨਾਲ ਮੈਂ ਸਫਰ ਕਰ ਰਹੀ ਸੀ, ਉਸ ਨੇ ਮੈਨੂੰ ਦੱਸਿਆ ਕਿ ਜਦ ਮੈਂ ਹਸਪਤਾਲ ਵਿਚ ਇਨਾਂ ਲੋਕਾਂ ਨੂੰ ਦੇਖਿਆ ਤਾਂ ਉਨਾਂ ਦਾ ਛੋਟਾ ਬੇਟਾ ਆਪਣੀ ਚਮੜੀ ਵਿਚੋਂ ਲੁੱਕ ਅਤੇ ਉਸ ਵਿਚ ਚਿਪਕੇ ਛੋਟੇ ਛੋਟੇ ਬੱਜਰੀ ਕੱਢਣ ਦੀ ਕੋਸ਼ਿਸ਼ ਕਰ ਰਿਹਾ ਸੀ। ਇਸ ਲੜਕੇ ਨੇ ਆਪਣੀ ਮਾਂ ਵਲ ਦੇਖਿਆ ਤੇ ਪੁੱਛਿਆ ਕੀ ਅਸੀਂ ਕਦੀ ਵਿਦੇਸ਼ੀ ਹੋਣ ਦਾ ਕਾਲਾ ਦਾਗ ਮਿਟਾ ਸਕਾਂਗੇ?

ਪਰ ਇਸ ਸਭ ਦੇ ਬਾਵਜੂਦ ਇਹ ਪ੍ਰਕਿਰਿਆ ਤੇ ਇਸ ਨੂੰ ਲਾਗੂ ਕਰਨ ਦੇ ਸੁਆਲ ਉੱਠਣ ਦੇ ਬਾਵਜੂਦ ਐਨਆਰਸੀ ਨੂੰ ਅਪਡੇਟ ਕਰਨ ਦਾ ਅਸਾਮ ਦੇ ਲਗਭਗ ਸਾਰੇ ਲੋਕਾਂ ਨੇ ਸੁਆਗਤ ਕੀਤਾ ਹੈ। ਹਰ ਇਕ ਦੇ ਕੋਲ ਇਸ ਦੇ ਆਪਣੇ ਕਾਰਨ ਹਨ।

# ਸਿਆਸੀ ਦਖਲਅੰਦਾਜ਼ੀ ਕਾਰਨ ਪੰਜਾਬ ’ਚ ਵਿਦਿਆਰਥੀ ਮੁਹਿੰਮ ਪੱਛੜੀ

## ਵਿਦੇਸ਼ ਜਾਣ ਦੇ ਸੁਫ਼ਨਿਆਂ ਕਾਰਨ ਨੌਜਵਾਨਾਂ ਦਾ ਜੋਸ਼ ਪਿਆ ਠੰਢਾ

**-ਬਲਵਿੰਦਰ ਪਾਲ ਸਿੰਘ**

ਨਾਗਰਿਕਤਾ ਸੋਧ ਕਾਨੂੰਨ ਦਾ ਸ਼ਾਂਤਮਈ ਵਿਰੋਧ ਕਰ ਰਹੇ ਜਾਮੀਆ ਮਿਲੀਆ ਇਸਲਾਮੀਆ ਦੇ ਵਿਦਿਆਰਥੀਆਂ ਉੱਤੇ ਹੋਏ ਪੁਲੀਸ ਤਸ਼ੱਦਦ ਤੋਂ ਬਾਅਦ ਭਾਵੇਂ ਦੇਸ਼ ਭਰ ਵਿਚ ਵੱਡੇ ਵਿਦਿਆਰਥੀ ਅੰਦੋਲਨ ਦੀ ਆਹਟ ਸੁਣਾਈ ਦਿੱਤੀ ਹੈ ਪਰ ਵਿਦਿਆਰਥੀ ਲਹਿਰਾਂ ਦੇ ਮੋਹਰੀਆਂ ਵਿਚ ਰਿਹਾ ਪੰਜਾਬ ਇਸ ਸਮੇਂ ਆਪਣੇ ਪੁਰਾਣੇ ਜਲੌਅ ਵਿਚ ਨਹੀਂ ਹੈ। ਖੱਬੇ ਪੱਖੀ ਵਿਦਿਆਰਥੀ ਜਥੇਬੰਦੀਆਂ ਆਪਣੇ ਵਿੱਤ ਅਨੁਸਾਰ ਮੈਦਾਨ ਵਿਚ ਤਾਂ ਨਿੱਤਰੀਆਂ ਹਨ ਪਰ ਵਿਦਿਆਰਥੀਆਂ ਦੇ ਹਜ਼ੂਮ ਗਾਇਬ ਹਨ।

ਸੂਬੇ ਵਿੱਚ ਵੱਖ ਵੱਖ ਸਮੇਂ ਦੌਰਾਨ ਲੋਕ ਹਿੱਤਾਂ ਲਈ ਆਵਾਜ਼ ਬੁਲੰਦ ਕਰਨ ਵਾਲੇ ਨੌਜਵਾਨ ਵਿਦਿਆਰਥੀਆਂ ਦੀ ਆਵਾਜ਼ ਹੁਣ ਸਿਆਸੀ ਦਖਲਅੰਦਾਜ਼ੀ ਕਾਰਨ ਦੱਬ ਕੇ ਰਹਿ ਗਈ ਹੈ। ਲੋਕ ਹਿੱਤਾਂ ਦੇ ਮੁੱਦੇ ਚੁੱਕਣ ਵਾਲੇ ਵਿਦਿਆਰਥੀਆਂ ਦਾ ਜੋਸ਼ ਮੱਠਾ ਪੈ ਚੁੱਕਿਆ ਹੈ। ਨਾਗਰਿਕਤਾ ਸੋਧ ਐਕਟ ਤੇ ਐਨਆਰਸੀ ਦੇ ਮੁੱਦੇ ’ਤੇ ਜਿੱਥੇ ਪੂਰੇ ਦੇਸ਼ ਦੀਆਂ ਵੱਖ ਵੱਖ ਯੂਨੀਵਰਸਿਟੀਆਂ ਦੇ ਵਿਦਿਆਰਥੀ ਲੋਕ ਲਹਿਰ ਵਿੱਚ ਸ਼ਾਮਲ ਹੋ ਰਹੇ ਹਨ, ਉਥੇ ਹੀ ਸਨਅਤੀ ਸ਼ਹਿਰ ਦੇ ਵਿਦਿਆਰਥੀ ਆਗੂ ਆਪਣੀਆਂ ਸਿਆਸੀ ਪਾਰਟੀਆਂ ਦੇ ਫੈਸਲਿਆਂ ਵਿੱਚ ਹੀ ਉਲਝੀ ਬੈਠੇ ਹਨ। ਸਿਆਸੀ ਦਖਲਅੰਦਾਜ਼ੀ ਵਧਣ ਕਾਰਨ ਹੀ ਨੌਜਵਾਨ ਵਿਦਿਆਰਥੀਆਂ ਨੇ ਆਪਣੇ ਮੁੱਦਿਆਂ ਨੂੰ ਯੂਨੀਵਰਸਿਟੀਆਂ ਤੇ ਕਾਲਜਾਂ ਤੱਕ ਹੀ ਸੀਮਿਤ ਕਰ ਲਿਆ ਹੈ।

ਵਿਦਿਆਰਥੀ ਆਗੂਆਂ ਦੀ ਗੱਲ ਕਰੀਏ ਤਾਂ ਲੁਧਿਆਣਾ ਅਤੇ ਇਸ ਦੇ ਆਸਪਾਸ ਦੇ ਇਲਾਕਿਆਂ ਵਿੱਚ ਵੱਡੀ ਗਿਣਤੀ ਵਿਦਿਆਰਥੀ ਆਗੂਆਂ ਨੇ ਲੋਕ ਹਿੱਤਾਂ ਦੇ ਕਈ ਵੱਡੇ ਮੁੱਦੇ ਚੁੱਕੇ ਹਨ। ਸਟੂਡੈਂਟਸ ਫੈਡਰੇਸ਼ਨ ਆਫ਼ ਇੰਡੀਆ, ਪੰਜਾਬ ਸਟੂਡੈਂਟਸ ਯੂਨੀਅਨ, ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਨੇ 1964 ਤੋਂ 1984 ਤੱਕ ਕਈ ਲੋਕ ਮੁੱਦਿਆਂ ’ਤੇ ਕੰਮ ਕੀਤਾ। ਕਾਲਜਾਂ ਤੇ ਯੂਨੀਵਰਸਿਟੀਆਂ ਤੋਂ ਵਿਦਿਆਰਥੀ ਆਗੂਆਂ ਦੀ ਲੋਕ ਲਹਿਰ ਪੂਰੇ ਦੇਸ਼ ਤੱਕ ਫੈਲੀ। ਇਨਾਂ ਕਾਲਜਾਂ ਤੇ ਯੂਨੀਵਰਸਿਟੀਆਂ ਦੇ ਵਿਦਿਆਰਥੀ ਆਗੂ ਹੁਣ ਸਿਆਸੀ ਆਗੂ ਬਣ ਚੁੱਕੇ ਹਨ। ਨਕਸਲਵਾੜੀ ਅੰਦੋਲਨ ਤੋਂ ਪ੍ਰਭਾਵਿਤ ਹੋ ਕੇ ਪੰਜਾਬ ਵਿਚ ਪੰਜਾਬ ਸਟੂਡੈਂਟਸ ਯੂਨੀਅਨ ਰਾਹੀਂ ਜਿੱਥੇ ਵੱਡੇ ਲੇਖਕ, ਕਵੀ ਅਤੇ ਦਾਨਿਸ਼ਵਰ ਪੈਦਾ ਹੋਏ, ਉੱਥੇ ਹੀ ਸਿਆਸੀ ਆਗੂਆਂ ਦੀ ਵੀ ਵੱਡੀ ਕਤਾਰ ਰਹੀ ਹੈ। ਖੱਬੇ ਪੱਖੀ ਵਿਦਿਆਰਥੀ ਜਥੇਬੰਦੀਆਂ ਅਤੇ ਨੌਜਵਾਨ ਸਭਾਵਾਂ ਦਾ 1981 ਦਾ ਬੱਸ ਕਰਾਇਆ ਅੰਦੋਲਨ ਅੱਜ ਵੀ ਲੋਕ ਚੇਤਿਆਂ ਵਿਚ ਹੈ। ਜਦੋਂ ਪੰਜਾਬ ਸੰਤਾਪ ਦਾ ਦੌਰ ਸ਼ੁਰੂ ਹੋਇਆ ਤਾਂ ਸੂਬੇ ਵਿੱਚ ਖੱਬੇ ਪੱਖੀ ਪਾਰਟੀਆਂ ਦੀ ਲਹਿਰ ਢਿੱਲੀ ਪੈ ਗਈ।

ਇਸ ਤੋਂ ਬਾਅਦ 1982 ਦੇ ਕਪੂਰੀ ਮੋਰਚੇ ਅਤੇ ਇਸ ਤੋਂ ਪਹਿਲਾਂ ਹੀ ਚੱਲ ਰਹੇ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਅਗਵਾਈ ਵਾਲੇ ਮੋਰਚੇ ਦੇ ਨਾਲ ਨਾਲ ਸਿੱਖ ਸਟੂਡੈਂਟਸ ਫੈਡਰੇਸ਼ਨ ਦਾ ਪ੍ਰਭਾਵ ਵਧਣਾ ਸ਼ੁਰੂ ਹੋਇਆ। ਸਿੱਖ ਸਟੂਡੈਂਟਸ ਫੈਡਰੇਸ਼ਨ ਦੀ ਲਹਿਰ ਨੇ ਕਾਲਜਾਂ ਵਿਚ ਜ਼ੋਰ ਫੜ ਲਿਆ ਸੀ। ਇਸ ਤੋਂ ਬਾਅਦ ਸਨਅਤੀ ਸ਼ਹਿਰ ਦੇ ਜੀਐਨਆਈ ਲੁਧਿਆਣਾ ਤੋਂ ਹੀ ਸਿੱਖ ਸਟੂਡੈਂਟਸ ਫੈਡਰੇਸ਼ਨ ਰਾਹੀਂ ਸਿੱਖਾਂ ਦੇ ਮੁੱਦਿਆਂ ਨੂੰ ਚੁੱਕਿਆ ਗਿਆ ਤੇ ਇਹ ਸਿੱਖ ਵਿਦਿਆਰਥੀ ਜਥੇਬੰਦੀ ਦਾ ਵੱਡਾ ਕੇਂਦਰ ਸੀ। ਪਰ ਜਦੋਂ ਇਹ ਮੁਹਿੰਮ ਹਥਿਆਰਬੰਦ ਹੋ ਗਈ ਤਾਂ ਇਸ ਦਾ ਵੀ ਸਫਾਇਆ ਹੋ ਗਿਆ। ਇਸ ਦੌਰ ਦੌਰਾਨ ਪੰਜਾਬ ਦੀ ਲੀਡਰਸ਼ਿਪ ਦੀ ਇਕ ਪੀੜੀ ਖਤਮ ਹੁੰਦੀ ਦਿਖਾਈ ਦਿੰਦੀ ਹੈ। ਝੂਠੇ ਪੁਲੀਸ ਮੁਕਾਬਲਿਆਂ (ਕੁਝ ਕੁ ਅਸਲੀ ਮੁਕਾਬਲਿਆਂ ਸਮੇਤ) ਵਿਚ ਮਾਰੇ ਗਏ ਖਾੜਕੂਆਂ ਅਤੇ ਖਾੜਕੂਆਂ ਵੱਲੋਂ ਆਪਣੇ ਦੁਸ਼ਮਣ ਕਹਿ ਕੇ ਮਾਰੇ ਗਏ ਖੱਬੀ ਲਹਿਰ ਨਾਲ ਜੁੜੇ ਆਗੂਆਂ ਕਰਕੇ ਪੰਜਾਬ ਦੀ ਵਿਦਿਆਰਥੀ ਅਤੇ ਸਿਆਸੀ ਲੀਡਰਸ਼ਿਪ ਦਾ ਖਲਾਅ ਅੱਜ ਤੱਕ ਨਜ਼ਰ ਆਉਂਦਾ ਹੈ। ਇਸ ਤੋਂ ਬਾਅਦ ਕੋਈ ਵੀ ਵਿਦਿਆਰਥੀ ਲਹਿਰ ਸਫਲ ਨਹੀਂ ਹੋ ਸਕੀ। ਇਕ ਸਾਜ਼ਿਸ਼ ਤਹਿਤ ਪੰਜਾਬ ਵਿਚ ਨੌਜਵਾਨਾਂ ਦੇ ਵੱਡੇ ਵਰਗ ਨੂੰ ਨਸ਼ਿਆਂ ਵੱਲ ਧੱਕ ਦਿੱਤਾ ਗਿਆ। ਖਾੜਕੂਵਾਦ ਸਮੇਂ ਬਹੁਤ ਸਾਰੇ ਨੌਜਵਾਨਾਂ ਨੇ ਵਿਦੇਸ਼ਾਂ ਵਿਚ ਸਿਆਸੀ ਸ਼ਰਨ ਲਈ ਅਤੇ ਇਸ ਮਗਰੋਂ ਹਰੇਕ ਪੀੜੀ ਦਾ ਸੁਪਨਾ ਪੰਜਾਬ ਵਿਚ ਜੱਦੋ-ਜਹਿਦ ਕਰਨ ਦੀ ਥਾਂ ਅਮਰੀਕਾ, ਕੈਨੇਡਾ ਤੇ ਆਸਟਰੇਲੀਆ ਵਿਚ ਜਾ ਕੇ ਵਸਣਾ ਬਣ ਗਿਆ। ਕਾਰਪੋਰੇਟ ਵਿਕਾਸ ਦੇ ਮਾਡਲ ਤਹਿਤ ਭਾਈਚਾਰਕ ਸਾਂਝ ਦਾ ਟੁੱਟ ਜਾਣਾ ਤੇ ਸਮੂਹਿਕ ਸਮੱਸਿਆਵਾਂ ਦੇ ਸਮੂਹਿਕ ਹੱਲ ਤਲਾਸ਼ਣ ਦੀ ਥਾਂ ਨਿੱਜੀ ਹੱਲ ਲੱਭਣ ਦੀ ਮਾਨਸਿਕਤਾ ਦਾ ਅਸਰ ਵਿਦਿਆਰਥੀ ਅੰਦੋਲਨਾਂ ਉੱਤੇ ਪਿਆ ਦਿਸਦਾ ਹੈ।




ਆਪਣੇ ਸਮੇਂ ਦੇ ਵਿਦਿਆਰਥੀ ਆਗੂ ਤੇ ਸਾਬਕਾ ਵਿਧਾਇਕ ਤਰਸੇਮ ਜੋਧਾਂ ਦਾ ਕਹਿਣਾ ਹੈ ਕਿ ਜਿਵੇਂ ਜਿਵੇਂ ਸੂਬੇ ਵਿੱਚ ਖੱਬੇ ਪੱਖੀ ਪਾਰਟੀ ਦੀ ਲਹਿਰ ਮੱਠੀ ਹੁੰਦੀ ਗਈ, ਉਵੇਂ ਹੀ ਵਿਦਿਆਰਥੀ ਆਗੂਆਂ ਦਾ ਜੋਸ਼ ਵੀ ਠੰਢਾ ਹੁੰਦਾ ਗਿਆ। ਹੁਣ ਤਾਂ ਕਾਲਜਾਂ ਦੇ ਯੂਨੀਵਰਸਿਟੀਆਂ ਵਿੱਚ ਉਹੀ ਮੁੱਦੇ ਚੁੱਕੇ ਜਾਂਦੇ ਹਨ, ਜੋ ਹਾਕਮ ਧਿਰ ਕਹਿੰਦਾ ਹੈ। ਵਿਦਿਆਰਥੀ ਆਗੂਆਂ ਦਾ ਵੀ ਸਿਆਸੀਕਰਨ ਹੋ ਗਿਆ ਹੈ। ਤਰਸੇਮ ਜੋਧਾ ਦਾ ਕਹਿਣਾ ਹੈ ਕਿ ਪਹਿਲਾਂ ਲੋਕ ਹਿੱਤ ਦੇ ਮੁੱਦਿਆਂ ’ਤੇ ਵਿਦਿਆਰਥੀ ਆਗੂ ਜੇਲਾਂ ਤੱਕ ਕੱਟਦੇ ਸਨ।

ਨੌਜਵਾਨਾਂ ਦੇ ਠੰਢੇ ਹੋ ਰਹੇ ਜੋਸ਼ ਪਿੱਛੇ ਕਈ ਕਾਰਨ ਹਨ। ਸਾਬਕਾ ਵਿਦਿਆਰਥੀ ਆਗੂ ਤੇ ਹੁਣ ਵਾਤਾਵਰਨ ਪੱਖੀ ਐਨਜੀਓ ਚਲਾਉਣ ਵਾਲੇ ਨੌਜਵਾਨ ਅਮਨਦੀਪ ਸਿੰਘ ਬੈਂਸ ਦਾ ਕਹਿਣਾ ਹੈ ਕਿ ਨੌਜਵਾਨਾਂ ਵਿੱਚ ਵਿਦੇਸ਼ਾਂ ਵਿੱਚ ਵਸਣ ਦੇ ਸੁਫ਼ਨਿਆਂ ਨੇ ਵੀ ਲੋਕ ਲਹਿਰ ਦੇ ਮੁੱਦੇ ਚੁੱਕਣ ਦੇ ਜੋਸ਼ ਨੂੰ ਖਤਮ ਕਰ ਦਿੱਤਾ ਹੈ। ਅਜੋਕੇ ਸਮੇਂ 18 ਤੋਂ 25 ਸਾਲ ਦੇ ਨੌਜਵਾਨ ਦਾ ਸਾਰਾ ਧਿਆਨ ਇਸ ਪਾਸੇ ਹੀ ਲੱਗਿਆ ਰਹਿੰਦਾ ਹੈ ਕਿ ਉਸ ਨੇ ਕੈਨੇਡਾ ਜਾਂ ਆਸਟਰੇਲੀਆ ਜਾ ਕੇ ਸੈਟਲ ਹੋਣਾ ਹੈ। ਉਨਾਂ ਦੀ ਸੋਚ ਪੰਜਾਬ ਦੇ ਲੋਕਾਂ ਵੱਲ ਘੱਟ ਤੇ ਕੈਨੇਡਾ, ਆਸਟਰੇਲੀਆ ਵਾਲੇ ਪਾਸੇ ਜ਼ਿਆਦਾ ਲੱਗੀ ਹੋਈ ਹੈ। ਇਸ ਕਾਰਨ ਨੌਜਵਾਨ ਹੁਣ ਲੋਕ ਹਿੱਤ ਦੇ ਮੁੱਦਿਆਂ ਵੱਲ ਧਿਆਨ ਹੀ ਨਹੀਂ ਦਿੰਦੇ ਤੇ ਨਾ ਹੀ ਸੰਘਰਸ਼ ਕਰਨ ਦਾ ਰਿਸਕ ਲੈਂਦੇ ਹਨ। ਹੈਰਾਨੀ ਇਸ ਗੱਲ ਦੀ ਹੈ ਕਿ 18 ਤੋਂ 25 ਦੀ ਥਾਂ ਹੁਣ 35 ਤੋਂ 45 ਸਾਲ ਵਾਲੇ ਨੌਜਵਾਨ ਹੀ ਵਿਦਿਆਰਥੀ ਆਗੂ ਬਣੇ ਹੋਏ ਹਨ ਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ 50 ਸਾਲਾਂ ਤੋਂ ਉੱਪਰ ਟੱਪ ਚੁੱਕੇ ਹਨ, ਪਰ ਅਹੁਦਾ ਛੱਡਣ ਨੂੰ ਤਿਆਰ ਨਹੀਂ ਹਨ। ਇਹਨਾਂ ਜਥੇਬੰਦੀਆਂ ਦੀ ਗਿਣਤੀ ਇਕ ਟਾਂਗੇ ਵਿਚ ਪੂਰੀ ਆ ਜਾਂਦੀ ਹੈ। ਇਨਾਂ ਨੇ ਹੁਣ ਕਦੇ ਵਿਦਿਆਰਥੀਆਂ ਦੇ ਮੁੱਦੇ ਨਹੀਂ ਚੁੱਕੇ।

### ਕੁੜੀਆਂ ਮੱਲ ਰਹੀਆਂ ਨੇ ਸੰਘਰਸ਼ ਦਾ ਪਿੜ

ਪੰਜਾਬ ਤੇ ਦੇਸ਼ ਭਰ ਦੀਆਂ ਵਿੱਦਿਅਕ ਸੰਸਥਾਵਾਂ ਵਿਚ ਚੰਗੀ ਗੱਲ ਇਹ ਹੈ ਕਿ ਹੁਣ ਲੜਕੀਆਂ ਸੰਘਰਸ਼ ਦੇ ਪਿੜ ਮੱਲ ਰਹੀਆਂ ਹਨ। ਜਾਮੀਆ ਦੀਆਂ ਕੁੜੀਆਂ ਦੀਆਂ ਤਸਵੀਰਾਂ, ਪੰਜਾਬ ਯੂਨੀਵਰਸਿਟੀ ਵਿਚ ਐੱਸਐੱਫਐੱਸ ਦੀ ਅਗਵਾਈ ਵਿਚ ਕੀਤੇ ਪ੍ਰਦਰਸ਼ਨ ਦੌਰਾਨ ਕੁੜੀਆਂ ਦਾ ਜੋਸ਼, ਪੰਜਾਬੀ ਯੂਨੀਵਰਸਿਟੀ ਵਿਚ ਕੀਤੇ ਮੁਜ਼ਾਹਰਿਆਂ ਦੌਰਾਨ ਕੁੜੀਆਂ ਦੀ ਆਗੂ ਭੂਮਿਕਾ ਨਵੇਂ ਤਰੀਕੇ ਦੇ ਵਿਦਿਆਰਥੀ ਅੰਦੋਲਨ ਦਾ ਸੰਕੇਤ ਹੈ।

### ਖੱਬੇ ਪੱਖੀ ਲਹਿਰ ਫਿਰ ਜ਼ੋਰ ਫੜਨ ਲੱਗੀ

ਵਿਦਿਆਰਥੀ ਲਹਿਰਾਂ ਤੋਂ ਅਭਿੱਜ ਹੁੰਦੇ ਜਾ ਰਹੇ ਪੰਜਾਬ ਵਿਚ ਕੇਂਦਰ ਸਰਕਾਰ ਦੇ ਕਾਲੇ ਕਾਨੂੰਨਾਂ ਖ਼ਿਲਾਫ਼ ਵਿਦਿਆਰਥੀ ਸੰਘਰਸ਼ ਮੁੜ ਭਖ਼ਣ ਦੀ ਉਮੀਦ ਬੱਝਣ ਲੱਗੀ ਹੈ। ਕੇਂਦਰ ਸਰਕਾਰ ਦੇ ਸੀਏਏ, ਐੱਨਆਰਸੀ ਤੇ ਐੱਨਪੀਆਰ ਵਰਗੇ ਕਾਨੂੰਨਾਂ ਖ਼ਿਲਾਫ਼ ਵਿਦਿਆਰਥੀ ਹੁਣ ਸੰਘਰਸ਼ ਦੇ ਰੌਅ ਵਿਚ ਹਨ। ਇਸੇ ਤਹਿਤ ਪੰਜਾਬ ਸਟੂਡੈਂਟਸ ਯੂਨੀਅਨ (ਪੀ.ਐੱਸ.ਯੂ.) ਤੇ ਨੌਜਵਾਨ ਭਾਰਤ ਸਭਾ ਨੇ ਸਾਂਝੇ ਤੌਰ ’ਤੇ ਕੇਂਦਰ ਸਰਕਾਰ ਦੇ ਕਾਲੇ ਕਾਨੂੰਨ ਖ਼ਿਲਾਫ਼ ਤੇ ਵਿਦਿਆਰਥੀ ਮੰਗਾਂ ਲਈ 11 ਜਨਵਰੀ ਨੂੰ ਰੋਸ ਮਾਰਚ ਮਗਰੋਂ ਰਾਜਪਾਲ ਪੰਜਾਬ ਨੂੰ ਮੰਗ ਪੱਤਰ ਸੌਂਪਣ ਦਾ ਪ੍ਰੋਗਰਾਮ ਉਲੀਕਿਆ ਹੈ।

ਪੀ.ਐੱਸ.ਯੂ. ਦੇ ਮੌਜੂਦਾ ਪ੍ਰਧਾਨ ਰਣਬੀਰ ਸਿੰਘ ਰੰਧਾਵਾ ਦਾ ਕਹਿਣਾ ਹੈ ਕਿ ਪੰਜਾਬ ਵਿਚ ਵਧੇਰੇ ਕਰਕੇ ਵਿਦਿਆਰਥੀ ਅੰਦੋਲਨ ਉਦੋਂ ਪ੍ਰਚੰਡ ਹੋਏ ਹਨ ਜਦੋਂ ਕੇਂਦਰੀ ਹਕੂਮਤ ਲੋਕਾਂ ’ਤੇ ਦਮਨਕਾਰੀ ਨੀਤੀਆਂ ਲਾਗੂ ਕਰ ਕੇ ਬੇਇਨਸਾਫ਼ੀ ਕਰ ਰਹੀ ਹੋਵੇ। ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ ਲਗਾਈ ਐਮਰਜੈਂਸੀ ਦੇ ਵਿਰੋਧ ਵਿਚ ਸਭ ਤੋਂ ਪਹਿਲਾਂ ਦੇਸ਼ ਦਾ ਵਿਦਿਆਰਥੀ ਵਰਗ ਨਿੱਤਰਿਆ ਸੀ ਤੇ ਹੁਣ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਜੋ ਆਪਣੇ ਸਿਆਸੀ ਹਿੱਤ ਲਈ ਤਿੰਨ ਕਾਲੇ ਕਾਨੂੰਨ ਘੜੇ ਜਾਂ ਲਾਗੂ ਕੀਤੇ ਹਨ, ਖ਼ਿਲਾਫ਼ ਵੀ ਮੁਲਕ ਭਰ ਵਿਚ ਵਿਦਿਆਰਥੀ ਅੰਦੋਲਨ ਭਖ਼ ਰਿਹਾ ਹੈ ਤੇ ਪੰਜਾਬ ਦੇ ਵਿਦਿਆਰਥੀ ਵੀ ਅਜਿਹੇ ਅੰਦੋਲਨ ਵਿਚ ਵੱਡੀ ਲਾਮਬੰਦੀ ਨਾਲ ਮੈਦਾਨ ਮੱਲਣਗੇ। ਉਨਾਂ ਆਖਿਆ ਕਿ ਪੰਜਾਬ ਦੇ ਵਿਦਿਆਰਥੀ ਫ਼ਿਲਹਾਲ ਸਮੈਸਟਰ ਪ੍ਰੀਖਿਆਵਾਂ ਵਿਚ ਰੁੱਝੇ ਹੋਏ ਹਨ ਤੇ ਵਿਹਲ ਮਗਰੋਂ ਰਾਸ਼ਟਰ ਦੇ ਸੰਵਿਧਾਨ ਦੀ ਪਹਿਰੇਦਾਰੀ ਲਈ ਹਿੱਕ ਠੋਕ ਕੇ ਆਪਣੀ ਜ਼ਿੰਮੇਵਾਰੀ ਸੰਭਾਲ ਲੈਣਗੇ।

### ਯੂਨੀਵਰਸਿਟੀਆਂ ਚੁੱਪ

ਮਾਝੇ ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ, ਖਾਲਸਾ ਕਾਲਜ ਤੇ ਹੋਰ ਵੱਡੀਆਂ ਵਿੱਦਿਅਕ ਸੰਸਥਾਵਾਂ ਇਸ ਵੇਲੇ ਵਿਦਿਆਰਥੀ ਲਹਿਰ ਤੋਂ ਸੱਖਣੀਆਂ ਹਨ। ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ ਨਾਗਰਿਕਤਾ ਸੋਧ ਕਾਨੂੰਨ ਖ਼ਿਲਾਫ਼ ਕੁਝ ਵਿਰੋਧ ਜ਼ਰੂਰ ਪ੍ਰਗਟਾਇਆ ਗਿਆ ਹੈ ਪਰ ਵਧੇਰੇ ਵਿੱਦਿਅਕ ਸੰਸਥਾਵਾਂ ਵਿਚ ਵਿਦਿਆਰਥੀ ਇਸ ਮਾਮਲੇ ’ਤੇ ਚੁੱਪ ਹਨ। ਰੋਸ ਵਿਖਾਵਾ ਕਰਨ ਵਾਲਿਆਂ ਵਿਚ ਐੱਸਐੱਫਐੱਸ, ਪੀਐੱਸਯੂ ਅਤੇ ਐੱਸਵਾਈਪੀ ਦੇ ਕਾਰਕੁਨ ਹੀ ਸ਼ਾਮਲ ਸਨ। ਪੰਜਾਬ ਸੰਤਾਪ ਤੋਂ ਬਾਅਦ ਕੋਈ ਵਿਦਿਆਰਥੀ ਲਹਿਰ ਸਰਗਰਮੀ ਨਾਲ ਨਹੀਂ ਚੱਲੀ ਹੈ। ਕੁਝ ਵੱਡੀਆਂ ਵਿੱਦਿਅਕ ਸੰਸਥਾਵਾਂ ਵਿੱਚ ਹੀ ਇਸ ਵੇਲੇ ਵਿਦਿਆਰਥੀ ਜਥੇਬੰਦੀ ਦੀ ਚੋਣ ਹੁੰਦੀ ਦੱਸੀ ਜਾ ਰਹੀ ਹੈ ਪਰ ਇਹ ਚੋਣਾਂ ਵੀ ਸਿਰਫ ਕਾਗਜ਼ਾਂ ਤਕ ਹੀ ਸੀਮਤ ਹਨ, ਜਿਨਾਂ ਬਾਰੇ ਆਮ ਵਿਦਿਆਰਥੀਆਂ ਨੂੰ ਜਾਣਕਾਰੀ ਨਹੀਂ ਹੁੰਦੀ। ਸੀਪੀਆਈ ਦੇ ਜ਼ਿਲਾ ਸਕੱਤਰ ਅਮਰਜੀਤ ਸਿੰਘ ਆਸਲ ਨੇ ਦੱਸਿਆ ਕਿ ਪੰਜਾਬ ਸੰਤਾਪ ਤੋਂ ਪਹਿਲਾਂ ਵਿੱਦਿਅਕ ਸੰਸਥਾਵਾਂ ਵਿੱਚ ਵਿਦਿਆਰਥੀ ਜਥੇਬੰਦੀਆਂ ਸਰਗਰਮ ਸਨ, ਜਿਨਾਂ ਵਿੱਚ ਸਟੂਡੈਂਟਸ ਫੈਡਰੇਸ਼ਨ ਆਫ ਇੰਡੀਆ, ਆਲ ਇੰਡੀਆ ਸਟੂਡੈਂਟਸ ਫੈੱਡਰੇਸ਼ਨ ਅਤੇ ਪੰਜਾਬ ਸਟੂਡੈਂਟਸ ਯੂਨੀਅਨ ਪ੍ਰਮੁੱਖ ਸਨ। ਵਿਦਿਆਰਥੀ ਮੁੱਦਿਆਂ ਨੂੰ ਲੈ ਕੇ ਇਹ ਜਥੇਬੰਦੀਆਂ ਸਰਗਰਮੀ ਨਾਲ ਕੰਮ ਕਰਦੀਆਂ ਰਹੀਆਂ ਹਨ। ਇਹੀ ਕਾਰਨ ਹੈ ਕਿ ਉਸ ਵੇਲੇ ਵਿਦਿਆਰਥੀ ਸਰਗਰਮੀਆਂ ਕਾਰਨ ਮੰਗਤ ਰਾਮ ਪਾਸਲਾ, ਜਸਪਾਲ ਸਿੰਘ ਤੇ ਰਤਨ ਸਿੰਘ ਰੰਧਾਵਾ ਤੇ ਕਈ ਹੋਰ ਸਿਆਸੀ ਆਗੂ ਉਭਰੇ ਸਨ। ਪੰਜਾਬ ਸੰਤਾਪ ਤੋਂ ਬਾਅਦ ਵਿਦਿਆਰਥੀ ਲਹਿਰ ਲਗਪਗ ਖਤਮ ਹੋ ਗਈ ਸੀ।

# ਗੀਤ ਸੰਗੀਤ ਵਿਚ ਵਧ ਰਹੇ ਲੱਚਰਪੁਣੇ ਵਿਰੁੱਧ ਕਿੱਥੇ ਹੈ ਸਾਡੀ ਮੁਹਿੰਮ

**- ਰਣਜੀਤ ਸਿੰਘ**

ਹੁਣ ਵਿਆਹ ਅਤੇ ਹੋਰ ਸਮਾਜਿਕ ਸਮਾਗਮਾਂ ਸਮੇਂ ਸ਼ਰਾਬ ਦੀ ਵਰਤੋਂ ਇਕ ਅਹਿਮ ਹਿੱਸਾ ਬਣ ਰਹੀ ਹੈ। ਹੁਣ ਤਾਂ ਸ਼ਰਾਬ ਅਤੇ ਪੰਜਾਬੀ ਇਕ ਮਿਕ ਹੀ ਹੋ ਗਏ ਜਾਪਦੇ ਹਨ। ਸਮਾਗਮਾਂ ਵਿਚ ਨਸ਼ੇ ਦੀ ਲੋਰ, ਸੰਗੀਤ ਦਾ ਸ਼ੋਰ ਅਤੇ ਲੱਚਰ ਗਾਣਿਆਂ ਦੇ ਬੋਲਾਂ ਉਤੇ ਅਸੀਂ ਭੰਗੜੇ ਅਤੇ ਗਿੱਧੇ ਦੇ ਨਾਂਅ ’ਤੇ ਪੁੱਠੇ ਸਿੱਧੇ ਹੱਥ ਪੈਰ ਮਾਰਦੇ ਹਾਂ। ਲੱਚਰ ਗੀਤ ਲਿਖਣ ਵਾਲੇ, ਗਾਉਣ ਵਾਲੇ ਤੇ ਸੰਗੀਤ ਦੇਣ ਵਾਲੇ ਪੰਜਾਬੀ ਬੋਲੀ, ਸੰਗੀਤ ਜਾਂ ਸੱਭਿਆਚਾਰ ਦੀ ਸੇਵਾ ਨਹੀਂ ਕਰ ਰਹੇ, ਸਗੋਂ ਉਸ ਨਾਲ ਧੋਖਾ ਕਮਾ ਰਹੇ ਹਨ। ਅਸੀਂ ਆਪਣੇ ਗੀਤ, ਸੰਗੀਤ ਤੇ ਨਾਚਾਂ ਦੀਆਂ ਜੜ੍ਹਾਂ ਵੱਢ ਰਹੇ ਹਾਂ। ਸਾਡੇ ਗੀਤਕਾਰ ਲਾਲਾ ਧਨੀ ਰਾਮ ਚਾਤ੍ਰਿਕ, ਨੰਦ ਲਾਲ ਨੂਰਪੁਰੀ, ਸ਼ਿਵ ਕੁਮਾਰ ਬਟਾਲਵੀ, ਇੰਦਰਜੀਤ ਹਸਨਪੁਰੀ, ਦੇਵ ਥਰੀਕਿਆਂ ਵਾਲਾ, ਗੁਰਦੇਵ ਸਿੰਘ ਮਾਨ, ਸਤਿੰਦਰ ਸਰਤਾਜ, ਗੁਰਦਾਸ ਮਾਨ ਆਦਿ ਨੇ ਸਾਫ਼ ਸੁਥਰੇ ਗੀਤਾਂ ਦੀ ਰਚਨਾ ਕੀਤੀ। ਉਨਾਂ ਦੇ ਗੀਤ ਅਮਰ ਹੋ ਗਏ ਹਨ। ਲੋਕੀਂ ਉਨਾਂ ਦੀ ਇੱਜ਼ਤ, ਮਾਣ ਤੇ ਸਤਿਕਾਰ ਕਰਦੇ ਹਨ। ਇਸੇ ਤਰਾਂ ਸਾਫ਼-ਸੁਥਰੀ ਗਾਇਕੀ ਵਾਲੇ ਗਾਇਕਾਂ ਦਾ ਕੇਵਲ ਇਜ਼ਤ ਮਾਣ ਹੀ ਨਹੀਂ ਹੁੰਦਾ ਸਗੋਂ ਉਹ ਕਮਾਈ ਵੀ ਸਭ ਤੋਂ ਵੱਧ ਕਰਦੇ ਹਨ। ਸੁਰਿੰਦਰ ਕੌਰ, ਪ੍ਰਕਾਸ਼ ਕੌਰ, ਆਸਾ ਸਿੰਘ ਮਸਤਾਨਾ, ਹਰਭਜਨ ਮਾਨ, ਗੁਰਦਾਸ ਮਾਨ, ਹੰਸ ਰਾਜ, ਪੰਮੀ ਬਾਈ ਵਰਗੇ ਗਾਇਕਾਂ ਨੂੰ ਹਮੇਸ਼ਾ ਲੋਕੀਂ ਪਿਆਰ ਨਾਲ ਸੁਣਨਾ ਪਸੰਦ ਕਰਦੇ ਹਨ। ਸ਼ੋਰ ਸੰਗੀਤ ਨਹੀਂ ਹੁੰਦਾ। ਸੰਗੀਤ ਉਹ ਹੁੰਦਾ ਜਿਹੜਾ ਹਿਰਦੇ ਦੀਆਂ ਤਾਰਾਂ ਨੂੰ ਛੇੜੇ, ਵਿਸਮਾਦ ਉਪਜਾਵੇ ਤੇ ਅਨੰਦ ਦੀ ਪ੍ਰਾਪਤੀ ਕਰਵਾਏ। ਪੰਜਾਬੀ ਗੀਤ ਸੰਗੀਤ ਵਿਚ ਆਏ ਨਿਘਾਰ ਨੇ ਪੰਜਾਬੀ ਸੱਭਿਆਚਾਰ ਦੀਆਂ ਜੜ੍ਹਾਂ ਹਿਲਾ ਦਿੱਤੀਆਂ ਹਨ। ਸਬਰ, ਸੰਤੋਖ, ਮਿਠ ਬੋਲੜਾ ਸੁਭਾਅ, ਕਿਰਤ ਕਰਨੀ, ਵੰਡ ਛਕਣਾ ਅਤੇ ਸਾਦਗੀ ਖਤਮ ਹੋ ਰਹੇ ਹਨ। ਇਨਾਂ ਦੀ ਥਾਂ ਨਸ਼ਿਆਂ ਦੀ ਵਰਤੋਂ, ਫ਼ੁਕਰਾਪਣ, ਵਿਖਾਵਾ, ਅੱਖੜਪੁਣਾ ਆਦਿ ਪੰਜਾਬੀਆਂ ਦਾ ਹਿੱਸਾ ਬਣ ਰਹੇ ਹਨ।

ਪਿਆਰੇ ਗੀਤਕਾਰ ਜੀਓ, ਗੀਤ ਰਚੇ ਜਾਂਦੇ ਹਨ, ਘੜੇ ਨਹੀਂ ਜਾਂਦੇ। ਉਲਟੇ ਸਿੱਧੇ ਅਤੇ ਦੋਹਰੇ ਅਰਥਾਂ ਵਾਲੇ ਸ਼ਬਦਾਂ ਨੂੰ ਜੋੜ ਕੀਤੀ ਤੁਕਬੰਦੀ ਗੀਤ ਨਹੀਂ ਹੁੰਦੀ। ਗੀਤ ਤਾਂ ਦਿਲ ਦੀਆਂ ਗਹਿਰਾਈਆਂ ਵਿਚੋਂ ਰੁਸ਼ਨਾਈ ਰੂਹ ਹੀ ਸਿਰਜਦੀ ਹੈ। ਕਦਰ ਗਿਣਤੀ ਦੀ ਨਹੀਂ ਸਗੋਂ ਰਚਨਾ ਦੀ ਹੁੰਦੀ ਹੈ। ਕਈ ਵਾਰ ਇਕ ਗੀਤ ਹੀ ਕਵੀ ਨੂੰ ਅਮਰ ਕਰ ਦਿੰਦਾ ਹੈ। ਜੇ ਤੁਸੀਂ ਸਰੋਤਿਆਂ ਦਾ ਪਿਆਰ ਤੇ ਸਤਿਕਾਰ ਪ੍ਰਾਪਤ ਕਰਨਾ ਚਾਹੁੰਦੇ ਹੋ ਤਾਂ ਤੁਕਬੰਦੀ ਬੰਦ ਕਰੋ, ਲੱਚਰਤਾ ਦੂਰ ਕਰੋ। ਜੇਕਰ ਤੁਸੀਂ ਪੁੰਨ ਤੇ ਫ਼ਲੀਆਂ ਦੋਵੇਂ ਖੱਟਣਾ ਚਾਹੁੰਦੇ ਹੋ ਤਾਂ ਸਾਫ਼ ਤੇ ਉੱਚ ਪਾਏ ਦੀ ਗੀਤਕਾਰੀ ਕਰੋ। ਵਿਆਹ ਸਮੇਂ ਨਸ਼ੇ ਵਿਚ ਧੁੱਤ ਬਰਾਤੀ ਜਦੋਂ ਗੰਦੇ ਗੀਤ ਸੁਣਦੇ ਹਨ ਤਾਂ ਉਹ ਆਪੇ ਤੋਂ ਬਾਹਰ ਹੋ ਜਾਂਦੇ ਹਨ। ਆਪਣੀ ਮਰਜ਼ੀ ਦੀ ਪੂਰਤੀ ਨਾ ਹੁੰਦੀ ਵੇਖ ਕਈ ਵਾਰ ਗੋਲੀ ਵੀ ਚੱਲ ਜਾਂਦੀ ਹੈ। ਖ਼ੁਸ਼ੀ ਦਾ ਮਾਹੌਲ, ਸੋਗ ਵਿਚ ਬਦਲ ਜਾਂਦਾ ਹੈ। ਸੰਗੀਤਕਾਰ ਵੀ ਲੱਚਰ ਗੀਤਾਂ ਦੀਆਂ ਸ਼ੋਰ ਭਰੇ ਸੰਗੀਤ ਵਿਚ ਤਰਜ਼ਾਂ ਬਣਾ ਕੇ ਸੰਗੀਤ ਦੀ ਸੇਵਾ ਨਹੀਂ ਸਗੋਂ ਆਪਣੀ ਕਲਾ ਦਾ ਅਪਮਾਨ ਕਰ ਰਹੇ ਹਨ। ਅਜਿਹੇ ਨਿਘਾਰ ਲਈ ਸਭ ਤੋਂ ਵੱਧ ਉਹ ਵਿਅਕਤੀ ਅਤੇ ਕੰਪਨੀਆਂ ਜ਼ਿੰਮੇਵਾਰ ਹਨ, ਜਿਹੜੀਆਂ ਅਜਿਹੇ ਗੀਤ ਸੰਗੀਤ ਰਿਕਾਰਡ ਕਰਦੀਆਂ ਹਨ। ਆਰਥਿਕ ਲਾਭ ਲਈ ਉਹ ਨਹੀਂ ਜਾਣਦੇ ਕਿ ਆਪਣੀ ਬੋਲੀ ਅਤੇ ਸੱਭਿਆਚਾਰ ਦਾ ਉਹ ਕਿੰਨਾ ਨੁਕਸਾਨ ਕਰ ਰਹੇ ਹਨ।

ਜਿਥੇ ਲੇਖਕਾਂ, ਗਾਇਕਾਂ ਤੇ ਸੰਗੀਤਕਾਰਾਂ ਨੂੰ ਸਵੈ ਕਾਬੂ ਦੀ ਲੋੜ ਹੈ, ਉਥੇ ਸਮਾਜ ਅਤੇ ਸਰਕਾਰ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਪੰਜਾਬੀ ਸੱਭਿਆਚਾਰ ਦੇ ਵਿਹੜੇ ਪੈ ਰਹੀ ਗੰਦਗੀ ਨੂੰ ਰੋਕਿਆ ਜਾਵੇ। ਜਾਪਦਾ ਹੈ ਕਿ ਸਾਡੇ ਨੇਤਾਵਾਂ ਨੂੰ ਪੰਜਾਬੀਆਂ ਦੀ ਫ਼ਿਕਰ ਨਹੀਂ ਹੈ ਸਗੋਂ ਆਪਣੀਆਂ ਕੁਰਸੀਆਂ ਦੀ ਸਲਾਮਤੀ ਦਾ ਹੀ ਫ਼ਿਕਰ ਹੈ। ਸਮਾਜ ਸੇਵਕਾਂ ਅਤੇ ਪੰਜਾਬੀ ਪਿਆਰਿਆਂ ਨੂੰ ਚਾਹੀਦਾ ਹੈ ਕਿ ਅੱਗੇ ਆਉਣ, ਜਲਸੇ ਜਲੂਸਾਂ ਦੇ ਨਾਲੋ-ਨਾਲ ਅਜਿਹੇ ਗੀਤਕਾਰ ਤੇ ਗਾਇਕਾਂ ਦਾ ਘਿਰਾਓ ਵੀ ਕਰਨਾ ਚਾਹੀਦਾ ਹੈ।

ਸਾਰੇ ਪੰਜਾਬੀਆਂ ਨੂੰ ਮੇਰੀ ਅਪੀਲ ਹੈ ਕਿ ਇਸ ਮੁਹਿੰਮ ਵਿਚ ਵੱਧ-ਚੜ ਕੇ ਯੋਗਦਾਨ ਪਾਈਏ ਤਾਂ ਜੋ ਪੰਜਾਬੀ ਗੀਤ ਸੰਗੀਤ ਵਿਚ ਲੱਚਰਤਾ ਤੇ ਪ੍ਰਦੂਸ਼ਣ ਨੂੰ ਰੋਕਿਆ ਜਾ ਸਕੇ ਅਤੇ ਸਾਡੀ ਨਵੀਂ ਪੀੜੀ ਆਪਣੀ ਮਾਣਮੱਤੀ ਵਿਰਾਸਤ ਨਾਲ ਜੁੜ ਸਕੇ। ਸਾਡੇ ਸੰਗੀਤ ਨੇ ਜਿਥੇ ਪੰਜਾਬੀਆਂ ਨੂੰ ਸੱਚੀ ਸੁੱਚੀ ਜੀਵਨ ਜਾਚ ਬਖ਼ਸ਼ੀ ਉਥੇ ਉਨਾਂ ਵਿਚ ਦਲੇਰੀ ਵੀ ਭਰੀ ਹੈ। ਉਹ ਚੜਦੀ ਕਲਾ ਵਿਚ ਰਹਿੰਦਿਆਂ ਹਮੇਸ਼ਾ ਸਰਬੱਤ ਦੇ ਭਲੇ ਦੀਆਂ ਬਾਤਾਂ ਪਾਉਂਦੇ ਸਨ ਪਰ ਹੁਣ ਦੇਸ਼ ਦਾ ਅੰਨਦਾਤਾ ਨਿੱਤ ਖ਼ੁਦਕੁਸ਼ੀ ਕਰ ਰਿਹਾ ਹੈ। ਇਹ ਸਾਡੇ ਸੁਪਨਿਆਂ ਲਈ ਨਮੋਸ਼ੀ ਹੈ। ਸੰਗੀਤ ਦਲੇਰੀ ਭਰਨ ਅਤੇ ਦੁੱਖਾਂ ਦਾ ਮੁਕਾਬਲਾ ਕਰਨ ਦੇ ਕਾਬਲ ਵੀ ਬਣਾਉਂਦਾ ਹੈ। ਇਸ ਪਾਸੇ ਵਿੱਢੀ ਮੁਹਿੰਮ ਨੂੰ ਸੰਜੀਦਗੀ ਨਾਲ ਚਲਾਇਆ ਜਾਵੇ ਤਾਂ ਜੋ ਪੰਜਾਬੀ ਗੀਤ ਸੰਗੀਤ ਵਿਚੋਂ ਕੂੜਾ ਕਰਕਟ ਸਾਫ਼ ਕੀਤਾ ਜਾ ਸਕੇ।

# ਸਿੱਖ ਪੰਥ ਲਈ 2020 ਦੀ ਮਹੱਤਤਾ : ਕੁਝ ਮੁੱਦੇ ਅਤੇ ਸੰਭਾਵਨਾਵਾਂ

**- ਹਰਸਿਮਰਨ ਸਿੰਘ**

ਸਿੱਖ ਪੰਥ ਲਈ 2020 ਦਾ ਵਰ੍ਹਾ ਬੜੀ ਮਹੱਤਤਾ ਰੱਖਦਾ ਹੈ। ਇਸ ਨੂੰ ਇਤਿਹਾਸ ਦਾ ਇਕ ਮੌਕਾ ਮੇਲ ਹੀ ਸਮਝਿਆ ਜਾਏ ਕਿ ਜਿਵੇਂ ਆਪਣੇ ਸਮੇਂ ਦੇ ਮੁੱਦਿਆਂ ਅਤੇ ਚੁਣੌਤੀਆਂ ਦੇ ਸਨਮੁਖ 1873 ਵਿਚ ਸਿੰਘ ਸਭਾ ਲਹਿਰ ਦਾ ਆਰੰਭ ਹੋਇਆ ਸੀ ਅਤੇ ਪੰਥ ਵਿਚ ਇਕ ਨਵੀਂ ਜਾਗ੍ਰਿਤੀ ਆਈ ਸੀ, ਸੌ ਸਾਲ ਬਾਅਦ ਹਾਲਾਤ ਅਤੇ ਲੋੜਾਂ ਅਨੁਸਾਰ 1973 ਵਿਚ ਅਨੰਦਪੁਰ ਸਾਹਿਬ ਦਾ ਮਤਾ ਅਤੇ 1978 ਦਾ ਅੰਮ੍ਰਿਤਸਰ ਸਾਕਾ ਇਕ ਨਵੇਂ ਸੰਘਰਸ਼ ਅਤੇ ਜਾਗ੍ਰਿਤੀ ਲਹਿਰ ਦੇ ਵੱਡੇ ਆਧਾਰ ਬਣੇ ਸਨ। ਜਿਵੇਂ 1873 ਤੋਂ ਸਿੱਖ ਧਰਮ ਦੀ ਰੱਖਿਆ, ਧਾਰਮਿਕ ਪਹਿਚਾਣ ਅਤੇ ਸਿੱਖ ਵਿੱਦਿਅਕ, ਸਾਹਿਤਕ ਅਤੇ ਧਾਰਮਿਕ ਆਦਿ ਮੁੱਦਿਆਂ ਉੱਤੇ ਸੰਘਰਸ਼ ਲੜਨ ਅਤੇ ਪੁਜਾਰੀ-ਮਹੰਤਾਂ ਤੋਂ ਗੁਰਦੁਆਰਿਆਂ, ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਆਜ਼ਾਦ ਕਰਵਾਉਣ ਲਈ 50 ਸਾਲ ਤੱਕ ਇਕ ਲੰਮਾ ਸੰਘਰਸ਼ ਲੜਿਆ ਗਿਆ, ਉਸ ਦਾ ਸਿਖ਼ਰ 1920 ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਪੁਜਾਰੀਆਂ ਤੋਂ ਛੁਡਾਉਣ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਅਕਾਲੀ ਦਲ ਦੀ ਸਥਾਪਨਾ ਵਿਚ ਹੋਇਆ। ਉਸੇ ਤਰ੍ਹਾਂ 1973 ਤੋਂ 2020 ਤੱਕ ਲਗਪਗ ਪੰਜ ਦਹਾਕਿਆਂ ਦੌਰਾਨ ਪੰਥਕ ਜਾਗ੍ਰਿਤੀ ਦਾ ਨਵਾਂ ਇਤਿਹਾਸ ਸਿਰਜਿਆ ਗਿਆ ਹੈ। 1984 ਦੇ ਅੰਮ੍ਰਿਤਸਰ ਅਤੇ ਦਿੱਲੀ ਦੇ ਦਰਦਨਾਕ ਸਾਕੇ, ਇਨ੍ਹਾਂ ਤੋਂ ਉਪਜੇ ਪ੍ਰਤੀਕਰਮਾਂ ਵਜੋਂ ਲੰਮਾ ਜਨਤਕ ਅਤੇ ਹਥਿਆਰਬੰਦ ਸੰਘਰਸ਼ ਅਤੇ ਗੁਰੂ ਨਾਨਕ ਸਾਹਿਬ ਦੇ 550ਵੇਂ ਪ੍ਰਕਾਸ਼ ਪੁਰਬ ਸ਼ਤਾਬਦੀ ਸਮਾਗਮਾਂ ਤੱਕ ਮਨਾਏ ਗਏ ਕਈ ਸ਼ਤਾਬਦੀ ਸਮਾਗਮਾਂ ਨੇ ਪੰਥ ਵਿਚ ਇਕ ਨਵਾਂ ਉਤਸ਼ਾਹ, ਨਵਚੇਤਨਾ ਅਤੇ ਪੰਥਕ ਦਿਸ਼ਾ ਨਿਯਤ ਕੀਤੀ ਹੈ।

ਸਿੱਖਾਂ ਵਰਗੀ ਗਤੀਸ਼ੀਲ ਅਤੇ ਭਵਿੱਖਮੁਖੀ ਕੌਮ ਲਈ ਸੌ ਸਾਲ ਦਾ ਸਮਾਂ ਕੌਮੀ ਲੇਖੇ-ਜੋਖੇ ਲਈ ਮਹੱਤਵਪੂਰਨ ਹੈ। 1920 ਵਿਚ ਪੰਥ ਸਾਹਮਣੇ ਭਵਿੱਖ ਦੇ ਜੋ ਮੁੱਦੇ ਸਨ, ਉਨ੍ਹਾਂ ਨੂੰ ਜਿਵੇਂ ਵਕਤ ਦੇ ਸਿੱਖ ਆਗੂਆਂ ਨੇ ਨਜਿੱਠਿਆ, ਉਹ ਵਰਤਾਰੇ ਇਤਿਹਾਸ ਦੀ ਬੁੱਕਲ ਵਿਚ ਸਮਾਏ ਹੋਏ ਹਨ। ਪਰ 2020 ਦੇ ਇਸ ਪੜਾਅ ਉੱਤੇ ਸਿੱਖ ਪੰਥ ਜਿਨ੍ਹਾਂ ਮਹੱਤਵਪੂਰਨ ਮੁੱਦਿਆਂ ਅਤੇ ਚੁਣੌਤੀਆਂ ਦੇ ਸਨਮੁਖ ਹੈ, ਉਨ੍ਹਾਂ ਨਾਲ ਸਿੱਖ ਪੰਥ ਦੇ ਵਰਤਮਾਨ ਅਤੇ ਭਵਿੱਖ ਦੇ ਆਗੂ ਕਿਵੇਂ ਨਜਿੱਠਣਗੇ, ਸਾਡੇ ਸਾਹਮਣੇ ਇਹ ਇਕ ਮਹੱਤਵਪੂਰਨ ਵਿਸ਼ਾ ਹੈ, ਜਿਸ ਲਈ ਸਾਨੂੰ ਵਰਤਮਾਨ ਦੇ ਕੁਝ ਮੁੱਦਿਆਂ ਦੀ ਨਿਸ਼ਾਨਦੇਹੀ ਕਰਨੀ ਹੋਵੇਗੀ। ਅਕਾਲੀ ਸੱਭਿਆਚਾਰ ਨਾਲ ਜੁੜੇ ਧਾਰਮਿਕ, ਰਾਜਨੀਤਕ, ਵਿਦਵਾਨ ਆਗੂ ਅਤੇ ਪੰਥਕ ਧਿਰਾਂ ਸੌ ਸਾਲ ਪਹਿਲਾਂ ਵਾਪਰੇ ਘਟਨਾਕ੍ਰਮਾਂ ਨੂੰ 2020 ਵਿਚ ਕਿਵੇਂ ਇਤਿਹਾਸ ਦਾ ਇਕ ਵੱਡਾ ਮੀਲ ਪੱਥਰ ਬਣਾਉਣਗੇ, ਇਸ ਬਾਰੇ ਅਜੇ ਕੋਈ ਸਪੱਸ਼ਟਤਾ ਨਹੀਂ ਹੈ, ਭਾਵੇਂ ਕਿ ਇਸ ਬਾਰੇ ਚਰਚਾ ਸ਼ੁਰੂ ਹੋ ਗਈ ਹੈ। ਕੀ ਸਥਾਪਤ ਅਕਾਲੀ ਆਗੂ ਅਤੇ ਇਨ੍ਹਾਂ ਤੋਂ ਬਾਹਰ ਬੈਠੇ ਟਕਸਾਲੀ ਅਤੇ ਹੋਰ ਆਗੂ ਸ਼ਤਾਬਦੀਆਂ ਮਨਾਉਣ ਦੇ ਪ੍ਰਚਲਿਤ ਢੰਗ ਤਰੀਕਿਆਂ ਅਨੁਸਾਰ ਨਗਰ ਕੀਰਤਨ ਅਤੇ ਹੋਰ ਵੱਡੇ ਸਮਾਗਮ ਕਰਨ ਨੂੰ ਪਹਿਲ ਦੇਣਗੇ ਜਾਂ ਪੰਥ ਦੀ ਭਵਿੱਖਮੁਖੀ ਕਾਰਜਯੋਜਨਾ ਸੰਬੰਧੀ ਕੋਈ ਵੱਡੇ ਦਿਸ਼ਾਸੂਚਕ ਸੰਵਾਦੀ ਅਤੇ ਲੇਖਾ-ਜੋਖਾ ਕਰਨ ਵਾਲੇ ਕਦਮ ਚੁੱਕਣਗੇ?




ਅਕਤੂਬਰ, 1920 ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਪੁਜਾਰੀਤੰਤਰ ਤੋਂ ਆਜ਼ਾਦ ਕਰਵਾਇਆ ਗਿਆ ਅਤੇ ਇਸ ਦੀ ਪਹਿਲਕਦਮੀ 'ਤੇ ਨਵੰਬਰ 1920 ਵਿਚ ਪਹਿਲਾਂ ਸ਼੍ਰੋਮਣੀ ਕਮੇਟੀ ਅਤੇ ਬਾਅਦ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਸਥਾਪਨਾ ਕੀਤੀ ਗਈ ਸੀ। ਪਰ ਹੁਣ ਸੌ ਸਾਲ ਬਾਅਦ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੱਥ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਹੋਰ ਤਖ਼ਤਾਂ ਦੇ ਜਥੇਦਾਰ ਸਾਹਿਬਾਨ ਨੂੰ ਨਿਯੁਕਤ ਕਰਨ ਅਤੇ ਉਨ੍ਹਾਂ ਦੀਆਂ ਸਰਗਰਮੀਆਂ ਨੂੰ ਨਿਯੰਤਰਿਤ ਕਰਨ ਦੇ ਅਧਿਕਾਰ ਆ ਗਏ ਹਨ ਤਾਂ ਅਜਿਹੇ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਮਕਾਲੀ ਜਥੇਦਾਰ ਸਾਹਿਬ ਇਕ ਆਜ਼ਾਦ ਵਾਤਾਵਰਨ ਵਿਚ ਕਿਵੇਂ ਸਿੱਖ ਧਰਮ, ਸਿੱਖ ਸੰਸਥਾਵਾਂ, ਸਿੱਖ ਰਾਜਨੀਤੀ, ਅਕਾਲੀ ਰਾਜਨੀਤੀ ਅਤੇ ਸਮੁੱਚੇ ਤੌਰ 'ਤੇ ਸਿੱਖ ਪੰਥ ਵਿਚ ਇਕ ਨਵਾਂ ਉਤਸ਼ਾਹ, ਨਵੀਂ ਜਾਗ੍ਰਿਤੀ, ਨਵੇਂ ਉਦੇਸ਼, ਪੰਥ ਅਤੇ ਮਾਨਵ ਜਾਤੀ ਦਾ ਨਵਾਂ ਭਵਿੱਖ ਸਿਰਜਣ ਲਈ ਸੰਨ 2020 ਨੂੰ ਇਤਿਹਾਸਕ ਬਣਾਉਣਗੇ, ਸਾਡੇ ਸਾਹਮਣੇ ਇਹ ਇਕ ਵੱਡਾ ਮੁੱਦਾ ਹੈ।

2020 ਦਾ ਦੂਸਰਾ ਵੱਡਾ ਮੁੱਦਾ ਸਿੱਖ ਪੰਥ ਦੇ ਨਵੇਂ ਉਦੇਸ਼ ਮਿੱਥਣ, ਉਨ੍ਹਾਂ ਨੂੰ ਪ੍ਰਾਪਤ ਕਰਨ ਲਈ ਕਮਜ਼ੋਰ ਹੋ ਚੁੱਕੀਆਂ ਸੰਸਥਾਵਾਂ ਨੂੰ ਸ਼ਕਤੀਸ਼ਾਲੀ ਕਰਨ, ਨਵਾਂ ਸਿੱਖ ਆਗੂਤੰਤਰ ਤਿਆਰ ਕਰਨ ਅਤੇ ਘੱਟੋ-ਘੱਟ ਅਗਲੇ 50 ਸਾਲਾਂ ਲਈ ਨਵਾਂ ਭਵਿੱਖਮੁਖੀ ਦ੍ਰਿਸ਼ਟੀਕੋਣ ਉਸਾਰ ਕੇ ਉਸ ਨੂੰ ਪ੍ਰਾਪਤ ਕਰਨ ਲਈ ਵੱਡੀ ਕਾਰਜ ਯੋਜਨਾ ਤਿਆਰ ਕਰਨ ਨਾਲ ਸੰਬੰਧ ਰੱਖਦਾ ਹੈ। ਇਨ੍ਹਾਂ ਅੰਤਰ-ਸੰਬੰਧਿਤ ਮੁੱਦਿਆਂ ਨੂੰ ਜੇਕਰ ਪੰਥ-ਪੰਜਾਬ ਦਰਦੀ ਪ੍ਰਸੰਗ ਵਿਚ ਸੰਬੋਧਨ ਹੋਣ ਤਾਂ ਵਿਸ਼ਵ ਭਰ ਵਿਚ ਫੈਲੇ ਸਿੱਖ ਪੰਥ ਵਿਚ 1920 ਵਰਗਾ ਉਤਸ਼ਾਹ ਅਤੇ ਪ੍ਰੇਰਨਾਵਾਂ ਪੈਦਾ ਹੋ ਜਾਣਗੀਆਂ। ਪਰ ਇਸ ਲਈ ਜ਼ਰੂਰੀ ਹੈ ਕਿ ਸਮੇਂ ਦੀਆਂ ਲੋੜਾਂ ਅਨੁਸਾਰ ਪੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਫਿਲਾਸਫੀ ਆਧਾਰਿਤ ਨਵੇਂ ਵਿਚਾਰਧਾਰਕ ਬਦਲ ਵਿਸ਼ਵ ਸਾਹਮਣੇ ਲੈ ਕੇ ਆਏ। 12 ਨਵੰਬਰ, 2019 ਨੂੰ ਸੁਲਤਾਨਪੁਰ ਲੋਧੀ ਦੀ ਧਰਤੀ ਤੋਂ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਜਾਰੀ ਸੰਦੇਸ਼ ਇਸ ਸੰਬੰਧੀ ਨਵੀਂ ਆਸ ਪੈਦਾ ਕਰਦਾ ਹੈ।

2020 ਦਾ ਇਕ ਹੋਰ ਵੱਡਾ ਮੁੱਦਾ ਗੁਰਦੁਆਰਾ ਸੰਸਥਾ ਦੀ ਸਮਾਜ ਭਲਾਈ ਹਿੱਤ ਧਾਰਮਿਕ-ਸਮਾਜਿਕ ਭੂਮਿਕਾ ਨਾਲ ਸੰਬੰਧ ਰੱਖਦਾ ਹੈ। ਭਾਵੇਂ ਜਿਨ੍ਹਾਂ ਵੀ ਹਾਲਾਤ ਵਿਚ ਗੁਰਦੁਆਰਾ ਕੇਂਦਰਾਂ ਨੂੰ ਮਹੰਤਾਂ ਤੋਂ ਆਜ਼ਾਦ ਕਰਵਾ ਕੇ ਇਨ੍ਹਾਂ ਨੂੰ ਪੰਥ ਅਤੇ ਪੰਥਕ ਸਰਕਾਰਾਂ ਦੇ ਘੇਰੇ ਵਿਚ ਲਿਆਂਦਾ ਗਿਆ ਸੀ ਅਤੇ ਪਿਛਲੇ 100 ਸਾਲਾਂ ਵਿਚ ਇਹ ਸੰਸਥਾ ਮਜ਼ਬੂਤ ਆਧਾਰ ਪ੍ਰਾਪਤ ਕਰ ਗਈ ਹੈ। ਪਰ ਵਰਤਮਾਨ ਵਿਚ ਇਹ ਕੇਂਦਰ ਕੇਵਲ ਸਿੱਖ ਧਾਰਮਿਕ ਸਰਗਰਮੀਆਂ ਤੱਕ ਹੀ ਸੀਮਤ ਹੋ ਕੇ ਰਹਿ ਗਏ ਹਨ। ਵਿਸ਼ਵ ਭਰ ਵਿਚ ਸਥਾਪਿਤ ਗੁਰਦੁਆਰਾ ਕੇਂਦਰਾਂ ਵਿਚ ਇਕ ਨੀਤੀ ਤਹਿਤ ਤਾਲਮੇਲ ਬਿਠਾ ਕੇ ਇਨ੍ਹਾਂ ਨੂੰ ਜੇਕਰ ਸਮਾਜ ਭਲਾਈ ਹਿੱਤ ਵਿੱਦਿਅਕ ਫੈਲਾਅ, ਸਿਹਤ ਸੰਭਾਲ, ਲਾਇਬ੍ਰੇਰੀਆਂ, ਗੁਰਮਤਿ ਕੇਂਦਰ, ਜਿੰਮ, ਕੰਪਿਊਟਰ ਕੇਂਦਰ ਅਤੇ ਬਾਲਗ ਸਿੱਖਿਆ ਆਦਿ ਪ੍ਰਥਾਏ ਨਵੀਂ ਦਿਸ਼ਾ ਮਿਲ ਜਾਏ ਤਾਂ ਜਿੱਥੇ ਸਥਾਨਕ ਪੱਧਰ 'ਤੇ ਲੱਖਾਂ ਨੌਜਵਾਨ ਬੱਚੇ-ਬੱਚੀਆਂ ਨੂੰ ਰੁਜ਼ਗਾਰ ਮਿਲ ਜਾਏਗਾ, ਉੱਥੇ ਸਿੱਖ ਪੰਥ ਦੀਆਂ ਮੰਜ਼ਿਲਾਂ ਪ੍ਰਾਪਤ ਕਰਨ ਲਈ ਇਹ ਵਰਤਾਰਾ ਮਨੁੱਖੀ ਸਰੋਤ ਨੈੱਟਵਰਕ ਵੀ ਬਣ ਜਾਏਗਾ।

ਸ੍ਰੀ ਅਕਾਲ ਤਖ਼ਤ ਸਾਹਿਬ ਦੀ ਪਹਿਲਕਦਮੀ 'ਤੇ ਭਾਵੇਂ 1920 ਵਾਲੀ ਸ਼੍ਰੋਮਣੀ ਕਮੇਟੀ ਨੇ ਅਕਾਲੀ ਦਲ ਨੂੰ ਹੋਂਦ ਵਿਚ ਲਿਆਂਦਾ ਸੀ, ਪਰ ਪਿਛਲੇ ਸੌ ਸਾਲ ਦਾ ਇਹ ਇਕ ਦੁਖਾਂਤਕ ਪਹਿਲੂ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅਕਾਲੀ ਰਾਜਨੀਤਕਾਂ ਦੀ ਸ਼ਤਰੰਜ ਦੀ ਖੇਡ ਬਣ ਕੇ ਰਹਿ ਗਈ ਹੈ। ਸ਼੍ਰੋਮਣੀ ਕਮੇਟੀ ਨੂੰ ਅਕਾਲੀ ਰਾਜਨੀਤੀ ਦੇ ਪ੍ਰਭਾਵ ਤੋਂ ਜਿੱਥੇ ਮੁਕਤ ਕਰਨਾ ਇਕ ਵੱਡਾ ਮੁੱਦਾ ਹੈ, ਉਥੇ ਇਸ ਦੇ ਕੰਮਕਾਜ ਵਿਚ ਉਦੇਸ਼ਾਤਮਿਕ, ਵਿੱਦਿਅਕ, ਪ੍ਰਬੰਧਕੀ, ਪ੍ਰਸ਼ਾਸਕੀ, ਆਰਥਿਕ, ਧਰਮ ਪ੍ਰਚਾਰਕਾਂ ਦੀ ਤਿਆਰੀ, ਧਾਰਮਿਕ, ਸਿਹਤ ਸੇਵਾਵਾਂ, ਮੈਂਬਰਾਂ ਦੀ ਚੋਣ ਅਤੇ ਹੋਰ ਕਈ ਪ੍ਰਕਾਰ ਦੇ ਸੁਧਾਰ ਲਿਆਉਣਾ ਵੀ ਜ਼ਰੂਰੀ ਹੈ।

2020 ਦਾ ਇਕ ਹੋਰ ਮਹੱਤਵਪੂਰਨ ਮੁੱਦਾ ਸਿੱਖ ਰਾਜਨੀਤੀ, ਅਕਾਲੀ ਰਾਜਨੀਤੀ, ਪੰਜਾਬ ਦੀ ਰਾਜਨੀਤੀ ਅਤੇ ਭਾਰਤੀ ਰਾਜਨੀਤੀ ਦੇ ਪ੍ਰਸੰਗ ਵਿਚ ਪੰਜਾਬ ਦੀ ਸਥਿਤੀ ਨਾਲ ਸੰਬੰਧ ਰੱਖਦਾ ਹੈ। ਜਿੱਥੇ 1920 ਵਿਚ ਸਿੱਖ-ਅਕਾਲੀ ਰਾਜਨੀਤੀ ਤਾਜ਼ਾਦਮ ਅਤੇ ਭਾਰੀ ਉਤਸ਼ਾਹ ਭਰਪੂਰ ਸੀ, ਉੱਥੇ 2020 ਵਿਚ ਇਸ ਦੀ ਸਥਿਤੀ ਆਪਸੀ ਫੁੱਟ, ਦਿਸ਼ਾਹੀਣਤਾ, ਪੰਥਕ ਮੁੱਦਿਆਂ ਤੋਂ ਵਿਹੂਣੀ, ਸਿਧਾਂਤਿਕ ਸੱਖਣਤਾ, ਆਗੂਹੀਣਤਾ ਅਤੇ ਸੱਤਾ ਨੂੰ ਵੱਡੇ ਉਦੇਸ਼ਾਂ ਦੀ ਪ੍ਰਾਪਤੀ ਲਈ ਵਰਤਣ ਦੀ ਥਾਂ ਇਹ ਕੇਵਲ ਪੰਜਾਬ ਦੀ ਸੱਤਾ ਪ੍ਰਾਪਤ ਕਰਨ ਦੇ ਚੱਕਰ ਵਿਚ ਉਲਝੀ ਰਹਿੰਦੀ ਹੈ। 2017 ਅਤੇ 2019 ਦੇ ਝਟਕਿਆਂ ਤੋਂ ਜੇਕਰ ਭਾਰੂ ਅਕਾਲੀ ਦਲ ਅਜੇ ਤੱਕ ਨਹੀਂ ਉਭਰਦਾ ਜਾਪਦਾ ਤਾਂ ਇਸ ਦੇ ਵਿਰੋਧ ਵਿਚ ਕੰਮ ਕਰਦੀਆਂ ਧਿਰਾਂ, ਕਾਂਗਰਸ ਅਤੇ ਅਕਾਲੀ ਦਲ ਤੋਂ ਹਟਵਾਂ ਤੀਸਰੇ ਬਦਲ ਦੀ ਰਾਜਨੀਤੀ ਦਾ ਸ਼ਾਸਕੀ ਮਾਡਲ ਦੇਣ ਵਿਚ ਵੀ ਸਫ਼ਲ ਨਹੀਂ ਹੋ ਪਾ ਰਹੀਆਂ। ਅਜਿਹੇ ਹਾਲਾਤ ਵਿਚ ਕੌਣ ਲੋਕ ਸਿੱਖ ਰਾਜਨੀਤੀ ਨੂੰ ਬਹੁਪਰਤੀ ਦਿਸ਼ਾ ਦੇਣਗੇ, ਇਹ ਆਪਣੇ ਆਪ ਵਿਚ ਇਕ ਵੱਡਾ ਮੁੱਦਾ ਹੈ।

ਸੋ ਪ੍ਰਸ਼ਨਾਂ ਦਾ ਪ੍ਰਸ਼ਨ ਹੈ ਕਿ ਇਨ੍ਹਾਂ ਅਤੇ ਹੋਰ ਸੰਬੰਧਿਤ ਮੁੱਦਿਆਂ ਨੂੰ ਕੌਣ ਲੋਕ ਕਿਵੇਂ ਅਤੇ ਕਦੋਂ ਸੰਬੋਧਨ ਹੋਣਗੇ ਕਿ ਸਿੱਖ ਪੰਥ ਅਗਲੇ ਦਹਾਕਿਆਂ ਵਿਚ ਨਾ ਕੇਵਲ ਪੰਜਾਬ, ਭਾਰਤ ਸਗੋਂ ਵਿਸ਼ਵ ਨੂੰ ਵੀ ਨਵੀਂ ਦਿਸ਼ਾ ਦੇਣ ਦੇ ਸਮਰੱਥ ਹੋ ਸਕੇ। ਪੰਜਾਬ ਸਿੱਖ ਪੰਥ ਦਾ ਕੌਮੀ ਘਰ ਹੈ। ਵਰਤਮਾਨ ਪੰਜਾਬ ਬੇਰੁਜ਼ਗਾਰੀ, ਦਿਸ਼ਾਹੀਣਤਾ, ਨਸ਼ਾਖੋਰੀ, ਨਿਰਾਸ਼ਤਾ, ਕਿਸਾਨਾਂ ਸਮੇਤ ਹਰ ਵਰਗ ਦੇ ਮਸਲਿਆਂ, ਨੌਜਵਾਨਾਂ ਦਾ ਵਿਦੇਸ਼ਾਂ ਨੂੰ ਪਲਾਇਨ, ਜੀਵਨ ਅਸੁਰੱਖਿਆ ਅਤੇ ਹੋਰ ਕਈ ਤਰ੍ਹਾਂ ਦੇ ਸੰਕਟਾਂ ਵਿਚ ਘਿਰਿਆ ਹੋਇਆ ਹੈ। ਜਿੱਥੇ ਕਰਤਾਰਪੁਰ ਸਾਹਿਬ ਲਾਂਘੇ ਦਾ ਬਣਨਾ ਸਿੱਖ ਪੰਥ ਦੀ ਇਕ ਵੱਡੀ ਪ੍ਰਾਪਤੀ ਹੈ, ਉਥੇ ਪੂੰਜੀਵਾਦ ਅਤੇ ਸਮਾਜਵਾਦ ਤੋਂ ਹਟਵੇਂ ਸਿੱਖ ਫਿਲਾਸਫੀ ਆਧਾਰਿਤ ਤੀਸਰੇ ਬਦਲ ਅਤੇ 'ਵਿਸਮਾਦੀ ਵਿਸ਼ਵ ਆਰਡਰ' ਲਈ ਯਤਨ ਕਰਨ ਦਾ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਜਾਰੀ ਹੋਇਆ ਸੰਦੇਸ਼ ਇਸ ਸੰਬੰਧੀ ਨਵੀਆਂ ਸੰਭਾਵਨਾਵਾਂ ਨਾਲ ਭਰਿਆ ਦਸਤਾਵੇਜ਼ ਹੈ। ਭਾਰਤ ਦੇ ਫੈਡਰਲ ਢਾਂਚੇ, ਅਨੰਦਪੁਰ ਸਾਹਿਬ ਮਤੇ ਦੇ ਰਾਜਨੀਤਕ ਉਦੇਸ਼ਾਂ ਤੋਂ ਅੱਗੇ ਜਾ ਕੇ ਇਹ ਸੰਦੇਸ਼ ਸਿੱਖ ਪੰਥ ਲਈ ਇਕ ਵੱਡਾ ਮਾਰਗ ਦਰਸ਼ਕ ਹੈ, ਜੋ ਸਿੱਖ ਪੰਥ ਦੀਆਂ ਵੱਡੀਆਂ ਮੰਜ਼ਿਲਾਂ ਦੇ ਆਧਾਰ ਤਿਆਰ ਕਰਦਾ ਹੈ। ਇਸ ਸੰਦੇਸ਼ ਦੇ ਵੱਡੇ ਰਾਜਨੀਤਕ ਅਰਥ ਭਾਰਤ ਨੂੰ ਕਨਫੈਡਰੇਸ਼ਨ ਦਾ ਰੂਪ ਦੇਣ ਅਤੇ ਸਿੱਖਾਂ ਸਮੇਤ ਭਾਰਤ ਦੇ ਸੱਭਿਆਚਾਰਾਂ ਅਤੇ ਕੌਮਾਂ ਨੂੰ ਸੰਵਿਧਾਨਕ ਸੁਰੱਖਿਆ ਦੇਣ ਦੇ ਵਿਚਕਾਰਲੇ ਰਾਹ ਵਿਚ ਨਿਕਲਦੇ ਹਨ। ਇਸ ਲਈ ਜ਼ਰੂਰੀ ਹੈ ਕਿ ਸਿੱਖ ਪੰਥ ਦੀਆਂ ਧਾਰਮਿਕ, ਸਮਾਜਿਕ, ਰਾਜਨੀਤਕ, ਵਿੱਦਿਅਕ, ਆਰਥਿਕ, ਸੱਭਿਆਚਾਰਕ, ਨੌਜਵਾਨੀ, ਅਕਾਦਮਿਕ ਅਤੇ ਬੌਧਿਕ ਆਦਿ ਸੰਸਥਾਵਾਂ ਨੂੰ ਸ਼ਕਤੀਸ਼ਾਲੀ ਕੀਤਾ ਜਾਏ। 1920 ਦੀਆਂ ਲੀਹਾਂ ਉੱਤੇ ਸਿੱਖ ਪੰਥ ਦੇ ਸੁਹਿਰਦ ਵਿਦਵਾਨਾਂ ਅਤੇ ਆਗੂਆਂ ਦੇ ਸਹਿਯੋਗ ਨਾਲ ਜੇਕਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨਵੇਂ ਸੰਦਰਭ ਵਿਚ ਪਹਿਲਕਦਮੀ ਕਰਨ ਤਾਂ ਸਿੱਖ ਪੰਥ ਦੇ ਭਵਿੱਖ ਦੀਆਂ ਨਵੀਆਂ ਪ੍ਰਾਪਤੀਆਂ ਦੀ ਗਾਥਾ ਲਿਖੀ ਜਾ ਸਕਦੀ ਹੈ।

# .ਗਦਰੀ ਯੋਧਾ-ਤੇਜਾ ਸਿੰਘ ਸ.ਫਰੀ

**- ਜਸਦੇਵ ਸਿੰਘ ਲਲਤੋਂ**

ਮਹਾਨ ਗ਼ਦਰੀ ਸੂਰਮੇ ਤੇਜਾ ਸਿੰਘ ਸਫ਼ਰੀ ਦਾ ਜਨਮ 1900 ਵਿੱਚ ਪਿਤਾ ਜੀਵਾ ਸਿੰਘ ਦੇ ਘਰ ਮਾਤਾ ਜਿਉਣ ਕੌਰ ਦੀ ਕੁੱਖੋਂ ਹੋਇਆ। ਮੁੱਢਲੀ ਵਿੱਦਿਆ ਪ੍ਰਾਪਤ ਕਰਨ ਪਿੱਛੋਂ ਤੇਜਾ ਸਿੰਘ ਆਪਣੇ ਪਿਤਾ ਨਾਲ ਖੇਤੀਬਾੜੀ ਕਰਵਾਉਣ ਲੱਗਿਆ। ਇਕ ਦਿਨ ਗੁਪਤਵਾਸ ਦੌਰਾਨ ਕਰਤਾਰ ਸਿੰਘ ਸਰਾਭਾ, ਤੇਜਾ ਸਿੰਘ ਨੂੰ ਉਸ ਦੇ ਖੇਤ 'ਚ ਮਿਲਿਆ। ਸਰਾਭਾ ਨੇ ਆਪਣੇ ਦਾਦਾ ਬਦਨ ਸਿੰਘ ਨੂੰ ਬੁਲਾਉਣ ਲਈ ਤੇਜਾ ਸਿੰਘ ਨੂੰ ਘਰੇ ਭੇਜਿਆ।

ਦਾਦੇ-ਪੋਤੇ ਦੀ ਇਸ ਮਿਲਣੀ ਦਾ ਆਪ ਜੀ 'ਤੇ ਬਹੁਤ ਹੀ ਡੂੰਘਾ ਅਸਰ ਪਿਆ। ਇਸ ਦਾ ਵਰਨਣ ਆਪ ਜੀ ਦੀ ਕਵਿਤਾ 'ਦਾਦੇ ਪੋਤੇ ਦੀ ਗੱਲਬਾਤ' ਵਿਚ ਦਰਜ ਹੈ। ਇਸ ਤੋਂ ਪਿੱਛੋਂ ਥੋੜੇ ਸਮੇਂ ਵਿੱਚ ਹੀ ਆਪ ਜੀ ਦੀਆਂ ਕਈ ਮੁਲਾਕਾਤਾਂ ਸਰਾਭਾ ਜੀ ਨਾਲ ਹੋਈਆਂ ਜਿਨ੍ਹਾਂ ਨਾਲ ਆਪ ਵੀ ਗ਼ਦਰੀ ਰੰਗ 'ਚ ਰੰਗੇ ਗਏ ਅਤੇ ਗ਼ਦਰ ਪਾਰਟੀ ਦੀਆਂ ਗੁਪਤ ਸਰਗਰਮੀਆਂ ਵਿੱਚ ਬਾਕਾਇਦਾ ਭਾਗ ਲੈਣ ਲੱਗੇ। 1923 ਵਿੱਚ ਗੁਰਦੁਆਰਿਆਂ ਨੂੰ ਮਸੰਦਾਂ ਤੋਂ ਆਜ਼ਾਦ ਕਰਵਾਉਣ ਲਈ ਜੈਤੋ ਦੇ ਅਕਾਲੀ ਮੋਰਚੇ ਦੌਰਾਨ ਤੇਜਾ ਸਿੰਘ ਸਫ਼ਰੀ ਨੇ ਗ੍ਰਿਫ਼ਤਾਰੀ ਦਿੱਤੀ। 1924 'ਚ ਨਾਭਾ ਜੇਲ ਦੌਰਾਨ ਪਹਿਲੀ ਕਵਿਤਾ ਲਿਖਣ ਨਾਲ ਉਨ੍ਹਾਂ ਦਾ ਕਾਵਿ-ਸਫ਼ਰ ਆਰੰਭ ਹੋਇਆ। 1924 ਤੋਂ 29 ਤਕ ਆਪ ਕਲਕੱਤੇ ਰਹੇ। ਇਸ ਸਮੇਂ ਗ਼ਦਰੀ ਮੁਨਸ਼ਾ ਸਿੰਘ ਦੁਖੀ ਤੇ ਸੁਦਾਗਰ ਸਿੰਘ ਭਿਖਾਰੀ ਨਾਲ ਮਿਲ ਕੇ ਵਿਸ਼ਵ ਦੀ ਪਹਿਲੀ ਪੰਜਾਬੀ ਸਾਹਿਤ ਸਭਾ- 'ਕਵੀ-ਕੁਟੀਆ' ਦੀ ਉਸਾਰੀ ਕੀਤੀ। ਆਪ ਨੇ ਜਲਦੀ ਹੀ 'ਕਵੀ-ਕੁਟੀਆ', ਕਵੀ-ਮਾਸਕ' ਰਸਾਲੇ ਤੇ ਕਵੀ ਪ੍ਰੈਸ ਦਾ ਸਾਰਾ ਕਾਰਜਭਾਰ ਸਾਂਭ ਲਿਆ। ਦਰਅਸਲ ਕਵੀ ਪ੍ਰੈਸ ਗ਼ਦਰੀਆਂ ਸਮੇਤ ਸਮੂਹ ਦੇਸ਼ ਭਗਤਾਂ ਦਾ ਅੱਡਾ ਸੀ ਤੇ 'ਕਵੀ-ਮਾਸਕ' ਇਨ੍ਹਾਂ ਦਾ ਬੁਲਾਰਾ ਸੀ। 'ਸਾਂਝੀਵਾਲ' ਸਪਤਾਹਿਕ ਜੋ ਅੰਗਰੇਜ਼ ਹਕੂਮਤ ਦਾ ਸਿੱਧਾ ਵਿਰੋਧੀ ਸੀ, ਵੀ ਇੱਥੋਂ ਛਪਦਾ। ਤੇਜਾ ਸਿੰਘ ਸਫ਼ਰੀ ਦੀਆਂ ਜੋਸ਼ੀਲੀਆਂ ਤੇ ਇਨਕਲਾਬੀ ਕਵਿਤਾਵਾਂ 'ਕਵੀ', 'ਫੁਲਵਾੜੀ', 'ਸਾਂਝੀਵਾਲ' ਤੇ ਹੋਰ ਪ੍ਰਸਿੱਧ ਪੰਜਾਬੀ ਪੇਪਰਾਂ 'ਚ ਛਪਦੀਆਂ ਤੇ ਕਵੀ ਦਰਬਾਰਾਂ 'ਚ ਗੂੰਜਦੀ ਤੇ ਦੇਸ਼ ਭਗਤ ਦਾ ਸੂਹਾ ਰੰਗ ਚਾੜਦੀਆਂ। ਇਸ ਤੋਂ ਇਲਾਵਾ ਆਪ ਦਿਨ-ਰਾਤ ਸਾਈਕਲ ਚਲਾ ਕੇ ਕ੍ਰਾਂਤੀਕਾਰੀ ਸਾਹਿਤ ਵੰਡਦੇ ਤੇ ਇਸ ਲਈ ਸਹਾਇਤਾ ਇਕੱਠੀ ਕਰਦੇ।

ਤੇਜਾ ਸਿੰਘ ਸਫ਼ਰੀ ਆਪਣੇ ਭਰਾ ਪ੍ਰੇਮ ਸਿੰਘ ਸਰਾਭਾ ਨਾਲ ਮਿਲ ਕੇ ਕਲਕੱਤੇ ਵਿੱਚ ਸਾਮਰਾਜ ਵਿਰੋਧੀ ਵਿਸ਼ਾਲ ਜਲਸੇ ਦੀ ਅਗਵਾਈ ਕਰਦੇ। ਸੰਨ 1930 ਤੇ 1931 ਵਿੱਚ ਸ਼ਹੀਦ ਜਤਿਨ ਦਾਸ ਤੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੀਆਂ ਸ਼ਹਾਦਤਾਂ ਮੌਕੇ ਲਾਮਿਸਾਲ ਖਾੜਕੂ ਮੁਜ਼ਾਹਰੇ ਜਥੇਬੰਦ ਕੀਤੇ ਗਏ, ਜਿਨ੍ਹਾਂ ਦੀ ਰਹਿਨੁਮਾਈ ਆਪ ਨੇ ਕੀਤੀ।

ਆਪ ਦੇ ਗ੍ਰਿਫ਼ਤਾਰੀ ਵਾਰੰਟ ਕਲਕੱਤਾ ਪੁਲੀਸ ਨੇ ਕੱਢ ਦਿੱਤੇ ਤੇ ਆਪ ਗੁਪਤ ਰੂਪ 'ਚ ਪੰਜਾਬ ਪੁੱਜ ਗਏ। ਇੱਧਰ ਭਰਾ ਪ੍ਰੇਮ ਸਿੰਘ ਸਰਾਭਾ ਨੂੰ ਲੁਧਿਆਣਾ ਪੁਲੀਸ ਨੇ ਜੇਲ 'ਚ ਬੰਦ ਕਰ ਦਿੱਤਾ। ਇਨ੍ਹਾਂ ਇਮਤਿਹਾਨੀ ਹਾਲਾਤ ਅੰਦਰ ਆਪ 28 ਜੁਲਾਈ 1929 ਨੂੰ ਕਿਰਤੀ ਕਿਸਾਨ ਪਾਰਟੀ ਜ਼ਿਲਾ ਲੁਧਿਆਣਾ ਦੇ ਮੀਤ ਪ੍ਰਧਾਨ ਚੁਣੇ ਗਏ ਅਤੇ ਕਿਸਾਨ-ਮਜ਼ਦੂਰ ਘੋਲਾਂ ਤੇ ਲਹਿਰਾਂ ਦੀ ਉਸਾਰੀ ਲਈ ਕੁਲਵਕਤੀ ਕੰਮ ਵਿੱਚ ਜੁਟ ਗਏ ਅਤੇ ਵਾਰ-ਵਾਰ ਜੇਲੀਂ ਡੱਕੇ ਗਏ। ਇਸੇ ਸਮੇਂ ਆਪ ਕਮਿਊਨਿਸਟ ਪਾਰਟੀ ਦੇ ਆਗੂ ਬਣੇ।

ਉਨ੍ਹਾਂ ਦੀ ਅਗਵਾਈ ਹੇਠ 1932 'ਚ ਪਹਿਲੀ ਵਾਰ ਸਰਾਭਾ ਵਿਖੇ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਬਰਸੀ ਵਿਸ਼ਾਲ ਪੈਮਾਨੇ 'ਤੇ ਮਨਾਈ ਗਈ। ਅੰਗਰੇਜ਼ ਹਕੂਮਤ ਦੀਆਂ ਭਾਰੀ ਰੋਕਾਂ ਤੇ ਜਬਰ-ਤਸ਼ੱਦਦ ਦਾ ਟਾਕਰਾ ਕਰਦਿਆਂ ਇਹ ਕਾਰਜ ਨੇਪਰੇ ਚਾੜਿਆ ਗਿਆ। ਬਰਸੀ ਪਿੱਛੋਂ ਗ੍ਰਿਫ਼ਤਾਰੀ ਦਾ ਦੌਰ ਹੋਰ ਤੇਜ਼ ਹੋ ਗਿਆ।

ਤੇਜਾ ਸਿੰਘ ਸਫ਼ਰੀ ਤੇ ਪ੍ਰੇਮ ਸਿੰਘ ਸਰਾਭਾ ਨੂੰ ਮੁੜ ਜੇਲ ਡੱਕ ਦਿੱਤਾ ਗਿਆ। 1923 ਤੋਂ 1947 ਤੱਕ ਤੇ ਬਾਅਦ 'ਚ 1947 ਤੋਂ 1954 ਤੱਕ ਵੀ ਤੇਜਾ ਸਿੰਘ ਸਫ਼ਰੀ ਨੇ 20 ਸਾਲ ਤੋਂ ਉਪਰ ਸਮਾਂ ਜੇਲਾਂ ਵਿਚ ਕੱਟਿਆ। ਉਨ੍ਹਾਂ ਦੀ ਪਤਨੀ ਬੀਬੀ ਬਸੰਤ ਕੌਰ ਦਾ ਤਿਆਗ ਤੇ ਕੁਰਬਾਨੀ ਧੰਨ ਹੈ, ਜਿਸ ਨੇ ਬੇਹੱਦ ਆਰਥਿਕ ਤੰਗੀਆਂ, ਇਕੱਲਤਾ, ਰੋਜ਼-ਰੋਜ਼ ਦੇ ਵਿਦੇਸ਼ੀ/ਦੇਸੀ ਹਕੂਮਤਾਂ ਦੇ ਪੁਲੀਸ ਛਾਪਿਆਂ, ਜਬਰ-ਜ਼ੁਲਮ ਦੀਆਂ ਭਾਰੀ ਮੁਸੀਬਤਾਂ ਨੂੰ ਖਿੜੇ ਮੱਥੇ ਝੱਲਦਿਆਂ ਆਪਣੇ 3 ਪੁੱਤਰਾਂ-ਦਰਸ਼ਨ ਸਿੰਘ,ਅਮਰਪਾਲ ਸਿੰਘ ਤੇ ਕੁਲਵੰਤ ਸਿੰਘ ਨੂੰ ਪਾਲਿਆ, ਪੜਾਇਆ ਤੇ ਪ੍ਰਵਾਨ ਚੜਾਇਆ। ਜਿਨ੍ਹਾਂ 'ਚੋਂ ਕੇਵਲ ਕੁਲਵੰਤ ਸਿੰਘ ਹੀ ਹੁਣ ਜਿਊਂਦਾ ਹੈ।

ਪੰਜਾਬ ਦੇ ਤਤਕਾਲੀ ਮੁੱਖ ਮੰਤਰੀ ਨੇ ਇਕ ਵਾਰ ਸਰਾਭੇ ਘਰੇ ਪੁੱਜ ਕੇ ਤੇਜਾ ਸਿੰਘ ਸਫ਼ਰੀ ਨੂੰ ਸਰਕਾਰੀ ਪੈਨਸ਼ਨ ਤੇ ਹੋਰ ਵੱਡੇ ਲਾਭ ਦੇਣ ਦੀ ਪੇਸ਼ਕਸ਼ ਕੀਤੀ, ਪਰ ਅਸੂਲਾਂ ਦੇ ਪੱਕੇ ਤੇ ਕਹਿਣੀ-ਕਰਨੀ ਦੇ ਪੂਰੇ ਸੂਰਮੇ ਸਫ਼ਰੀ ਨੇ ਆਖਿਆ, "ਜਦੋਂ ਤੱਕ ਮੇਰੇ 40 ਕਰੋੜ ਹਿੰਦ ਵਾਸੀਆਂ ਲਈ ਬਰਾਬਰੀ, ਖੁਸ਼ਹਾਲੀ, ਨਿਆਂ ਤੇ ਕਿਰਤ ਦੀ ਸਰਦਾਰੀ ਵਾਲਾ ਖਰਾ ਲੋਕ ਜਮਹੂਰੀ ਤੇ ਸੱਚੇ ਸਮਾਜ ਵਾਲਾ ਰਾਜ ਪ੍ਰਬੰਧ ਸਥਾਪਤ ਨਹੀਂ ਹੋ ਜਾਂਦਾ, ਉਨ੍ਹਾਂ ਦਾ ਇਨਕਲਾਬ ਜਾਰੀ ਰਹੇਗਾ ਤੇ ਉਹ ਇਕ ਪੈਸਾ ਵੀ ਸਰਮਾਏਦਾਰਾਂ-ਜਾਗੀਰਦਾਰਾਂ ਦੀ ਹਕੂਮਤ ਤੋਂ ਨਹੀਂ ਲਵੇਗਾ।

ਸਫ਼ਰੀ ਦੇ ਪ੍ਰਣ ਕਵਿਤਾ ਵਿੱਚ ਮਿਲਦੇ ਹਨ:-

ਬਾਗ਼ੀ ਰਹਾਂਗੇ ਕਰਾਂਗੇ ਹੋਰ ਬਾਗ਼ੀ, ਜਦ ਤੱਕ ਨਹੀਂ ਮਿਟਦਾ ਅਜ਼ਾਬ ਸਾਡਾ।
ਲੜਦੇ ਰਹਾਂਗੇ ਹਟਾਂਗੇ ਨਹੀਂ ਪਿੱਛੇ, ਜਦ ਤੱਕ ਨੇਪਰੇ ਚੜ੍ਹੂ ਨਾ ਕਾਜ ਸਾਡਾ।
ਲਗਨ ਦੇਸ਼-ਪ੍ਰੇਮ ਦੀ ਛੱਡਣੀ ਨਹੀਂ, ਭਾਵੇਂ ਹੋ ਜਾਵੇ ਪਰਿਵਾਰ ਬਰਬਾਦ ਸਾਡਾ।
ਸਫ਼ਰੀਂ ਹੇਠਲੀ ਉੱਤੇ ਲਿਆਉਣ ਖਾਤਰ, ਨਾਅਰਾ ਗੂੰਜੂ ਇਨਕਲਾਬ ਜ਼ਿੰਦਾਬਾਦ ਸਾਡਾ।

ਸ੍ਰੀ ਹਰਦੇਵ ਸਿੰਘ ਗਰੇਵਾਲ (ਕਲਕੱਤਾ) ਵੱਲੋਂ ਸੰਪਾਦਿਤ ਤੇਜਾ ਸਿੰਘ ਸਫ਼ਰੀ ਦਾ ਕਾਵਿ-ਸੰਗ੍ਰਹਿ- "ਸਫ਼ਰੀ ਮਨ-ਤਰੰਗ" (2013) ਗ਼ਦਰ ਕਾਵਿ ਦਾ ਅਦੁੱਤਾ ਅੰਗ ਤੇ ਸੁੰਦਰ ਨਮੂਨਾ ਹੈ।

ਅਨਮੋਲ ਹੀਰੇ ਤੇਜਾ ਸਿੰਘ ਸਫ਼ਰੀ ਸਰਾਭਾ 15 ਜਨਵਰੀ 1954 ਨੂੰ ਦੇਸ਼ ਵਾਸੀਆਂ ਨੂੰ ਸਰੀਰਕ ਤੌਰ 'ਤੇ ਸਦੀਵੀ ਵਿਛੋੜਾ ਦੇ ਗਏ, ਪ੍ਰੰਤੂ ਸੂਹੇ ਸਿਤਾਰੇ ਦੀ ਹੈਸੀਅਤ ਵਿਚ ਭਾਰਤ ਦੇ ਅੰਬਰਾਂ 'ਤੇ ਦੇਸ਼ ਪ੍ਰੇਮੀਆਂ ਦਾ ਸਦਾ ਰਾਹ ਰੁਸ਼ਨਾਉਂਦੇ ਰਹਿਣਗੇ।

# ਇਸਤਰੀ ਵਿਦਿਆ ਦੀ ਵੱਡੀ ਲਹਿਰ ਬੀਬੀ ਹਰਨਾਮ ਕੌਰ

- ਪ੍ਰੋ.ਬਲਵਿੰਦਰ ਪਾਲ ਸਿੰਘ

ਉਨੀਵੀਂ ਸਦੀ ਦੇ ਆਖਰੀ ਤਿੰਨ ਦਹਾਕਿਆਂ ਵਿਚ ਪੰਜਾਬ ਵਿਚ ਸਿੰਘ ਸਭਾਵਾਂ, ਚੀਫ ਖਾਲਸਾ ਦੀਵਾਨ ਅਤੇ ਸਿੱਖ ਵਿਦਿਅਕ ਸਭਾਵਾਂ ਕਾਰਨ ਇਸਤਰੀਆਂ ਦੀ ਸਥਿਤੀ ਵਿਚ ਕਾਫੀ ਤਬਦੀਲੀ ਆਈ। ਇਸ ਗਿਆਨ ਪੱਖੀ ਲਹਿਰ ਪ੍ਰਭਾਵ ਅਧੀਨ ਇਸਤਰੀਆਂ ਨੂੰ ਵਿਦਿਆ ਪ੍ਰਦਾਨ ਕਰਨ ਲਈ ਕਈ ਸਕੂਲ ਖੋਲੇ ਗਏ, ਪਰ ਬੀਬੀ ਹਰਨਾਮ ਕੌਰ ਸਿੱਖ ਇਤਿਹਾਸ ਵਿਚ ਪਹਿਲੀ ਬੀਬੀ ਹੈ, ਜਿਸ ਨੇ ਸਿੱਖ ਭਾਈਚਾਰੇ ਨੂੰ ਪੜਿਆ ਲਿਖਿਆ ਸਮਾਜ ਬਣਾਉਣ ਲਈ ਆਪਣੇ ਪਤੀ ਭਾਈ ਤਖ਼ਤ ਸਿੰਘ ਨਾਲ ਮਿਲ ਕੇ ਅਹਿਮ ਭੂਮਿਕਾ ਨਿਭਾਈ ਤੇ ਇਸਤਰੀ ਵਿਦਿਆ ਲਈ ਵੱਡੀ ਲਹਿਰ ਬੁਲੰਦ ਕੀਤੀ। ਸਿੱਖਿਆ ਦੇ ਖੇਤਰ ਵਿਚ ਜੁਝਾਰੂ ਬੀਬੀ ਹਰਨਾਮ ਕੌਰ ਦਾ ਜਨਮ 10 ਅਪ੍ਰੈਲ 1882 ਈਸਵੀ ਨੂੰ ਪੰਜਾਬ ਦੇ ਫਿਰੋਜ਼ਪੁਰ ਜ਼ਿਲੇ ਵਿਚ ਇਕ ਪਿੰਡ ਚੰਦ ਪੁਰਾਣਾ ਵਿਚ ਹੋਇਆ ਸੀ। ਬੀਬੀ ਹਰਨਾਮ ਕੌਰ ਦੇ ਪਿਤਾ ਦਾ ਨਾਮ ਭਗਵਾਨ ਦਾਸ ਤੇ ਮਾਤਾ ਦਾ ਨਾਮ ਰਾਮ ਦੇਈ ਸੀ। ਭਗਵਾਨ ਦਾਸ ਫਿਰੋਜ਼ਪੁਰ ਦੇ ਉਦਾਸੀ ਸਾਧੂ ਰਾਮ ਦੇ ਚੇਲੇ ਸਨ। ਸਾਧੂ ਰਾਮ ਦੀ ਮੌਤ ਤੋਂ ਬਾਅਦ ਭਗਵਾਨ ਦਾਸ ਡੇਰੇ ਦੇ ਮਹੰਤ ਬਣ ਗਏ। ਇਸ ਦੌਰਾਨ ਜਦੋਂ ਬੀਬੀ ਹਰਨਾਮ ਕੌਰ ਛੇ ਸਾਲ ਦੀ ਬੱਚੀ ਸੀ, ਉਸ ਨੇ ਪੰਜ ਗ੍ਰੰਥੀ, ਦਸਮ ਗ੍ਰੰਥ ਤੇ ਹਨੂੰਮਾਨ ਨਾਟਕ ਪੜਿਆ ਸੀ। ਫਿਰ ਉਹਨਾਂ ਨੇ ਸਥਾਨਕ ਆਰੀਆ ਪਾਠਸ਼ਾਲਾ ਵਿਚ ਦਾਖਲ ਹੋ ਕੇ ਹਿੰਦੀ ਸਿੱਖੀ। ਪਰ ਇੱਥੇ ਗੁਰਮੁਖੀ ਸਿਖਾਉਣ ਦਾ ਪ੍ਰਬੰਧ ਨਹੀਂ ਸੀ, ਇਸ ਕਰਕੇ ਬੀਬੀ ਹਰਨਾਮ ਕੌਰ ਨੂੰ ਫਰੀਦਕੋਟ ਜ਼ਿਲੇ ਵਿਚ ਪੈਂਦੇ ਪਿੰਡ ਦੌਧਰ ਵਿਚ ਭੇਜਿਆ ਗਿਆ, ਜਿਥੋਂ ਉਸ ਨੇ ਭਾਈ ਦੂਲਾ ਸਿੰਘ ਕੋਲੋਂ ਕਈ ਸਾਲਾਂ ਤੱਕ ਪੜਾਈ ਕੀਤੀ।

ਇਸ ਦੌਰਾਨ ਭਾਈ ਤਖ਼ਤ ਸਿੰਘ ਜਿਸ ਨੇ ਫਿਰੋਜ਼ਪੁਰ ਵਿਚ ਸਿੰਘ ਸਭਾ ਲਹਿਰ ਦੀ ਸਰਪ੍ਰਸਤੀ ਹੇਠ ਗੁਰਮੁਖੀ ਸਕੂਲ ਦੀ ਸ਼ੁਰੂਆਤ ਕੀਤੀ ਸੀ। ਉਸ ਨੇ ਸਿੰਘ ਸਭਾ ਲਹਿਰ ਦੇ ਪ੍ਰਬੰਧਕਾਂ ਨੂੰ ਕੇਵਲ ਲੜਕੀਆਂ ਲਈ ਇਕ ਸਕੂਲ ਖੋਲਣ ਦੀ ਪੇਸ਼ਕਸ਼ ਕੀਤੀ। ਸਿੰਘ ਸਭਾ ਦੇ ਪ੍ਰਬੰਧਕਾਂ ਨੂੰ ਭਾਈ ਤਖ਼ਤ ਸਿੰਘ ਦੀ ਇਹ ਪੇਸ਼ਕਸ਼ ਬਹੁਤ ਪਸੰਦ ਆਈ, ਪ੍ਰੰਤੂ ਇਕ ਕੁਆਰੇ ਦੁਆਰਾ ਇਸ ਨੂੰ ਚਲਾਏ ਜਾਣ ਵਿਚ ਸਿੰਘ ਸਭਾ ਲਹਿਰ ਦੇ ਪ੍ਰਬੰਧਕਾਂ ਨੂੰ ਝਿਜਕ ਮਹਿਸੂਸ ਹੋ ਰਹੀ ਸੀ। ਇਸ ਮੁਸ਼ਕਲ ਵਿਚ ਭਾਈ ਤਖਤ ਸਿੰਘ ਨੂੰ ਕੱਢਣ ਲਈ ਬੀਬੀ ਹਰਨਾਮ ਕੌਰ ਦੇ ਮਾਤਾ-ਪਿਤਾ ਨੇ ਆਪਣੀ ਬੇਟੀ ਦਾ ਰਿਸ਼ਤਾ ਭਾਈ ਤਖਤ ਸਿੰਘ ਨਾਲ ਕਰ ਦਿੱਤਾ। 5 ਨਵੰਬਰ 1892 ਨੂੰ ਲੜਕੀਆਂ ਦਾ ਸਕੂਲ ਖੋਲਿਆ ਗਿਆ। ਇਸ ਦਾ ਉਦਘਾਟਨ ਬੀਬੀ ਹਰਨਾਮ ਕੌਰ ਕੋਲੋਂ ਕਰਵਾਇਆ ਗਿਆ। 8 ਮਈ 1894 ਨੂੰ ਭਾਈ ਤਖਤ ਸਿੰਘ ਦਾ ਅਨੰਦ ਕਾਰਜ ਬੀਬੀ ਹਰਨਾਮ ਕੌਰ ਨਾਲ ਹੋ ਗਿਆ। ਇਸ ਜੋੜੇ ਨੇ ਤਨਦੇਹੀ ਨਾਲ ਸਿੱਖ ਵਿਦਿਆ ਦੇ ਲਈ ਸਿੰਘ ਸਭਾ ਦੇ ਸਕੂਲ ਵਿਚ ਕੰਮ ਕਰਨਾ ਸ਼ੁਰੂ ਕਰ ਦਿੱਤਾ। 1 ਸਤੰਬਰ 1900 ਨੂੰ ਸਿੰਘ ਸਭਾ ਅੰਮ੍ਰਿਤਸਰ ਦੀ ਅੰਦਰੂਨੀ ਲੜਾਈ ਤੇ ਦਖਲ ਅੰਦਾਜ਼ੀ ਕਾਰਨ ਦੋਹਾਂ ਨੇ ਨੌਕਰੀ ਛੱਡ ਦਿੱਤੀ। ਦੋਹਾਂ ਨੇ ਪ੍ਰਾਈਵੇਟ ਤੌਰ ’ਤੇ ਸਿੱਖ ਤੇ ਗਰੀਬ ਬੱਚਿਆਂ ਨੂੰ ਪੜਾਉਣਾ ਜਾਰੀ ਰੱਖਿਆ। 15 ਜੁਲਾਈ 1901 ਦੌਰਾਨ ਦੋਹਾਂ ਨੇ ਅੰਮ੍ਰਿਤ ਛਕ ਲਿਆ।

1903 ਦੇ ਆਰੰਭ ਵਿਚ ਬੀਬੀ ਹਰਨਾਮ ਕੌਰ ਨੇ ਆਪਣੇ ਪਤੀ ਤਖਤ ਸਿੰਘ ਨੂੰ ਫਿਰੋਜ਼ਪੁਰ ਵਿਖੇ ਲੜਕੀਆਂ ਲਈ ਇਕ ਬੋਰਡਿੰਗ ਸਕੂਲ ਖੋਲਣ ਲਈ ਪ੍ਰੇਰਿਆ। ਇਸ ਸਕੂਲ ਦਾ ਨਾਮ ਸਿੱਖ ਕੰਨਿਆ ਮਹਾਂ ਵਿਦਿਆਲਯ ਰੱਖਿਆ ਗਿਆ। ਬੀਬੀ ਹਰਨਾਮ ਕੌਰ ਦੀ ਪ੍ਰੇਰਣਾ ਸਦਕਾ ਬਹੁਤ ਸਾਰੇ ਸਿੱਖ ਪਰਿਵਾਰਾਂ ਨੇ ਆਪਣੀਆਂ ਬੇਟੀਆਂ ਨੂੰ ਇਸ ਸਕੂਲ ਵਿਚ ਪੜਨ ਲਈ ਭੇਜਿਆ। ਇਸ ਸਕੂਲ ਨੇ ਮਾਰਚ 1905 ਈ. ਵਿਚ ਕੰਮ ਕਰਨਾ ਆਰੰਭ ਕਰ ਦਿੱਤਾ। ਬੀਬੀ ਹਰਨਾਮ ਕੌਰ ਨੇ ਸਕੂਲ ਨੂੰ ਸਫਲ ਬਣਾਉਣ ਲਈ ਸਖਤ ਮਿਹਨਤ ਕੀਤੀ ਤੇ ਲੋਕਾਂ ਵਿਚ ਬੱਚੀਆਂ




ਨੂੰ ਪੜਾਉਣ ਲਈ ਪ੍ਰਚਾਰ ਕੀਤਾ। ਉਸ ਨੇ ਯਤੀਮ ਤੇ ਗਰੀਬ ਬੱਚੀਆਂ ਨੂੰ ਪੜਾ ਕੇ ਸਿੱਖ ਇਤਿਹਾਸ ਵਿਚ ਅਹਿਮ ਭੂਮਿਕਾ ਨਿਭਾਈ। ਆਪਣੇ ਪਤੀ ਨਾਲ ਪੜਾਉਣ ਤੋਂ ਇਲਾਵਾ ਬੱਚੀਆਂ ਲਈ ਠਹਿਰਣ ਤੇ ਖਾਣ ਪੀਣ ਦਾ ਪੂਰਾ ਪ੍ਰਬੰਧ ਕੀਤਾ। ਉਸ ਨੇ ਇਸਤਰੀਆਂ ਦੀ ਧਾਰਮਿਕ ਸੰਸਥਾ ਇਸਤਰੀ ਸਤਿਸੰਗ ਸ਼ੁਰੂ ਕੀਤੀ ਜੋ ਕਿ ਕੀਰਤਨ, ਗੁਰਬਾਣੀ ਵਿਆਖਿਆ ਤੇ ਸੈਮੀਨਾਰ ਕਰਦੀ ਸੀ। ਇਸ ਦੀ ਮੀਟਿੰਗ ਹਰ ਬੁੱਧਵਾਰ ਦੁਪਹਿਰ ਬਾਅਦ ਕੀਤੀ ਜਾਂਦੀ ਸੀ। ਬੀਬੀ ਹਰਨਾਮ ਕੌਰ ਦਾ ਪ੍ਰਚਾਰ ਇਹੀ ਸੀ ਕਿ ਜਿੰਨਾ ਚਿਰ ਬੀਬੀਆਂ ਪੁਰਸ਼ਾਂ ਦੇ ਬਰਾਬਰ ਵਿਦਿਆ ਨਹੀਂ ਪੜਨਗੀਆਂ, ਸਿੱਖ ਧਰਮ ਉੱਨਤੀ ਨਹੀਂ ਕਰ ਸਕੇਗਾ।

ਬੀਬੀ ਹਰਨਾਮ ਕੌਰ ਦੇ ਪਤੀ ਭਾਈ ਤਖਤ ਸਿੰਘ 18 ਘੰਟੇ ਰੋਜ਼ ਵਿਦਿਆਰਥਣਾਂ ਦਾ ਖਿਆਲ ਕਰਦੇ, ਝਾੜੂ ਫੇਰਨ, ਕਪੜੇ ਧੋਣ ਤੇ ਲੰਗਰ ਬਣਾਉਣ ਤਕ ਦੀ ਸੇਵਾ ਵੀ ਨਿਭਾ ਦਿੰਦੇ। ਸਕੂਲ ਦਾ ਬੋਰਡਿੰਗ ਬਣਾਉਣ ਲਈ ਦਾਨ ਪਾਤਰ ਹੱਥ ਲੈ ਵਰਿਆਂ ਬੱਧੀ ਵਿਦੇਸ਼ ਯਾਤਰਾ ਕਰਦੇ ਰਹੇ। ਗਰੀਬ ਬਚਿਆਂ ਦਾ ਸਾਰਾ ਖਰਚਾ ਕੋਲੋਂ ਦਿੰਦੇ। 1 ਅਕਤੂਬਰ 1906 ਨੂੰ ਬੀਬੀ ਹਰਨਾਮ ਕੌਰ ਦਾ ਦੇਹਾਂਤ ਹੋ ਗਿਆ। ਪ੍ਰਸਿੱਧ ਸਿੱਖ ਵਿਦਵਾਨ ਸਰਦੂਲ ਸਿੰਘ ਕਵੀਸ਼ਰ ਭਾਈ ਤਖਤ ਸਿੰਘ ਜੀ ਨੂੰ ਜ਼ਿੰਦਾ ਸ਼ਹੀਦ ਮੰਨਦੇ ਸਨ। ਉਨਾਂ ਦਾ ਕਹਿਣਾ ਸੀ ਕਿ ਸਿੱਖ ਹਿੱਤਾਂ ਲਈ ਕੁਰਬਾਨ ਹੋ ਜਾਣਾ ਤੇ ਗਿਆਨ ਪੱਖੋਂ ਅੱਗੇ ਵਧਾਉਣਾ ਵੀ ਸ਼ਹਾਦਤ ਹੈ। ਮੈਂ ਸਿੱਖ ਕੰਨਿਆ ਵਿਦਿਆਲਾ ਦੇਖਕੇ ਬਹੁਤ ਪ੍ਰਸੰਨ ਹੋਇਆ ਹਾਂ ਕਿ ਸਾਡੇ ਦੇਸ਼ ਵਿਚ ਵੀ ਕੋਈ ਅਜਿਹਾ ਆਸ਼ਰਮ ਹੈ ਜਿਥੇ ਪਹਿਲੀ ਤੋਂ ਲੈ ਕੇ ਅੰਤ ਦੀ ਜਮਾਤ ਤਾਈਂ ਪੜਾਈ ਦੇਖੀ ਜਿਹੜੀ ਬਹੁਤ ਹੀ ਸ਼ਲਾਘਾਯੋਗ ਹੈ। ਮੈਂ ਖਾਣ-ਪਕਾਉਣ ਦਾ ਬੰਦੋਬਸਤ ਜਿਹੜਾ ਏਥੇ ਬੀਬੀਆਂ ਆਪ ਕਰਦੀਆਂ ਹਨ ਕਿਤੇ ਨਹੀਂ ਦੇਖਿਆ।

ਸਾਡਾ ਦੁਖਾਂਤ ਇਹ ਹੈ ਕਿ ਡੇਰਾਵਾਦ ਦੇ ਪ੍ਰਭਾਵ ਕਾਰਨ ਸਿੱਖ ਬੀਬੀਆਂ ਪੰਥਕ ਖੇਤਰਾਂ ਵਿਚ ਅੱਗੇ ਨਹੀਂ ਵਧ ਸਕੀਆਂ, ਪਰ ਸਿੰਘ ਸਭਾ ਲਹਿਰ ਤੇ ਚੀਫ ਖਾਲਸਾ ਦੀਵਾਨ ਦੀ ਸਿੱਖ ਇਸਤਰੀਆਂ ਨੂੰ ਵਿਦਿਅਕ ਤੇ ਧਾਰਮਿਕ ਖੇਤਰ ਵਿਚ ਅੱਗੇ ਲਿਜਾਣ ਵਿਚ ਅਹਿਮ ਭੂਮਿਕਾ ਰਹੀ ਹੈ। ਬੀਬੀ ਹਰਨਾਮ ਕੌਰ ਦਾ ਸਿੱਖ ਵਿਦਿਆ ਵਿਚ ਅਹਿਮ ਯੋਗਦਾਨ ਹੈ, ਜਿਸ ਤੋਂ ਪ੍ਰੇਰਨਾ ਲੈ ਕੇ ਉਸ ਤੋਂ ਬਾਅਦ ਅਨੇਕਾਂ ਸਿੱਖ ਬੀਬੀਆਂ ਨੇ ਇਸਤਰੀ ਵਿਦਿਆ ਦੇ ਲਈ ਸਕੂਲ ਖੋਲੇ ਤੇ ਸਿੱਖੀ ਦੇ ਵਿਕਾਸ ਵਿਚ ਅਹਿਮ ਰੋਲ ਨਿਭਾਇਆ ਹੈ।

ਅਸੀਂ ਅੰਗਰੇਜ਼ ਕਾਲ ਦੌਰਾਨ ਆਪਣਾ ਸਿੱਖ ਗਿਆਨ ਸਿਲੇਬਸ ਕਾਇਮ ਰੱਖ ਸਕੇ ਹਾਂ, ਪਰ ਜਦੋਂ ਦਾ ਭਾਰਤ ਅਜ਼ਾਦ ਹੋਇਆ ਹੈ, ਉਦੋਂ ਤੋਂ ਅਸੀਂ ਆਪਣੇ ਸਿੱਖ ਗਿਆਨ ਸਿਲੇਬਸ ਨਾਲੋਂ ਵਿਛੋੜੇ ਗਏ ਹਾਂ। ਅਖੌਤੀ ਸੈਕੂਲਰ ਸਰਕਾਰ ਨੇ ਪਾਠ ਪੁਸਤਕਾਂ ਇਹੋ ਜਿਹੀਆਂ ਤਿਆਰ ਕਰਵਾਈਆਂ ਜਿਨਾਂ ਵਿਚੋਂ ਸਿੱਖ ਅਤੇ ਸਿੱਖੀ ਦੋਨੋਂ ਨਾਮ ਗਾਇਬ ਹੋ ਗਏ। ਪਾਠ ਪੁਸਤਕਾਂ ਵਿਚ ਹਿੰਦੂ ਵਿਚਾਰਧਾਰਾ ਭਰ ਦਿੱਤੀ ਗਈ। ਐਨ ਸੀ ਆਰ ਟੀ ਦੀਆਂ ਪਾਠ ਪੁਸਤਕਾਂ ਵਿਚ ਤਾਂ ਸਿੱਖ ਗੁਰੂਆਂ ਵਿਰੁਧ ਵੀ ਘਟੀਆ ਤੇ ਨਫ਼ਰਤ ਭਰਪੂਰ ਸ਼ਬਦ ਭਰ ਦਿੱਤੇ ਗਏ। ਇਸ ਬਾਰੇ ਨਾ ਪੰਥਕ ਸੰਸਥਾਵਾਂ ਨੇ ਧਿਆਨ ਦਿੱਤਾ ਤੇ ਨਾ ਹੀ ਸ਼੍ਰੋਮਣੀ ਕਮੇਟੀ ਤੇ ਅਕਾਲੀ ਦਲ ਨੇ ਆਵਾਜ਼ ਉਠਾਈ। ਕੇਂਦਰੀ ਸਰਕਾਰ ਵਿਚ ਉਚ ਨੌਕਰੀਆਂ ਦੇ ਮੁਕਾਬਲਿਆਂ ਦੇ ਨਾਂ ਤੇ ਅੰਗ੍ਰੇਜ਼ੀ ਤੇ ਹਿੰਦੀ ਨੂੰ ਲੋੜੋਂ ਵਧ ਮਹੱਤਵ ਦਿੱਤਾ ਗਿਆ ਤੇ ਸਿੱਖ ਇਤਿਹਾਸ ਤੇ ਸਿੱਖ ਸਭਿਆਚਾਰ ਨੂੰ ਇਸ ਦੇਸ ਲਈ ਬੇਗਾਨਾ ਬਣਾ ਦਿੱਤਾ ਗਿਆ। ਕਈ ਸਿੱਖ ਵਿਦਿਅਕ ਸੰਸਥਾਵਾਂ ਨੇ ਤਾਂ ਸੈਕੂਲਰਇਜ਼ਮ ਇਹੋ ਜਿਹਾ ਅਪਣਾਇਆ ਕਿ ਧਾਰਮਿਕ ਸਿਖਿਆ ਬਿਲਕੁਲ ਹਟਾ ਦਿੱਤੀ। ਇਹੀ ਕਾਰਨ ਹੈ ਕਿ ਸਿੱਖ ਯੂਥ ਸਿੱਖ ਫਿਲਾਸਫੀ, ਵਿਰਸੇ ਤੇ ਇਤਿਹਾਸ ਤੋਂ ਟੁੱਟ ਕੇ ਪਤਿਤਪੁਣੇ ਤੇ ਨਸ਼ਿਆਂ ਵਲ ਚਲਾ ਗਿਆ ਅਤੇ ਗੁਰਮੁਖੀ ਨਾਲੋਂ ਵੀ ਟੁੱਟ ਗਿਆ। ਬਹੁਤੇ ਖਾਲਸਾ ਪਬਲਿਕ ਸਕੂਲਾਂ ਨੇ ਈਸਾਈ ਮਿਸ਼ਨਰੀ ਸਭਿਆਚਾਰ ਹੀ ਅਪਣਾ ਲਿਆ ਤੇ ਸਿੱਖ ਧਰਮ ਤੇ ਗੁਰਮੁਖੀ ਦੀ ਸਿਖਿਆ ਨੂੰ ਅੱਖੋਂ ਪਰੋਖੇ ਕਰ ਦਿੱਤਾ। ਕਈ ਵਾਰ ਅਕਾਲੀ ਸਰਕਾਰ ਵੀ ਆਈ ਤੇ ਦੋ ਸਿੱਖ ਯੂਨੀਵਰਸਿਟੀਆਂ ਵੀ ਸਥਾਪਤ ਕੀਤੀਆਂ ਗਈਆਂ। ਪਰ ਯੂਨੀਵਰਸਿਟੀਆਂ ਤੇ ਪੰਜਾਬ ਸਕੂਲ ਸਿਖਿਆ ਬੋਰਡ ਉੱਪਰ ਖੱਬੇ ਪੱਖੀਆਂ ਦੇ ਪ੍ਰਭਾਵ ਕਾਰਨ ਸਿੱਖ ਇਤਿਹਾਸ ਤੇ ਸਭਿਆਚਾਰ ਪੰਜਾਬੀ ਦੀਆਂ ਪਾਠ ਪੁਸਤਕਾਂ ਵਿਚੋਂ ਵੀ ਹਟਾ ਦਿੱਤੇ ਗਏ। ਇਹ ਸਮਾਂ ਉਹੀ ਹੈ, ਜੋ ਸਿੰਘ ਸਭਾ ਲਹਿਰ ਵੇਲੇ ਸੀ, ਜੋ ਬੀਬੀ ਹਰਨਾਮ ਕੌਰ ਦੇ ਸਮੇਂ ਸੀ, ਪਰ ਇਹ ਲੋਕ ਉਦਮਸ਼ੀਲ ਸਨ, ਜਿਨਾਂ ਕਰਕੇ ਸਿੱਖ ਵਿਦਿਅਕ ਪੱਖੋਂ ਇਸਾਈ ਮਿਸ਼ਨਰੀਆਂ ਤੇ ਆਰੀਆ ਸਮਾਜੀਆਂ ਨਾਲ ਵਿਚਾਰਧਾਰਕ ਤੌਰ ’ਤੇ ਟੱਕਰ ਲੈ ਕੇ ਖਾਲਸਾ ਪੰਥ ਦੀ ਗਿਆਨ ਪੱਖੋਂ ਚੜਦੀ ਕਲਾ ਕਰਦੇ ਰਹੇ। ਹੁਣ ਜੇ ਅਸੀਂ ਸਾਰੇ ਬੀਬੀ ਹਰਨਾਮ ਕੌਰ ਤੇ ਭਾਈ ਤਖ਼ਤ ਸਿੰਘ ਵਾਂਗ ਸਿੱਖ ਗਿਆਨ ਸਿਲੇਬਸਾਂ ਅਤੇ ਵਿਦਿਅਕ ਸੰਸਥਾਵਾਂ ਰਾਹੀਂ ਰਲ ਕੇ ਸਹੀ ਫੈਸਲਾ ਲਈਏ ਤਾਂ ਪੰਥ ਦੀ ਚੜਦੀ ਕਲਾ ਹੋ ਸਕਦੀ ਹੈ।

# ਕੀ ਅਮਰੀਕਾ-ਈਰਾਨ ਤਣਾਅ ਤੀਜੇ ਵਿਸ਼ਵ ਯੁੱਧ ਦੀ ਸ਼ੁਰੂਆਤ ਹੈ ?

-ਨੌਸ਼ਾਬਾ ਪਰਵੀਨ

ਦਮਿਸ਼ਕ (ਸੀਰੀਆ) ਜਿਥੇ ਈਰਾਨ, ਰੂਸ ਸਮਰਥਕ ਬਸ਼ਰ-ਅਲ-ਅਸਦ ਸ਼ਾਸਨ ਦਾ ਸਹਿਯੋਗ ਕਰ ਰਿਹਾ ਹੈ, ਤੋਂ ਪਰਤਣ ਤੋਂ ਬਾਅਦ ਜਿਵੇਂ ਹੀ ਈਰਾਨੀ ਕਮਾਂਡਰ ਮੇਜਰ ਜਨਰਲ ਕਾਸਿਮ ਸੁਲੇਮਾਨੀ ਆਪਣੇ ਕੁਝ ਇਰਾਕੀ ਸਾਥੀਆਂ ਨਾਲ ਬਗ਼ਦਾਦ ਹਵਾਈ ਅੱਡੇ ਤੋਂ ਬਾਹਰ ਨਿਕਲ ਰਹੇ ਸਨ, ਉਦੋਂ ਹੀ ਅਮਰੀਕੀ ਐਮ.ਕਿਊ.-9 ਰੀਪਰ ਡਰੋਨ ਦੀਆਂ ਮਿਜ਼ਾਈਲਾਂ ਨਾਲ ਉਨਾਂ ’ਤੇ ਹਮਲਾ ਕੀਤਾ ਗਿਆ। ਇਸ ਹਮਲੇ ਨਾਲ ਇਸਲਾਮਿਕ ਰੈਵੋਲਿਊਸ਼ਨਰੀ ਗਾਰਡਜ਼ ਕੋਰ ਦੀ ਅਗਵਾਈ ਕਰਨ ਵਾਲੇ ਸੁਲੇਮਾਨੀ ਅਤੇ ਉਨਾਂ ਦੇ ਸਾਥੀਆਂ ਦੇ ਚੀਥੜੇ ਉੱਡ ਗਏ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਆਦੇਸ਼ ’ਤੇ ਕੀਤੀ ਗਈ ਇਸ ਹੱਤਿਆ ਨਾਲ ਆਲਮੀ ਤਣਾਅ ਵਿਚ ਜ਼ਬਰਦਸਤ ਵਾਧਾ ਹੋਇਆ ਹੈ। ਇਸ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਈਰਾਨ ਦੇ ਸਰਬਉੱਚ ਆਗੂ ਆਇਤੁੱਲਾ ਖਮੀਨੀ ਨੇ ਇਸ ਸੰਦਰਭ ਵਿਚ ‘ਸਖ਼ਤ ਬਦਲਾ’ ਲੈਣ ਦੀ ਸਹੁੰ ਚੁੱਕੀ ਹੈ। ਖਾੜੀ ਅਤੇ ਮੱਧ ਪੂਰਬ ਵਿਚ ਵਧਦੇ ਤਣਾਅ ਦੇ ਕਾਰਨ ਭਾਰਤ ਸਣੇ ਦੁਨੀਆ ਭਰ ਦੇ ਸ਼ੇਅਰ ਬਾਜ਼ਾਰਾਂ ਵਿਚ ਜ਼ਬਰਦਸਤ ਗਿਰਾਵਟ ਦਰਜ ਕੀਤੀ ਗਈ ਹੈ। ਭਾਰਤ ਦੇ ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਤਣਾਅ ਵਿਚ ਵਾਧੇ ਨੇ ਵਿਸ਼ਵ ਨੂੰ ਚਿੰਤਤ ਕੀਤਾ ਹੈ। ਭਾਰਤ ਦੇ ਲਈ ਇਸ ਖੇਤਰ ਵਿਚ ਸ਼ਾਂਤੀ, ਸਥਿਰਤਾ ਤੇ ਸੁਰੱਖਿਆ ਅਤਿ ਮਹੱਤਵਪੂਰਨ ਹੈ। ਜ਼ਿਕਰਯੋਗ ਹੈ ਕਿ ਈਰਾਨ ’ਤੇ ਅਮਰੀਕੀ ਪਾਬੰਦੀਆਂ ਤੋਂ ਬਾਅਦ ਤੋਂ ਭਾਰਤ ਆਪਣੀ ਜ਼ਿਆਦਾਤਰ ਤੇਲ ਪੂਰਤੀ ਦੇ ਲਈ ਇਸੇ ਖੇਤਰ ’ਤੇ ਨਿਰਭਰ ਹੈ। ਵਧਦੇ ਤਣਾਅ ਦੇ ਕਾਰਨ ਜੇਕਰ ਤੇਲ ਸਪਲਾਈ ਵਿਚ ਵਿਘਨ ਪੈਂਦਾ ਹੈ ਤਾਂ ਪਹਿਲਾਂ ਤੋਂ ਹੀ ਮਹਿੰਗਾਈ ਅਤੇ ਮੰਦੀ ਦੀ ਲਪੇਟ ਵਿਚ ਆਏ ਭਾਰਤ ਦੇ ਲਈ ਸਥਿਤੀ ਹੋਰ ਜ਼ਿਆਦਾ ਔਖੀ ਹੋ ਜਾਵੇਗੀ।

ਈਰਾਨ ਦੇ ਚੋਟੀ ਦੇ ਜਨਰਲ ਦੀ ਹੱਤਿਆ ਤੋਂ ਬਾਅਦ ਵਿਸ਼ਵ ਸ਼ਕਤੀਆਂ ਨੇ ਕਿਹਾ ਹੈ ਕਿ ਵਿਸ਼ਵ ਬਹੁਤ ਜ਼ਿਆਦਾ ਖ਼ਤਰਨਾਕ ਜਗਾ ਬਣ ਗਿਆ ਹੈ। ਚੀਨ, ਰੂਸ ਤੇ ਫਰਾਂਸ ( ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ ਦੇ ਸਥਾਈ ਮੈਂਬਰ) ਨੇ ਸਾਰਿਆਂ ਨੂੰ ਸੰਜਮ ਵਰਤਣ ਦੀ ਸਲਾਹ ਦਿੰਦਿਆਂ ਇਸ ਹੱਤਿਆਕਾਂਡ ਦੀ ਨਿੰਦਾ ਕੀਤੀ ਹੈ, ਜਦੋਂਕਿ ਬਰਤਾਨੀਆ ਤੇ ਜਰਮਨੀ ਨੇ ਸੁਝਾਅ ਦਿੱਤਾ ਹੈ ਕਿ ਇਸ ਹੱਤਿਆਕਾਂਡ ਨੂੰ ਉਕਸਾਉਣ ਦੇ ਲਈ ਕੁਝ ਕਸੂਰ ਈਰਾਨ ਦਾ ਵੀ ਹੈ। ਟਰੰਪ ਨੇ ਇਸ ਹੱਤਿਆਕਾਂਡ ਦੀ ਜ਼ਿੰਮੇਵਾਰੀ ਸਿੱਧੀ ਆਪਣੇ ਸਿਰ ਤਾਂ ਨਹੀਂ ਲਈ ਪਰ ਟਵਿੱਟਰ ਰਾਹੀਂ ਇਸ ਨੂੰ ਉਚਿਤ ਠਹਿਰਾਉਣ ਦੀ ਕੋਸ਼ਿਸ਼ ਜ਼ਰੂਰ ਕੀਤੀ। ਉਨਾਂ ਨੇ ਟਵਿੱਟਰ ਰਾਹੀਂ ਕਿਹਾ ਕਿ ਬਹੁਤ ਲੰਮੇ ਸਮੇਂ ਤੋਂ ਜਨਰਲ ਕਾਸਿਮ ਸੁਲੇਮਾਨੀ ਨੇ ਹਜ਼ਾਰਾਂ ਅਮਰੀਕੀਆਂ ਦੀ ਹੱਤਿਆ ਕੀਤੀ ਜਾਂ ਉਨਾਂ ਨੂੰ ਗੰਭੀਰ ਰੂਪ ਨਾਲ ਜ਼ਖ਼ਮੀ ਕੀਤਾ। ਇਹੀ ਨਹੀਂ ਉਹ ਹੋਰ ਹੱਤਿਆਵਾਂ ਦੀ ਯੋਜਨਾ ਬਣਾ ਰਿਹਾ ਸੀ ਪਰ ਉਹ ਕਾਬੂ ਵਿਚ ਆ ਗਿਆ।’

ਅੱਜ ਸਥਿਤੀ ਇਹ ਹੈ ਕਿ ਜੋ ਅਮਰੀਕਾ ਚਾਹੁੰਦਾ ਹੈ, ਉਹੀ ਬਾਕੀ ਵਿਸ਼ਵ ਸ਼ਕਤੀਆਂ ਵੀ ਕਰਦੀਆਂ ਹਨ। ਹਾਂ, ਕੁਝ ਦਿਖਾਵੇ ਲਈ ਨਿੰਦਾ ਜ਼ਰੂਰ ਕੀਤੀ ਜਾਂਦੀ ਹੈ। ਸੀਰੀਆ ਵਿਚ ਅਮਰੀਕਾ ਤੇ ਰੂਸ ਵੱਖੋ-ਵੱਖ ਧਿਰਾਂ ਦਾ ਸਮਰਥਨ ਕਰਦੇ ਹਨ ਪਰ ਜਦੋਂ ਅਮਰੀਕਾ ਹਮਲਾ ਕਰਦਾ ਹੈ ਤਾਂ ਰੂਸ ਚੁੱਪ ਰਹਿੰਦਾ ਹੈ ਤੇ ਰੂਸ ਬੰਬ ਵਰਾਉਂਦਾ ਹੈ ਤਾਂ ਅਮਰੀਕਾ ਚੁੱਪ ਰਹਿੰਦਾ ਹੈ। ਪਰ ਇਸ ਹੱਤਿਆ ਨਾਲ ਖਾੜੀ ਤੇ ਮੱਧ ਪੂਰਬ ਵਿਚ ਤਣਾਅ ਵਿਚ ਵਾਧਾ ਹੋ ਸਕਦਾ ਹੈ। ਸੰਸਾਰ ਆਪਣੇ ਤੇਲ ਦੀ ਲੋੜ ਦੀ ਜ਼ਿਆਦਾਤਰ ਪੂਰਤੀ ਇਸੇ ਖੇਤਰ ਤੋਂ ਕਰਦਾ ਹੈ ਤਾਂ ਇਸ ਲਈ ਵਿਕਾਸਸ਼ੀਲ ਦੇਸ਼ਾਂ, ਜਿਨਾਂ ਵਿਚ ਭਾਰਤ ਵੀ ਸ਼ਾਮਿਲ ਹੈ, ਨੂੰ ਕਈ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਸ ਦ੍ਰਿਸ਼ਟੀ ਨਾਲ ਦੇਖਿਆ ਜਾਵੇ ਤਾਂ ਸੁਲੇਮਾਨੀ ਦੀ ਹੱਤਿਆ ਦਾ ਭੂਗੋਲਿਕ-ਸਿਆਸੀ ਮਹੱਤਵ ਦਾ ਪ੍ਰਭਾਵ ਲਾਦੇਨ ਤੇ ਬਗਦਾਦੀ ਦੀਆਂ ਹੱਤਿਆਵਾਂ ਤੋਂ ਵੀ ਵਧੇਰੇ ਹੈ। ਇਸ ਨਾਲ ਅਮਰੀਕਾ ਤੇ ਈਰਾਨ ਯੁੱਧ ਦੇ ਨੇੜੇ ਆ ਗਏ ਹਨ,। ਦਰਅਸਲ, ਜਿਸ ਵਿਅਕਤੀ ਨੂੰ ਦੁਨੀਆ ਅੱਤਵਾਦੀ ਸਮਝਦੀ ਹੋਵੇ ਤੇ ਜੋ ਭਗੌੜਾ ਹੋਵੇ, ਉਸ ਦੀ ਹੱਤਿਆ ਕਰਨਾ ਅਤੇ ਜੋ ਇਕ ਦੇਸ਼ ਦਾ ਫ਼ੌਜੀ ਅਧਿਕਾਰੀ ਹੋਵੇ, ਖੁੱਲੇਆਮ ਯਾਤਰਾ ਕਰਦਾ ਹੋਵੇ ਅਤੇ ਜਿਸ ਨੂੰ ਮੇਜ਼ਬਾਨ ਦੇਸ਼ (ਇਰਾਕ) ਵੀ ਅੱਤਵਾਦੀ ਨਾ ਸਮਝਦਾ ਹੋਵੇ, ਦੀ ਹੱਤਿਆ ਕਰਨਾ, ਦੋਵਾਂ ਘਟਨਾਵਾਂ ਵਿਚ ਬਹੁਤ ਵੱਡਾ ਫਰਕ ਹੈ। ਇਸ ਲਈ ਹੁਣ ਦੁਨੀਆ ਇਹ ਸੋਚ ਰਹੀ ਹੈ ਕਿ ਈਰਾਨ ਕਿਸ ਤਰਾਂ ਦੀ ਜਵਾਬੀ ਕਾਰਵਾਈ ਕਰੇਗਾ ? ਕੀ ਉਹ ਇਰਾਕ ਵਿਚ ਜ਼ਿਆਦਾ ਹਿੰਸਾ ਕਰੇਗਾ ? ਜਾਂ ਅਮਰੀਕੀ ਸਹਿਯੋਗੀਆਂ, ਸਾਊਦੀ ਅਰਬ ਅਤੇ ਸੰਯੁਕਤ ਅਰਬ ਅਮੀਰਾਤ ਨੂੰ ਨਿਸ਼ਾਨਾ ਬਣਾਏਗਾ ? ਅਜਿਹਾ ਕਰਨ ’ਤੇ ਅਮਰੀਕਾ ਦਾ ਕੀ ਪ੍ਰਤੀਕਰਮ ਰਹੇਗਾ ? ਜ਼ਿਕਰਯੋਗ ਹੈ ਕਿ 2011 ਵਿਚ ਟਰੰਪ ਨੇ ਟਵੀਟ ਕੀਤਾ ਸੀ ਕਿ ਰਾਸ਼ਟਰਪਤੀ ਓਬਾਮਾ ਫਿਰ ਤੋਂ ਚੋਣ ਜਿੱਤਣ ਲਈ ਈਰਾਨ ਨਾਲ ਯੁੱਧ ਲੜਨਗੇ। ਆਪਣੇ ਇਸ ਟਵੀਟ ਨੂੰ ਟਰੰਪ ਨੇ 20 12 ਵਿਚ ਦੁਹਰਾਉਂਦਿਆਂ ਕਿਹਾ ਸੀ ਕਿ ‘ਓਬਾਮਾ ਨੂੰ ਫਿਰ ਤੋਂ ਚੋਣ ਜਿੱਤਣ ਲਈ ‘ਈਰਾਨ ਕਾਰਡ’ ਖੇਡਣ ਨਾ ਦਿਓ, ਰਿਪਬਲਿਕਨ ਸਾਵਧਾਨ ਰਹਿਣ, ਇਹ ਵੀ ਧਿਆਨ ਰਹੇ ਕਿ 1998 ਵਿਚ ਕਲਿੰਟਨ ਨੇ ਆਪਣੇ ਵਿਰੁੱਧ ਮਹਾਂਦੋਸ਼ ਨੂੰ ਰੱਦ ਕਰਨ ਲਈ ਇਰਾਕ ’ਤੇ ਹਵਾਈ ਹਮਲੇ ਦਾ ਹੁਕਮ ਦਿੱਤਾ ਸੀ। ਇਹ ਗੱਲ ‘ਨਿਊਯਾਰਕ ਟਾਈਮਜ਼’ ਨੇ ਆਪਣੇ 17 ਦਸੰਬਰ, 1998 ਦੇ ਅੰਕ ਵਿਚ ਪ੍ਰਕਾਸ਼ਿਤ ਕੀਤੀ ਸੀ। ਇਨਾਂ ਦੋਵਾਂ ਗੱਲਾਂ ਨੂੰ ਧਿਆਨ ਵਿਚ ਰੱਖਦਿਆਂ ਟਰੰਪ ਹੁਣ ਇਕ ਢੌਂਗੀ ਦੇ ਰੂਪ ਵਿਚ ਸਾਹਮਣੇ ਆ ਰਹੇ ਹਨ। ਖਾਸ ਕਰਕੇ ਇਸ ਲਈ ਕਿ ਉਹ ਮਹਾਂਦੋਸ਼ ਦਾ ਸਾਹਮਣਾ ਕਰ ਰਹੇ ਹਨ ਤੇ ਰਾਸ਼ਟਰਪਤੀ ਚੋਣਾਂ ਵੀ ਨੇੜੇ ਆ ਗਈਆਂ ਹਨ ਅਤੇ ਇਸ ਲਈ ਇਕ ਵਿਅਕਤੀ ਨੇ ਟਵੀਟ ਕੀਤਾ ਕਿ ‘ਸਾਨੂੰ ਪਤਾ ਸੀ ਕਿ ਆਪਣੇ ਮਹਾਂਦੋਸ਼ ਤੋਂ ਧਿਆਨ ਹਟਾਉਣ ਅਤੇ ਮੁੜ ਚੋਣ ਜਿੱਤਣ ਦੇ ਲਈ ਟਰੰਪ ਨਾਲ ਈਰਾਨ ਨਾਲ ਯੁੱਧ ਸ਼ੁਰੂ ਕਰਨਗੇ।’ ਅਮਰੀਕੀ ਜਨਤਾ ਜਦੋਂ ਏਨਾ ਕੁਝ ਸਮਝ ਰਹੀ ਹੈ ਤਾਂ ਇਹ ਵੀ ਹੋ ਸਕਦਾ ਹੈ ਕਿ ਟਰੰਪ ਦਾ ‘ਈਰਾਨ ਕਾਰਡ’ ਬੇਅਸਰ ਹੋ ਜਾਵੇ। ਪਰ ਇਸ ਕਾਰਨ ਜੋ ਹਿੰਸਾ, ਮਹਿੰਗਾਈ ਵਧ ਜਾਵੇਗੀ, ਉਸ ਨੂੰ ਕੰਟਰੋਲ ਕਰਨਾ ਔਖਾ ਹੋ ਜਾਵੇਗਾ।



# ਅੱਗ ਤੋਂ ਪੀੜਤ ਲੋਕਾਂ ਲਈ ਖਾਣਾ ਪਕਾ ਰਹੀ ਸਿੰਘਣੀ

## ਗੁਰਮਤਿ ਸੇਵਾ ਮਿਸ਼ਨ ਦੇ ਨਾਲ ਹੀ ਅਸੀਂ ਵਿਸ਼ਵ 'ਤੇ ਰਾਜ ਕਰ ਸਕਦੇ ਹਾਂ—ਸੁਖਵਿੰਦਰ ਕੌਰ

**ਮੈਲਬੋਰਨ/ਬਲਵਿੰਦਰ ਪਾਲ ਸਿੰਘ:** 35-ਸਾਲਾ ਸੁਖਵਿੰਦਰ ਕੌਰ ਦਾ ਇਰਾਦਾ ਪਿਛਲੇ ਦਸਾਂ ਸਾਲਾਂ ਵਿੱਚ ਪਹਿਲੀ ਵਾਰ ਭਾਰਤ ਜਾਣ ਦਾ ਸੀ ਜਿੱਥੇ ਉਸਨੇ ਗੰਭੀਰ ਬਿਮਾਰ ਆਪਣੀ ਵੱਡੀ ਭੈਣ ਨੂੰ ਮਿਲਣਾ ਸੀ। ਪਰ ਵਿਕਟੋਰੀਆ ਵਿੱਚ ਜੰਗਲੀ ਅੱਗਾਂ ਦਾ ਸੰਕਟ ਸ਼ੁਰੂ ਹੋਣ ਉਪਰੰਤ ਉਹਨਾਂ ਭਾਰਤ ਨਾ ਜਾਣ ਦਾ ਫੈਸਲਾ ਲਿਆ। 30 ਦਸੰਬਰ ਤੋਂ ਹੁਣ ਤੱਕ ਸੁਖਵਿੰਦਰ ਕੌਰ ਵਿਕਟੋਰੀਆ ਵਿੱਚ ਜੰਗਲੀ ਅੱਗਾਂ ਤੋਂ ਪੀੜਤ ਪੂਰਬੀ ਗਿਪਸਲੈਂਡ ਦੇ ਹਜ਼ਾਰਾਂ ਹੀ ਲੋਕਾਂ ਲਈ ਖਾਣਾ ਪਕਾ ਚੁੱਕੀ ਹੈ ਅਤੇ ਇਹ ਕੰਮ ਹੁਣ ਵੀ ਜਾਰੀ ਹੈ। ਸੁਖਵਿੰਦਰਕੌਰ ਨੇ ਕਿਹਾ ਕਿ "ਸ਼ੁਰੂ ਦੇ ਦਿਨਾਂ ਵਿੱਚ 100 ਤੱਕ ਦੀ ਗਿਣਤੀ ਵਿਚ ਹੀ ਲੋਕ ਆ ਰਹੇ ਸਨ ਪਰ ਪਿਛਲੇ ਕੁਝ ਦਿਨਾਂ ਦੌਰਾਨ ਕਾਫੀ ਜ਼ਿਆਦਾ ਲੋਕ ਸਾਡੀ ਫ਼ੂਡ ਵੈਨ 'ਤੇ ਆ ਕੇ ਲੰਗਰ ਛਕ ਰਹੇ ਹਨ। ਇਸ ਕਰਕੇ, ਇਹਨੀ ਦਿਨੀ ਅਸੀਂ ਇੱਕ ਹਾਜ਼ਰ ਲੋਕਾਂ ਲਈ ਖਾਣਾ ਤਿਆਰ ਕਰ ਰਹੇ ਹਾਂ। ਉਨਾਂ ਕਿਹਾ ਕਿ "ਮੈਂ ਸਵੇਰੇ ਪੰਜ ਵਜੇ ਰਸੋਈ ਵਿੱਚ ਕੰਮ ਸ਼ੁਰੂ ਕਰਦੀ ਹਾਂ ਜੋ ਕਿ ਰਾਤ 11 ਵਜੇ ਤੱਕ ਜਾਰੀ ਰਹਿੰਦਾ ਹੈ। ਅਸੀਂ ਚਾਰ ਜਣੇ ਰਸੋਈ ਵਿੱਚ ਹੁੰਦੇ ਆਂ ਤੇ ਬਿਨਾ ਰੁਕੇ ਕੰਮ ਕਰਦੇ ਆਂ। ਮੇਰਾ ਕਮਰਾ ਵੀ ਬੱਸ ਨਾਲ ਹੀ ਹੈ ਜਿਥੇ ਮੈਂ ਰਾਤ ਨੂੰ ਸੌਂਦੀ ਹਾਂ। ਸੁਖਵਿੰਦਰ ਨੇ ਆਸਟ੍ਰੇਲੀਆ ਪੋਸਟ ਦੀ ਆਪਣੀ ਨੌਕਰੀ ਤੋਂ ਛੁੱਟੀ ਲੈ ਕੇ ਸਿੱਖ ਵਲੰਟੀਅਰ ਆਸਟ੍ਰੇਲੀਆ ਦੀ ਟੀਮ ਦੇ ਨਾਲ ਬੈਰਨਸਡੇਲ ਆਉਣ ਦਾ ਫੈਸਲਾ ਕੀਤਾ ਜਿੱਥੇ ਕਿ ਅੱਗ ਤੋਂ ਪੀੜਤ ਲੋਕਾਂ ਦੇ ਰਹਿਣ ਦਾ ਪ੍ਰਬੰਧ ਕੀਤਾ ਗਿਆ ਹੈ। ਇਹਨਾਂ ਅੱਗਾਂ ਵਿੱਚ ਆਸਟ੍ਰੇਲੀਆ ਭਰ ਵਿੱਚ ਹੁਣ ਤੱਕ 50 ਲੱਖ ਹੈਕਟੇਅਰ ਜ਼ਮੀਨ ਸੜ ਚੁੱਕੀ ਹੈ ਅਤੇ 1,400 ਤੋਂ ਵੱਧ ਘਰ ਤਬਾਹ ਹੋ ਗਏ ਹਨ।



ਸੁਖਵਿੰਦਰ ਕੌਰ ਨੇ ਕਿਹਾ ਕਿ "ਇਹ ਵੀ ਮੇਰਾ ਹੀ ਪਰਿਵਾਰ ਹੈ 'ਤੇ ਇਸਦੇ ਵੱਲ ਵੀ ਮੇਰੀ ਜਿੰਮੇਵਾਰੀ ਬਣਦੀ ਹੈ," ਬਹੁਤ ਸਾਰੇ ਲੋਕ ਖਾਣਾ ਖਾ ਕੇ ਇਸਦੀ ਸਿਫਤ ਕਰਦੇ ਹਨ। ਮੈਂ ਵਾਹਿਗੁਰੂ ਦੀ ਸ਼ੁਕਰਗੁਜ਼ਾਰ ਹਾਂ ਕਿ ਇਹ ਸੇਵਾ ਮੈਨੂੰ ਮਿਲੀ। ਮੈਨੂੰ ਸਭ ਤੋਂ ਵੱਧ ਖੁਸ਼ੀ ਉਸ ਵੇਲੇ ਹੁੰਦੀ ਹੈ ਜਦੋਂ ਕਿ ਸਾਰਾ ਬਣਿਆ ਖਾਣਾ ਖਤਮ ਹੋ ਜਾਂਦਾ ਹੈ ਅਤੇ ਕੁਝ ਵੀ ਵਿਅਰਥ ਨਹੀਂ ਹੁੰਦਾ।" ਉਨਾਂ ਕਿਹਾ ਕਿ ਗੁਰਮਤਿ ਸੇਵਾ ਅਜਿਹਾ ਮਿਸ਼ਨ ਹੈ, ਜਿਸ ਨਾਲ ਅਸੀਂ ਸਾਰੇ ਸੰਸਾਰ ਦੇ ਲੋਕਾਂ 'ਤੇ ਰਾਜ ਕਰ ਸਕਦੇ ਹਾਂ ਅਤੇ ਵਿਸ਼ਵ ਸ਼ਾਂਤੀ ਲਿਆ ਸਕਦੇ ਹਾਂ। ਇਸੇ ਨਾਲ ਹੀ ਸਿੱਖ ਧਰਮ ਫੈਲ ਸਕਦਾ ਹੈ ਤੇ ਰਾਜ ਭਾਗ ਮਿਲ ਸਕਦੇ ਹਨ।

ਸਿੱਖ ਵਲੰਟੀਅਰ ਆਸਟ੍ਰੇਲੀਆ ਦੀ ਟੀਮ ਦੇ ਮੈਂਬਰ ਮਨਪ੍ਰੀਤ ਸਿੰਘ ਕਹਿੰਦੇ ਹਨ ਕਿ ਸੁਖਵਿੰਦਰ ਦੇ ਸੇਵਾ ਭਾਵ ਕਾਰਨ ਉਹ ਕੇਵਲ ਪੂਰੀ ਟੀਮ ਨੂੰ ਹੀ ਨਹੀਂ ਬਲਕਿ ਪੂਰੇ ਭਾਈਚਾਰੇ ਤੇ ਇੱਕ ਬੜਾ ਚੰਗਾ ਪ੍ਰਭਾਵ ਪਾਉਂਦੀ ਹੈ।

### ਆਸਟ੍ਰੇਲੀਅਨ ਸਿੱਖ ਜੋੜਾ ਪੀੜਤਾਂ ਨੂੰ ਦੇ ਰਿਹਾ ਏ ਮੁਫ਼ਤ ਭੋਜਨ



**ਕੈਨਬਰਾ :** ਆਸਟ੍ਰੇਲੀਆ ਵਿਚ ਸਥਿਤ ਇਕ ਭਾਰਤੀ ਰੇਸਤਰਾਂ ਦੇ ਮਾਲਕ ਵਿਕਟੋਰੀਆ ਰਾਜ ਵਿਚ ਜੰਗਲ ਵਿਚ ਲੱਗੀ ਅੱਗ ਤੋਂ ਪ੍ਰਭਾਵਿਤ ਲੋਕਾਂ ਨੂੰ ਮੁਫ਼ਤ ਭੋਜਨ ਖੁਆ ਰਹੇ ਹਨ। 'ਦ ਡੇਲੀ ਮੇਲ' ਦੀ ਇਕ ਰਿਪੋਰਟ ਅਨੁਸਾਰ ਕੰਵਲਜੀਤ ਸਿੰਘ ਤੇ ਉਨਾਂ ਦੀ ਪਤਨੀ ਕਮਲਜੀਤ ਕੌਰ ਪੂਰਬੀ ਵਿਕਟੋਰੀਆ ਦੇ ਬਰਨਸਡੇਲ ਵਿਚ ਦੇਸੀ ਗ੍ਰਿਲ ਰੇਸਤਰਾਂ ਦੇ ਮਾਲਕ ਹਨ, ਜਿੱਥੇ ਅੱਗ ਨੇ ਘਰਾਂ ਨੂੰ ਤਬਾਹ ਕਰ ਦਿੱਤਾ ਹੈ ਤੇ ਇਕ ਸ਼ਖ਼ਸ ਦੀ ਮੌਤ ਹੋ ਚੁੱਕੀ ਹੈ। ਸਿੱਖ ਜੋੜੇ ਵਲੋਂ ਕੜੀ ਤੇ ਚਾਵਲ ਪਕਾ ਕੇ ਮੈਲਬੌਰਨ ਸਥਿਤ ਚੈਰਿਟੀ ਸਿੱਖ ਵਲੰਟੀਅਰਸ ਆਸਟ੍ਰੇਲੀਆ ਦੁਆਰਾ ਅਸਥਾਈ ਕੈਂਪਾਂ ਵਿਚ ਰਹਿ ਰਹੇ ਲੋਕਾਂ ਨੂੰ ਦਿੱਤਾ ਜਾ ਰਿਹਾ ਹੈ। ਉਨਾਂ ਦੇ ਇਸ ਕਾਰਜ ਦੀ ਹਰ ਪਾਸਿਓਂ ਸ਼ਲਾਘਾ ਹੋ ਰਹੀ ਹੈ।

# ਵਿਦੇਸ਼ ਮੰਤਰੀ ਨੇ ਕਿਹਾ ਪ੍ਰਵਾਸੀ ਸਿੱਖ ਭਾਰਤ ਦੇ 'ਬ੍ਰਾਂਡ ਅੰਬੈਸਡਰ'

**ਨਵੀਂ ਦਿੱਲੀ/ ਏ.ਟੀ.ਨਿਊਜ਼:** ਵਿਦੇਸ਼ ਮੰਤਰੀ ਐਸ. ਜੈਸ਼ੰਕਰ ਨੇ ਵਿਦੇਸ਼ਾਂ ਵਿਚ ਭਾਰਤ ਦੇ ਅਕਸ ਦਾ ਨਿਰਮਾਣ ਕਰਨ ਲਈ ਸਿੱਖ ਭਾਈਚਾਰੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਨਾਂ ਦੀ ਸਰਕਾਰ 1984 ਦੇ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਵਚਨਬੱਧ ਹੈ। ਉਹ ਪ੍ਰਵਾਸੀ ਭਾਰਤੀ ਦਿਵਸ ਮੌਕੇ ਵੀਡੀਓ ਕਾਨਫਰੰਸਿੰਗ ਰਾਹੀਂ ਆਸਟ੍ਰੇਲੀਆ, ਸੂਰੀਨਾਮ, ਅਮਰੀਕਾ, ਸਿੰਗਾਪੁਰ, ਕਤਰ, ਮਲੇਸ਼ੀਆ, ਬਰਤਾਨੀਆ ਤੇ ਮਾਰਸ਼ੀਸ਼ ਦੇ ਪ੍ਰਵਾਸੀ ਭਾਰਤੀਆਂ ਨਾਲ ਗੱਲਬਾਤ ਕਰ ਰਹੇ ਸਨ। ਵਿਦੇਸ਼ਾਂ ਵਿਚ ਸਿੱਖ ਭਾਈਚਾਰੇ ਬਾਰੇ ਗਲਤ ਧਾਰਨਾਵਾਂ ਦੇ ਸਬੰਧ ਵਿਚ ਇਕ ਸਵਾਲ ਦੇ ਜਵਾਬ ਵਿਚ ਉਨਾਂ ਕਿਹਾ ਕਿ ਵਿਦੇਸ਼ਾਂ ਵਿਚ ਆਏ ਭਾਰਤੀਆਂ ਵਿਚੋਂ ਸਿੱਖ ਭਾਰਤ ਦੇ 'ਬ੍ਰਾਂਡ ਅੰਬੈਸਡਰ' ਹਨ, ਤੇ ਦੇਸ਼ ਦੇ ਅਕਸ ਨੂੰ ਵਿਦੇਸ਼ਾਂ ਵਿਚ ਬਣਾਉਣ ਵਿਚ ਉਨਾਂ ਨੇ ਮੋਹਰੀ ਭੂਮਿਕਾ ਨਿਭਾਈ ਹੈ। ਉਨਾਂ ਕਿਹਾ ਕਿ ਸਿੱਖਾਂ ਬਾਰੇ ਕੋਈ ਭੁਲੇਖਾ ਨਹੀਂ ਹੈ, ਉਹ ਭਾਰਤ ਤੇ ਵਿਦੇਸ਼ਾਂ ਵਿਚ ਬਹੁਤ ਹੀ ਮਿਹਨਤੀ, ਦੇਸ਼ ਭਗਤ ਤੇ ਸਮਾਜ ਵਿਚ ਯੋਗਦਾਨ ਪਾਉਣ ਵਾਲਾ ਭਾਈਚਾਰਾ ਹੈ।

# ਰਾਣੀ ਸਿੰਘ ਬਣ ਸਕਦੀ ਹੈ ਸਾਨਫਰਾਂਸਿਸਕੋ ਦੀ ਸੁਪੀਰੀਅਰ ਕੋਰਟ ਜੱਜ

**ਸਾਨਫਰਾਂਸਿਸਕ/ ਏ.ਟੀ. ਨਿਊਜ਼:** : ਪੰਜਾਬੀਆਂ ਵਿੱਚ ਇਹ ਖ਼ਬਰ ਬੜੇ ਮਾਣ ਨਾਲ ਪੜੀ ਜਾਵੇਗੀ ਕਿ ਪੰਜਾਬੀ ਮੂਲ ਦੀ ਰਾਣੀ ਸਿੰਘ ਸਾਨਫਰਾਂਸਿਸਕੋ ਸੁਪੀਰੀਅਰ ਕੋਰਟ ਦੇ ਜੱਜ ਦੇ ਅਹੁਦੇ ਲਈ ਸੀਟ 21 ਤੋਂ ਚੋਣ ਲੜ ਰਹੀ ਹੈ। ਰਾਣੀ ਸਿੰਘ ਉਰਫ ਕੁਲਵਿੰਦਰ ਕੌਰ ਸਾਨਫਰਾਂਸਿਸਕੋ ਵਿੱਚ 1998 ਤੋਂ ਲਗਾਤਾਰ ਡਿਸਟਿਕਟ ਅਟਾਰਨੀ (ਅਪਰਾਧਿਕ ਮਾਮਲੇ) ਦੇ ਅਹੁਦੇ ਤੇ ਸੇਵਾ ਨਿਭਾ ਰਹੀ ਹੈ ਤੇ ਸਿਟੀ ਦੀ ਮੈਨੇਜਿੰਗ ਅਟਾਰਨੀ ਵੀ ਹੈ। ਰਾਣੀ ਸਿੰਘ ਦੇ ਪਿਤਾ ਸ. ਦਰਸ਼ਨ ਸਿੰਘ ਪੰਜਾਹ ਸਾਲ ਪਹਿਲਾਂ ਅਮਰੀਕਾ ਆਣ ਵਸੇ ਸਨ ਅਤੇ 1986 ਤੋਂ ਲਗਾਤਾਰ ਸਾਨਫਰਾਂਸਿਸਕੋ ਸਿਟੀ ਕਮਿਸ਼ਨਰ ਦੇ ਅਹੁਦੇ ਉੱਤੇ ਸੇਵਾ ਨਿਭਾ ਰਹੇ ਹਨ। ਮਾਰਚ 3 ਨੂੰ ਹੋਣ ਜਾ ਰਹੀ ਚੋਣ ਲਈ ਰਾਣੀ ਸਿੰਘ ਨੂੰ ਸਥਾਨਕ ਲੋਕਾਂ, ਸਭਾਵਾਂ ਅਤੇ ਕਈ ਅਦਾਰਿਆਂ ਵਲੋਂ ਭਰਪੂਰ ਸਮਰਥਨ ਮਿਲ ਰਿਹਾ ਹੈ ਅਤੇ ਇਨਾਂ ਲੋਕਾਂ ਵਲੋਂ ਰਾਣੀ ਸਿੰਘ ਦੇ ਸਮਰਥਨ ਵਿੱਚ ਕਈ ਫੰਡ ਰੇਜ਼ਰ ਵੀ ਕੀਤੇ ਜਾ ਰਹੇ ਹਨ, ਜਿਨਾਂ ਦੀ ਜਾਣਕਾਰੀ ਰਾਣੀ ਸਿੰਘ ਦੀ ਵੈਬਸਾਈਟ www.singhforjudge.com ਉੱਤੋਂ ਲਈ ਜਾ ਸਕਦੀ ਹੈ। ਜੇਕਰ ਰਾਣੀ ਸਿੰਘ ਇਹ ਚੋਣ ਜਿੱਤ ਜਾਂਦੀ ਹੈ ਤਾਂ ਉਹ ਕੈਲੀਫੋਰਨੀਆਂ ਵਿੱਚ ਸੁਪੀਰੀਅਰ ਕੋਰਟ ਦੇ ਜੱਜ ਦੇ ਅਹੁਦੇ 'ਤੇ ਪਹੁੰਚਣ ਵਾਲੀ ਪਹਿਲੀ ਪੰਜਾਬਣ ਹੋਵੇਗੀ। ਆਓ ਸਾਰੇ ਰਲ ਕੇ ਰਾਣੀ ਸਿੰਘ ਦੀ ਜਿੱਤ ਲਈ ਆਪਣਾ ਯੋਗਦਾਨ ਪਾਈਏ।

# ਖਾੜਕੂਆਂ ਨਾਲ ਗ੍ਰਿਫਤਾਰ ਕੀਤਾ ਡੀਐਸਪੀ ਹਮੇਸ਼ਾ ਵਿਵਾਦਾਂ ਵਿਚ ਰਿਹਾ

**ਸ੍ਰੀਨਗਰ/ਏ.ਟੀ.ਨਿਊਜ਼:** ਜੰਮੂ ਕਸ਼ਮੀਰ ਪੁਲਸ ਨੇ ਅੱਜ ਮਹਿਕਮੇ 'ਚ ਤੈਨਾਤ ਡੀਐਸਪੀ ਦਵਿੰਦਰ ਸਿੰਘ ਨੂੰ ਦੋ ਕਸ਼ਮੀਰੀ ਖਾੜਕੂਆਂ ਨਾਲ ਗ੍ਰਿਫਤਾਰ ਕਰਨ ਦਾ ਦਾਅਵਾ ਕੀਤਾ ਹੈ। ਪੁਲਿਸ ਦਾ ਕਹਿਣਾ ਹੈ ਕਿ ਡੀਐਸਪੀ ਦਵਿੰਦਰ ਸਿੰਘ ਨੂੰ ਨਾਵੇਦ ਬਾਬੂ ਅਤੇ ਆਸਿਫ ਨਾਮੀਂ ਹਿਜ਼ਬੁਲ ਮੁਜ਼ਾਹਿਦੀਨ ਦੇ ਖਾੜਕੂਆਂ ਨਾਲ ਕੁਲਗਾਮ ਜ਼ਿਲੇ ਦੇ ਕਾਜ਼ੀਗੰਦ ਇਲਾਕੇ ਵਿੱਚੋਂ ਸ਼੍ਰੀਨਗਰ-ਜੰਮੂ ਹਾਈਵੇ ਤੋਂ ਗ੍ਰਿਫਤਾਰ ਕੀਤਾ ਗਿਆ ਹੈ। ਦੋਸ਼ ਲਾਇਆ ਜਾ ਰਿਹਾ ਹੈ ਕਿ ਦਵਿੰਦਰ ਸਿੰਘ ਇਹਨਾਂ ਖਾੜਕੂਆਂ ਨਾਲ ਦਿੱਲੀ ਜਾ ਰਿਹਾ ਸੀ।

**ਅਫਜ਼ਲ ਗੁਰੂ ਮਾਮਲੇ 'ਚ ਵੀ ਆਇਆ ਸੀ ਦਵਿੰਦਰ ਦਾ ਨਾਂ**

2001 'ਚ ਭਾਰਤੀ ਪਾਰਲੀਮੈਂਟ 'ਤੇ ਹੋਏ ਹਮਲੇ ਦੇ ਮਾਮਲੇ ਵਿੱਚ ਗ੍ਰਿਫਤਾਰ ਕੀਤੇ ਗਏ ਕਸ਼ਮੀਰੀ ਅਫਜ਼ਲ ਗੁਰੂ ਨੇ 2004 'ਚ ਤਿਹਾੜ ਜੇਲ ਤੋਂ ਭਾਰਤ ਦੀ ਸੁਪਰੀਮ ਕੋਰਟ ਵਿੱਚ ਉਸਦਾ ਕੇਸ ਲੜ ਰਹੇ ਵਕੀਲ ਸੁਸ਼ੀਲ ਕੁਮਾਰ ਨੂੰ ਲਿਖੀ ਚਿੱਠੀ 'ਚ ਕਿਹਾ ਸੀ ਕਿ ਪੁਲਿਸ ਅਫਸਰ ਦਵਿੰਦਰ ਸਿੰਘ ਨੇ ਹੀ ਉਸਨੂੰ ਪਾਰਲੀਮੈਂਟ ਹਮਲੇ ਦੇ ਹਮਲਾਵਰ ਨੂੰ ਦਿੱਲੀ ਲੈ ਕੇ ਜਾਣ, ਉੱਥੇ ਉਸ ਦੇ ਰਹਿਣ ਦਾ ਇੰਤਜ਼ਾਮ ਕਰਨ ਤੇ ਉਸ ਲਈ ਕਾਰ ਖਰੀਦਣ ਵਾਸਤੇ ਕਿਹਾ ਸੀ।

**ਖਾੜਕੂਆਂ ਖਿਲਾਫ ਕਾਰਵਾਈਆਂ 'ਚ ਅੱਗੇ ਰਹਿੰਦਾ ਸੀ ਦਵਿੰਦਰ**

ਦਵਿੰਦਰ ਸਿੰਘ ਜੰਮੂ ਕਸ਼ਮੀਰ ਪੁਲਸ ਦਾ ਨਾਮੀਂ ਅਫਸਰ ਸੀ ਜਿਸ ਨੂੰ ਖਾੜਕੂਆਂ ਖਿਲਾਫ ਕਾਰਵਾਈਆਂ ਲਈ ਜਾਣਿਆ ਜਾਂਦਾ ਸੀ। ਉਸ ਦੀਆਂ ਇਹਨਾਂ ਕਾਰਵਾਈਆਂ ਕਾਰਨ ਹੀ ਉਸਨੂੰ ਪਿਛਲੇ ਸਾਲ 15 ਅਗਸਤ ਦੇ ਸਮਾਗਮ 'ਤੇ ਰਾਸ਼ਟਰਪਤੀ ਪੁਲਿਸ ਮੈਡਲ ਨਾਲ ਸਨਮਾਨਿਤ ਕੀਤਾ ਗਿਆ ਸੀ।



ਦਵਿੰਦਰ ਸਿੰਘ ਇਸ ਸਮੇਂ ਸ਼੍ਰੀਨਗਰ ਹਵਾਈ ਅੱਡੇ 'ਤੇ ਤੈਨਾਤ ਸੀ। ਇਸ ਤੋਂ ਪਹਿਲਾਂ ਉਹ ਜੰਮੂ ਕਸ਼ਮੀਰ ਪੁਲਸ ਦੇ ਹਾਈਜੈਕਿੰਗ ਵਿਰੋਧੀ ਦਲ ਵਿੱਚ ਤੈਨਾਤ ਸੀ ਤੇ ਉਹ ਪੁਲਸ ਦੇ ਖਾਸ ਕਾਰਵਾਈਆਂ ਵਾਲੇ ਦਸਤੇ ਦਾ ਹਿੱਸਾ ਸੀ। ਇਸ ਦਸਤੇ 'ਚ ਉਹ ਇੰਸਪੈਕਟਰ ਵਜੋਂ ਤੈਨਾਤ ਸੀ ਤੇ ਉਸਦੀਆਂ ਖਾੜਕੂਆਂ ਵਿਰੋਧੀ ਕਾਰਵਾਈਆਂ ਤੋਂ ਖੁਸ਼ ਹੋ ਕੇ ਹੀ ਉਸਨੂੰ ਤਰੱਕੀ ਦਿੰਦਿਆਂ ਡੀਐਸਪੀ ਬਣਾਇਆ ਗਿਆ ਸੀ।

ਕੁੱਝ ਅਖਬਾਰੀ ਰਿਪੋਰਟਾਂ ਮੁਤਾਬਕ ਦਵਿੰਦਰ ਖਿਲਾਫ ਪੈਸਾ ਵਸੂਲੀ ਦੇ ਦੋਸ਼ ਲੱਗਣ ਮਗਰੋਂ ਉਸਨੂੰ ਇਸ ਖਾਸ ਦਸਤੇ ਤੋਂ ਬਾਹਰ ਕਰ ਦਿੱਤਾ ਗਿਆ ਸੀ।

ਪੁਲਿਸ ਦਾ ਦਾਅਵਾ ਹੈ ਕਿ ਜਿਸ ਕਾਰ ਵਿਚੋਂ ਇਹਨਾਂ ਤਿੰਨਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਉਸ ਵਿਚੋਂ ਦੋ ਏਕੇ 47 ਬੰਦੂਕਾਂ ਅਤੇ ਕੁੱਝ ਹੱਥ ਗੋਲੇ ਵੀ ਮਿਲੇ ਹਨ। ਇਸ ਤੋਂ ਇਲਾਵਾ ਪੁਲਸ ਨੇ ਦਾਅਵਾ ਕੀਤਾ ਹੈ ਕਿ ਸ਼ਿਵਪੋਰਾ ਇਲਾਕੇ ਵਿੱਚ ਦਵਿੰਦਰ ਦੇ ਘਰ ਛਾਪਾ ਮਾਰਨ 'ਤੇ ਉੱਥੋਂ 1 ਏਕੇ 47 ਬੰਦੂਕ, 2 ਪਿਸਤੌਲ ਅਤੇ ਤਿੰਨ ਹੱਥ ਗੋਲੇ ਮਿਲੇ ਹਨ। ਪੁਲਿਸ ਨੇ ਤਰਾਲ ਸਥਿਤ ਉਸਦੇ ਜ਼ੱਦੀ ਘਰ ਵਿੱਚ ਵੀ ਛਾਪੇਮਾਰੀ ਕੀਤੀ ਹੈ।

ਪੁਲਸ ਦਾ ਕਹਿਣਾ ਹੈ ਕਿ ਦਵਿੰਦਰ ਨੇ ਜੰਮੂ ਜਾਣ ਲਈ ਸ਼ਨੀਵਾਰ ਨੂੰ ਚਾਰ ਦਿਨਾਂ ਦੀ ਛੁੱਟੀ ਲਈ ਸੀ।

**ਨਾਵੇਦ ਬਾਬੂ ਵੀ ਪਹਿਲਾਂ ਪੁਲਸ ਮੁਲਾਜ਼ਮ ਸੀ**

ਦਵਿੰਦਰ ਨਾਲ ਗ੍ਰਿਫਤਾਰ ਕੀਤਾ ਗਿਆ ਨਾਵੇਦ ਬਾਬੂ ਵੀ ਪਹਿਲਾਂ ਪੁਲਸ ਦਾ ਹੀ ਮੁਲਾਜ਼ਮ ਸੀ। ਪੁਲਸ ਰਿਪੋਰਟ ਮੁਤਾਬਕ ਉਹ 2017 ਵਿੱਚ 2 ਏਕੇ 47 ਬੰਦੂਕਾਂ ਲੈ ਕੇ ਨੌਕਰੀ ਤੋਂ ਭਗੋੜਾ ਹੋ ਗਿਆ ਸੀ। ਪੁਲਸ ਦਾ ਕਹਿਣਾ ਹੈ ਕਿ ਉਹ ਹਿਜ਼ਬੁਲ ਮੁਜ਼ਾਹਿਦੀਨ ਵਿੱਚ ਸ਼ਾਮਲ ਹੋ ਗਿਆ ਸੀ। ਪੁਲਸ ਦਾ ਕਹਿਣਾ ਹੈ ਕਿ ਉਹ ਨਾਵੇਦ ਨੂੰ ਟਰੈਕ ਕਰ ਰਹੇ ਸੀ ਤੇ ਜਦੋਂ ਉਸਨੇ ਆਪਣੇ ਇਸ ਸਫਰ ਦੌਰਾਨ ਪੰਜਾਬ ਰਹਿੰਦੇ ਆਪਣੇ ਭਰਾ ਨੂੰ ਫੋਨ ਕੀਤਾ ਤਾਂ ਪੁਲਸ ਨੂੰ ਉਸਦੀ ਥਾਂ ਬਾਰੇ ਪਤਾ ਲੱਗ ਗਿਆ। ਇਸ ਦੇ ਅਧਾਰ 'ਤੇ ਹੀ ਇਹ ਗ੍ਰਿਫਤਾਰੀਆਂ ਕਰਨ ਦਾ ਦਾਅਵਾ ਕੀਤਾ ਗਿਆ ਹੈ।

ਦਵਿੰਦਰ ਦੇ ਪਿਛਲੇ ਰਿਕਾਰਡ ਅਤੇ ਅਫਜ਼ਲ ਗੁਰੂ ਮਾਮਲੇ 'ਚ ਨਾਂ ਆਉਣ ਨਾਲ ਹੁਣ ਹੋਈ ਇਸ ਗ੍ਰਿਫਤਾਰੀ ਬਾਰੇ ਕਈ ਤਰਾਂ ਦੀਆਂ ਗੱਲਾਂ ਸਾਹਮਣੇ ਆ ਰਹੀਆਂ ਹਨ। ਫਿਲਹਾਲ ਪੁਲਸ ਦਾ ਦਾਅਵਾ ਹੀ ਇਸ ਖਬਰ ਦਾ ਅਧਾਰ ਹੈ ਤੇ ਪੁਲਸ ਕਹਾਣੀ 'ਤੇ ਵੀ ਸਵਾਲ ਉੱਠਣੇ ਲਾਜ਼ਮੀ ਹਨ।

# ਬੀਬੀ ਪ੍ਰਕਾਸ ਕੌਰ ਨਹੀਂ ਰਹੇ

## ਭਾਈ ਅਵਤਾਰ ਸਿੰਘ ਧਾਮੀ ਨੂੰ ਸਦਮਾ

**ਫਰੀਮਾਂਟ/ ਏ.ਟੀ.ਨਿਊਜ਼:** ਗੁਰਦੁਆਰਾ ਸਾਹਿਬ ਫਰੀਮਾਂਟ ਨਾਲ ਪਹਿਲੇ ਦਿਨ ਤੋਂ ਸਬੰਧਤ ਨਿਸ਼ਕਾਮ ਸੇਵਕ ਬੀਬੀ ਪ੍ਰਕਾਸ ਕੌਰ ਪਿਛਲੇ ਬੁੱਧਵਾਰ ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਹ ਦਿਲ ਦੀ ਬਿਮਾਰੀ ਕਾਰਨ ਸੋਮਵਾਰ ਨੂੰ ਹਸਪਤਾਲ ਦਾਖਲ ਹੋਏ ਸਨ। ਬੀਬੀ ਜੀ ਦੀ ਉਮਰ ਇਸ ਵੇਲੇ 90 ਸਾਲ ਤੋਂ ਉੱਪਰ ਸੀ ਪਰ ਸਰੀਰਕ ਤੌਰ ਤੇ ਉਹ ਸਿਹਤਮੰਦ ਸਨ ਅਤੇ ਹੁਣ ਤੱਕ ਗੁਰੂ-ਘਰ ਰੋਜਾਨਾ ਸੇਵਾ ਕਰਦੇ ਸਨ। ਉਹਨਾਂ ਨੇ ਦਰਜਨਾਂ ਹੀ ਬੀਬੀਆਂ ਨੂੰ ਕਾਰ ਦੇ ਲਾਈਸੈਂਸ ਲੈ ਕੇ ਦਿੱਤੇ।



ਉਹਨਾਂ ਦਾ ਜੱਦੀ ਪਿੰਡ ਗਨੇਸਪੁਰ ਸੀ ਅਤੇ ਪਿਪਲਾਂਵਾਲੇ ਦੇ ਧਾਮੀ ਪਰਿਵਾਰ ਵਿੱਚ ਉਹਨਾਂ ਦਾ ਵਿਆਹ ਹੋਇਆ। 1947 ਵਿੱਚ ਉਹ ਦਿੱਲੀ ਵਸ ਗਏ ਸਨ ਅਤੇ 1977 ਵਿੱਚ ਉਹਨਾਂ ਦੇ ਭਰਾ ਨੇ ਉਹਨਾਂ ਨੂੰ ਅਮਰੀਕਾ ਸੱਦ ਲਿਆ ਸੀ।

ਬੀਬੀ ਪ੍ਰਕਾਸ ਕੌਰ, ਭਾਈ ਅਵਤਾਰ ਸਿੰਘ ਧਾਮੀ ਦੇ ਮਾਤਾ ਜੀ ਸਨ। ਭਾਈ ਸਾਹਿਬ ਗੁਰਦੁਆਰਾ ਸਾਹਿਬ ਫਰੀਮਾਂਟ ਦੇ ਪ੍ਰਧਾਨ ਵੀ ਰਹਿ ਚੁੱਕੇ ਹਨ ਅਤੇ ਕੈਲੇਫੋਰਨੀਆ ਦੇ ਬੇ ਏਰੀਆ ਇਲਾਕੇ ਵਿੱਚ ਜਾਣੀ-ਪਹਿਚਾਣੀ ਸ਼ਖਸੀਅਤ ਹਨ। ਸੰਗਤ (510)376-9124 ਤੇ ਧਾਮੀ ਸਾਹਿਬ ਨੂੰ ਕਾਲ ਕਰ ਸਕਦੇ ਹਨ।

ਮਾਤਾ ਜੀ ਦਾ ਅੰਤਿਮ ਸਸਕਾਰ ਸ਼ੁੱਕਰਵਾਰ ਮਿਤੀ 17 ਜਨਵਰੀ 1 ਤੋਂ 2:30 ਵਜੇ ਤੱਕ ਹੇਵਰਡ ਦੇ ਚੈਪਲ ਆਫ ਚਾਈਮਜ਼ ਵਿਖੇ ਹੋਵੇਗਾ ਅਤੇ ਉਸ ਤੋਂ ਬਾਅਦ ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ ਭੋਗ, ਅੰਤਿਮ ਅਰਦਾਸ ਅਤੇ ਕਥਾ ਕੀਰਤਨ ਹੋਣਗੇ।

# ਅਕਾਲ ਤਖ਼ਤ ਨੇ ਹਰਿੰਦਰ ਸਿੰਘ ਤੋਂ 15 ਦਿਨਾਂ ਅੰਦਰ ਸਪੱਸ਼ਟੀਕਰਨ ਮੰਗਿਆ

**ਅੰਮ੍ਰਿਤਸਰ/ਏ.ਟੀ.ਨਿਊਜ਼:** ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਹਰਪ੍ਰੀਤ ਸਿੰਘ ਨੇ ਪਿਛਲੇ ਦਿਨੀਂ ਗੁਰੂ ਨਾਨਕ ਦੇਵ ਜੀ ਪ੍ਰਤੀ ਇਤਰਾਜ਼ਯੋਗ ਸ਼ਬਦਾਵਲੀ ਵਰਤਣ ਵਾਲੇ ਪ੍ਰਚਾਰਕ ਹਰਿੰਦਰ ਸਿੰਘ ਜਥਾ ਨਿਰਵੈਰ ਖ਼ਾਲਸਾ ਯੂ. ਕੇ. ਨੂੰ 15 ਦਿਨਾਂ ਦੇ ਅੰਦਰ ਆਪਣਾ ਸਪੱਸ਼ਟੀਕਰਨ ਭੇਜਣ ਦੀ ਹਦਾਇਤ ਕੀਤੀ ਹੈ। ਅਕਾਲ ਤਖ਼ਤ ਸਾਹਿਬ ਸਕੱਤਰੇਤ ਦੇ ਇੰਚਾਰਜ ਤੇ ਜਥੇਦਾਰ ਦੇ ਨਿੱਜੀ ਸਹਾਇਕ ਜਸਪਾਲ ਸਿੰਘ ਢੱਡੇ ਨੇ ਦੱਸਿਆ ਕਿ ਸਿੰਘ ਸਾਹਿਬ ਵਲੋਂ ਹਰਿੰਦਰ ਸਿੰਘ ਯੂ. ਕੇ. ਦੁਆਰਾ ਪਿਛਲੇ ਦਿਨੀਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੋਤੀ ਜੋਤ ਸਮਾਉਣ ਬਾਰੇ ਇਤਾਰਾਜ਼ਯੋਗ ਟਿੱਪਣੀਆਂ ਕਰਨ ਦਾ ਮਾਮਲਾ ਸਾਹਮਣੇ ਆਉਣ ਤੋਂ ਬਾਅਦ ਦੇਸ਼ ਵਿਦੇਸ਼ ਤੋਂ ਉਸ ਖਿਲਾਫ਼ ਪੁੱਜੀਆਂ ਸ਼ਿਕਾਇਤਾਂ ਨੂੰ ਦੇਖਦਿਆਂ ਉਸ ਨੂੰ 2 ਹਫ਼ਤਿਆਂ ਦੇ ਅੰਦਰ ਆਪਣਾ ਸਪੱਸ਼ਟੀਕਰਨ ਭੇਜਣ ਦੀ ਹਦਾਇਤ ਕੀਤੀ ਗਈ ਹੈ।

# ਗੁਰਦੁਆਰਾ ਸਾਹਿਬ ਫਰੀਮਾਂਟ

**300 Gurdwara Road Fremont CA 94536**



## ਗੁਰਦੁਆਰਾ ਸਾਹਿਬ ਫਰੀਮਾਂਟ ਦੀਆਂ ਚੋਣਾਂ ਪ੍ਰਤੀ ਨਵੀਆਂ ਵੋਟਾਂ ਬਨਣੀਆਂ ਸ਼ੁਰੂ

## ਵੋਟਾਂ 26 ਜਨਵਰੀ, 2020 ਤੱਕ ਬਨਣਗੀਆਂ

**ਵੋਟਾਂ ਬਣਾਉਣ ਲਈ ਤਰੀਕਾਂ ਅਤੇ ਸਮੇਂ ਦਾ ਵੇਰਵਾ**

| ਐਤਵਾਰ ਵਾਲੇ ਦਿਨ | ਬੁੱਧਵਾਰ ਵਾਲੇ ਦਿਨ |
|---|---|
| 15 ਦਸੰਬਰ, 22 ਦਸੰਬਰ, 29 ਦਸੰਬਰ, 2019 | 11 ਦਸੰਬਰ, 18 ਦਸੰਬਰ, 25 ਦਸੰਬਰ, 2019 |
| 5 ਜਨਵਰੀ, 12 ਜਨਵਰੀ, 19 ਜਨਵਰੀ, 26 ਜਨਵਰੀ, 2020 | 1 ਜਨਵਰੀ, 8 ਜਨਵਰੀ, 15 ਜਨਵਰੀ, 22 ਜਨਵਰੀ, 2020 |
| (ਸਮਾਂ : ਸਵੇਰੇ 10 ਵਜੇ ਤੋਂ ਬਾਅਦ ਦੁਪਹਿਰ 3 ਵਜੇ ਤੱਕ) | (ਸਮਾਂ : ਸ਼ਾਮ 6 ਵਜੇ ਤੋਂ 8 ਵਜੇ ਤੱਕ) |

### ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ।

ਗੁਰੂ ਰੂਪ ਪਿਆਰੀ ਸਾਥ ਸੰਗਤ ਜੀ ਆਪ ਜੀ ਨੂੰ ਪਤਾ ਹੈ ਕਿ ਗੁਰਦੁਆਰਾ ਸਾਹਿਬ ਫਰੀਮਾਂਟ ਦੀਆਂ ਚੋਣਾਂ 2020 ਵਿਚ ਹੋ ਰਹੀਆਂ ਹਨ ਅਤੇ ਚੋਣਾਂ ਵਿਚ ਉਹ ਮਾਈ ਭਾਈ ਹੀ ਹਿੱਸਾ ਲੈ ਸਕਦੇ ਹਨ ਜਿਨ੍ਹਾਂ ਨੇ ਗੁਰੂ ਘਰ ਦੀ ਮੈਂਬਰਸ਼ਿਪ ਰਜਿਸਟਰਡ ਕਰਵਾਈ ਹੋਵੇ। ਸਾਧ ਸੰਗਤ ਨੂੰ ਨਿਮਰਤਾ ਸਹਿਤ ਅਪੀਲ ਕੀਤੀ ਜਾਂਦੀ ਹੈ ਕਿ ਗੁਰਦੁਆਰਾ ਸਾਹਿਬ ਫਰੀਮਾਂਟ ਦੇ ਮੈਂਬਰ ਬਣੋ ਤਾਂ ਜੋ ਗੁਰੂ ਘਰ ਵਿਚ ਹੋਣ ਵਾਲੇ ਅਹਿਮ ਫ਼ੈਸਲਿਆਂ ਵਿਚ ਤੁਸੀਂ ਸ਼ਾਮਿਲ ਹੋ ਸਕੋ। ਇਸ ਕਰਕੇ ਉੱਪਰ ਦਿੱਤੀਆਂ ਤਰੀਕਾਂ ਅਤੇ ਸਮਾਂ ਅਨੁਸਾਰ ਪਹੁੰਚ ਕੇ ਆਪਣੀਆਂ ਵੋਟਾਂ ਬਣਵਾਓ।

### ਨਵੀਆਂ ਵੋਟਾਂ ਲਈ ਰਜਿਸਟ੍ਰੇਸ਼ਨ ਹੇਠ ਲਿਖੇ ਅਨੁਸਾਰ ਚੱਲੇਗੀ।

ਮੈਂਬਰਸ਼ਿਪ ਦੀ ਕੋਈ ਫੀਸ ਨਹੀਂ ਹੈ। ਮੈਂਬਰ ਬਨਣ ਲਈ ਹੇਠ ਲਿਖੀਆਂ ਸ਼ਰਤਾਂ ਜ਼ਰੂਰੀ ਹਨ ਅਤੇ ਆਪਣੀ ਰਿਹਾਇਸ਼ ਦਾ ਪਰੂਫ਼ ਅਤੇ ਆਈ.ਡੀ. ਨਾਲ ਲੈ ਕੇ ਆਵੋ ਜੀ। (ਆਪਣੀ ਰਿਹਾਇਸ਼ ਦਾ ਪਰੂਫ਼ ਕੇਵਲ ਉਨ੍ਹਾਂ ਵਿਅਕਤੀਆਂ ਲਈ ਲੈ ਕੇ ਆਉਣਾ ਜ਼ਰੂਰੀ ਹੈ ਜਿਨ੍ਹਾਂ ਦੀ ਆਈ.ਡੀ. ਉਪਰਲਾ ਐਡਰੈੱਸ ਮੌਜੂਦਾ ਐਡਰੈੱਸ ਤੋਂ ਅਲੱਗ ਹੈ। ਜੇਕਰ ਤੁਹਾਡੀ ਆਈ.ਡੀ. ਉਪਰਲਾ ਐਡਰੈੱਸ ਤੁਹਾਡੀ ਮੌਜੂਦਾ ਰਿਹਾਇਸ਼ ਵਾਲਾ ਹੈ ਤਾਂ ਤੁਹਾਨੂੰ ਆਪਣਾ ਪਰੂਫ਼ ਲਿਆਉਣ ਦੀ ਜ਼ਰੂਰਤ ਨਹੀਂ ਹੈ।)

ਸ਼ਰਤਾਂ : ਸਿੱਖ ਹੋਣਾ ਲਾਜਮੀ ਹੈ। ਉਮਰ 18 ਸਾਲ ਤੋਂ ਉੱਪਰ ਹੋਵੇ, ਮੈਂਬਰ ਵਿਅਕਤੀ ਐਲਾਮੀਡਾ, ਸੈਂਟਾ ਕਲਾਰਾ, ਸੈਂਟਾ ਕਰੂਜ਼, ਸੋਲਾਨੋ, ਸੈਟ ਮੈਟੀਉ, ਸੈਨ ਫਰਾਂਸਿਸਕੋ ਅਤੇ ਕੋਂਟਰਾ ਕੋਸਟਾ ਕਾਊਂਟੀਆਂ ਦਾ ਵਸਨੀਕ ਹੋਵੇ।

**ਹੋਰ ਜਾਣਕਾਰੀ ਲਈ ਸੰਪਰਕ ਕਰੋ : ਗੁਰਦੁਆਰਾ ਸਾਹਿਬ ਫਰੀਮਾਂਟ (510) 790-0177**



# Travel for Less Inc.



SPECIALIZED IN DISCOUNT FARES WORLDWIDE

**INDIA | PAKISTAN | EUROPE**

ਅਗਰ ਤੁਸੀ ਇੰਡਿਆਂ ਜਾਣ ਲਈ ਸਸਤੀਆਂ ਟਿਕਟਾ ਲਭ ਰਹੇ ਹੋ ਜਾਂ ਫਿਰ ਤੁਹਾਨੂੰ ਸੀਟ ਮਿਲਣ ਵਿਚ ਦਿਕਤ ਆ ਰਹੀ ਹੈ ਤਾਂ ਸਾਨੂੰ ਇੱਕ ਵਾਰ ਕਾਲ ਜਰੂਰ ਕਰੋ ਅਸੀ ਹਰੇਕ ਵੱਡੀ ਏਅਰਲਾਈਨ ਦੀਆਂ ਟਿਕਟਾ ਬਹੁਤ ਵਧੀਆ ਰੇਟਾਂ ਤੇ ਵੇਚਦੇ ਹਾਂ।

ASIANA AIRLINES
A STAR ALLIANCE MEMBER

Asiana Airlines
Daily Flight To New Delhi

**Best deals on major airlines like**

ASIANA AIRLINES
CHINA AIRLINES
BRITISH AIRWAYS
CATHAY PACIFIC
virgin atlantic
SINGAPORE AIRLINES
Emirates
ETIHAD AIRWAYS
Lufthansa
QATAR AIRWAYS

BBB
IATAN

8th time in a row
2016 Best of Fremont Award
CALL US TO GET BEST RATES FOR YOUR AIR TICKETS TO INDIA AND WORLDWIDE.




CST NO : 2031914-40

We have moved to

**Serving the Bay Area Since 1996**

**32116-Alvarado Blvd. Union City, CA-94587**

Email: info@travelforlessinc.com

**CALL 510-791-3300** Book online 24x7 @ www.Letsflyhome.com

# Website Design & Development

- ਛੋਟੇ/ਵੱਡੇ ਬਜ਼ਿਨਸ, ਐਨ. ਜੀ. ਓ, ਰੇਡੀਓ ਸਟੇਸ਼ਨ ਅਤੇ ਖਬਰਾਂ ਵਾਲੀਆਂ ਵੈਬਸਾਈਟਾਂ ਬਣਾਉਣ ਵਿਚ ਖਾਸ ਮੁਹਾਰਤ।
- ਈ-ਕਮਰਸ ਅਤੇ ਆਨਲਾਈਨ ਸਟੋਰ/ਸੇਲ ਦੀਆਂ ਵੈਬਸਾਈਟਾਂ ਬਣਾਉਣ ਦਾ ਖਾਸ ਪ੍ਰਬੰਧ ਹੈ।

Basic web packages are availables on comparatively economical rates
We work as per your requirement and charge only according to work

## SERVICES

- ✓ WEB DEVELOPMENT
- ✓ WEB DESIGNING
- ✓ WEB RE-DESIGN
- ✓ LOGO DESIGN
- ✓ SEO SERVICES
- ✓ TECHNICAL SUPPORT

Web Media Art

ਵਧੀਆ, ਸੁੰਦਰ ਅਤੇ ਨਵੀਂ ਤਕਨੀਕ ਅਨੁਸਾਰ ਵੈਬਸਾਈਟ ਬਣਵਾਉਣ ਲਈ ਅੱਜ ਹੀ ਸੰਪਰਕ ਕਰੋ।

+91-94640-83029
+91-95699-98747
info@webmediaart.com
www.webmediaart.com

# SINGH TRANSPORT INC



ਔਕਲੈਂਡ ਪੋਰਟ, ਲਾਸ ਏਂਜਲਸ ਪੋਰਟ ਅਤੇ ਲੌਂਗ ਬੀਚ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ ਓਨਰ ਆਪ੍ਰੇਟਰਾਂ ਦੀ ਲੋੜ ਹੈ।

STUDENT DRIVER WELCOM
ਅਸੀਂ ਲਾਇਸੰਸ ਲੈਣ ਲਈ ਤੁਹਾਡੇ ਸਕੂਲ ਦਾ ਖਰਚਾ ਵੀ ਦਿੰਦੇ ਹਾਂ।

ਫਰਿਜ਼ਨੋ ਵੈਲੀ ਏਰੀਏ ਵਿਚੋਂ ਡਰਾਈਵਰਾਂ ਦੀ ਸਖ਼ਤ ਲੋੜ

- ਡ੍ਰਾਈ ਵੈਨ ਡਰਾਈਵਰਾਂ ਦੀ ਲੋੜ
- ਵਰਕ ਪਰਮਿਟ ਹੋਲਡਰ ਨਵੇਂ ਡਰਾਈਵਰਾਂ ਦਾ ਸਵਾਗਤ
- ਨਵੇਂ ਲਾਇਸੰਸ ਡਰਾਈਵਰਾਂ ਦਾ ਸਵਾਗਤ
- ਟ੍ਰੇਨਿੰਗ ਉਪਲਬੱਧ
- Double Endorsement ਵਾਲੇ ਡਰਾਈਵਰਾਂ ਦੀ ਲੋੜ ਹੈ।
- LA ਤੋਂ Bay Area-Sacramento-LA ਵਾਸਤੇ Hook Drop ਲੋਡ ਚੁੱਕੋ।
- ਅਸੀਂ ਡਰਾਈਵਰਾਂ ਨੂੰ 55 Cent ਤੱਕ per mile ਦਿੰਦੇ ਹਾਂ।
- ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ ਡਾਲਰ $6000 ਕਮਾਓ।
- ਕੰਮ ਕਰਨ ਲਈ ਵਧੀਆ ਅਤੇ ਆਰਾਮਦਾਇਕ ਮਾਹੌਲ।
- ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
- ਅਸੀਂ ਬੋਨਸ ਵੀ ਦਿੰਦੇ ਹਾਂ।
- ਰੋਜ਼ਾਨਾ ਸ਼ਾਮ ਨੂੰ ਘਰ ਜਾਓ।

ਟਰੱਕ ਰਿਪੇਅਰ ਮਕੈਨਿਕ ਦੀ ਲੋੜ

ਸੰਪਰਕ:
ਸਤਨਾਮ ਸਿੰਘ ਖਹਿਰਾ (510) 543-3778, ਜਗਤਾਰ ਸਿੰਘ (510) 918-2439, (510) 943-9578



Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Follow us on:
Toll Free 1-866-FOR-RAJA
www.rajasweets.com
msbains@rajasweets.com

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

Raja™ Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja™ Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party

1-866-FOR-RAJA (367-7252)
www.RajaSweets.com

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders

Raja SWEETS & CATERING
AUTHORIZED CATERER FOR MAJOR 5-STAR HOTELS
Presents
PARADISE BALLROOMS
banquet hall & event center



ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

# PARADISE BALLROOMS

4100 Peralta Blvd. Fremont, CA 94536

(510) 900-6319

info@paradiseballrooms.com www.paradiseballrooms.com

## SERVICES INCLUDE

- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING TABLE CLOTH, NAPKINS, CHAIRS ETC.

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

For agriculture and almond Farm,office building, Farm House and for Truck Yard in Tracy, Manteca, Lathrop and Stockton

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing



**1415 W Anderson Stockton**

a). 4.5 Acre Lot, include 15000 Square foot warehouse with 10 loading dock, 2000 square foot office.
b). Two bay truck repair shop.

**$4,900,000**



**1943 E Fremont St,**

1924 E park St and 1850 E Oak St Stockton CA 95205, Total 8 APN number, one lot, 7.56 acres paved truck parking.

**$3,000,000**

**1801 E Dr martin luther king jr Blvd, Stockton, CA 95205 APN 155-140-15. Almost 10 acres paved truck parking with approximately $32000 monthly income.** **$4,399,000**




## ਨਵੀਂ ਜਾਂ ਪੁਰਾਣੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਕਾਲ ਕਰੋ

## Ranjit S Mangat

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700, gbsingh84@gmail.com**

ਗੁਰਬਾਣੀ
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

ਪੰਜਾਬੀ ਗਾਣੇ
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

ਪੰਜਾਬੀ ਰੇਡੀਓ ਯੂਐਸਏ
Punjabi RADIO USA
ON THE AIR
Uniting Punjabi's All Over
www.PunjabiRadioUSA.com
408-272-5200

DIAL TO LISTEN:
US: 832-551-5029 | 605-475-6868 | 712-432-5838 (METRO PCS)
UK: +44 203-519-0455
GERMANY: +511 80-90-40-41

NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM

KHALSA
INSURANCE AGENCY, INC.

Khalsa Insurance Agency is among TOP 50 agencies of Blue Cross in USA.




» GUARANTEED COVERAGE
» NO ANNUAL LIMITS, NO DENIAL FOR PRE-EXISTING CONDITIONS
» RATES NOT BASED ON HEALTH STATUS
» AFFORDABLE COVERAGE – PUBLIC OR PRIVATE
» REQUIRED FOR INDIVIDUALS

COVERED CALIFORNIA™

Call Now for the
Lowest Health Insurance
Premiums available
Some Households
qualify for
FREE HEALTHCARE

OBAMACARE
IS
COVERED CALIFORNIA
IS THE
AFFORDABLE CARE ACT
IS THE
California Health Benefit Exchange
IS
*Your destination for affordable health care*

408-272-2500

Please Contact Harjot S Khalsa (Certified Covered CA Agent) | License # 0B03546 | 3750 McKee Rd. # A, San Jose, CA 95127
Tel. 408-272-2500 | coveredca@khalsainsurance.com

# ਗੁਰਦੁਆਰਾ ਗੁਰੂ ਨਾਨਕ ਦਾਤਣ ਸਾਹਿਬ

**- ਸੁਖਵਿੰਦਰਜੀਤ ਸਿੰਘ ਮਨੌਲੀ**

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਚਾਰ ਉਦਾਸੀਆਂ ਕੀਤੀਆਂ, ਜਿਨਾਂ 'ਚ ਉਹ ਦੱਖਣੀ ਭਾਰਤ ਦੀ ਉਦਾਸੀ ਸਮੇਂ ਅਸਾਮ ਤੋਂ ਬੰਗਾਲ ਹੁੰਦੇ ਹੋਏ ਉੜੀਸਾ ਦੇ ਸ਼ਹਿਰ ਭੱਦਰਕ, ਜਾਜਪੁਰ ਤੋਂ ਕਟਕ ਹੁੰਦੇ ਹੋਏ ਬਾਅਦ 'ਚ ਪੁਰੀ ਪਹੁੰਚੇ। ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਜਦੋਂ ਖਾਲਸਾ ਪੰਥ ਸਾਜਿਆ ਤਾਂ ਪੰਜ ਪਿਆਰਿਆਂ 'ਚ ਸ਼ਾਮਲ ਇਕ ਪਿਆਰਾ ਭਾਈ ਹਿੰਮਤ ਸਿੰਘ ਦਾ ਸਬੰਧ ਉੜੀਸਾ ਦੇ ਸ਼ਹਿਰ ਪੁਰੀ ਨਾਲ ਸੀ। ਪੁਰੀ 'ਚ ਗੁਰੂ ਦੇ ਪਿਆਰੇ ਹਿੰਮਤ ਸਿੰਘ ਦੇ ਨਾਮ 'ਤੇ ਇਤਿਹਾਸਕ ਯਾਦਗਾਰ ਵਜੋਂ ਇਕ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ। ਉੜੀਸਾ ਦੀ ਰਾਜਧਾਨੀ ਭੁਵਨੇਸ਼ਵਰ ਤੋਂ ਸ਼ਹਿਰ ਕਟਕ 25 ਕਿਲੋਮੀਟਰ ਦੀ ਦੂਰੀ 'ਤੇ ਹੈ ਜਿਸ ਨੂੰ ਸ੍ਰੀ ਗੁਰੂ ਨਾਨਕ ਦੇਵ ਚਰਨਛੋਹ ਪ੍ਰਾਪਤ ਹੈ। ਉੜੀਸਾ ਦੇ ਇਤਿਹਾਸਕ ਸ਼ਹਿਰ ਪੁਰੀ ਜਾਣ ਤੋਂ ਪਹਿਲਾਂ ਕਟਕ 'ਚ ਜਿਥੇ ਸ੍ਰੀ ਗੁਰੂ ਨਾਨਕ ਦੇਵ ਜੀ ਠਹਿਰੇ ਸਨ, ਕੋਲਕਾਤਾ-ਚੇਨਈ ਨੈਸ਼ਨਲ ਹਾਈਵੇਅ 'ਤੇ ਮਹਾਨਦੀ ਦੇ ਕਿਨਾਰੇ 'ਤੇ ਇਤਿਹਾਸਕ ਗੁਰਦੁਆਰਾ ਗੁਰੂ ਨਾਨਕ ਦਾਤਣ ਸਾਹਿਬ ਸਜਿਆ ਹੋਇਆ ਹੈ। ਕਟਕ ਦੇ ਇਸ ਗੁਰਦੁਆਰਾ ਸਾਹਿਬ ਦਾ ਸਿੱਖ ਇਤਿਹਾਸ 'ਚ ਇਕ ਖਾਸ ਸਥਾਨ ਹੈ। ਜਦੋਂ ਆਪਣੀ ਦੱਖਣੀ ਉਦਾਸੀ ਦੇ ਸਮੇਂ ਗੁਰੂ ਨਾਨਕ ਸਾਹਿਬ ਇੱਥੇ ਆ ਕੇ ਠਹਿਰੇ ਤਾਂ ਉੜੀਸਾ ਦਾ ਗਵਰਨਰ ਜੋ ਸ੍ਰੀ ਗੁਰੂ ਨਾਨਕ ਦੇਵ ਦੇ ਨਾਮ ਤੋਂ ਜਾਣੂ ਸੀ, ਇਸ ਸਥਾਨ 'ਤੇ ਉਨਾਂ ਦੇ ਦਰਸ਼ਨਾਂ ਲਈ ਆਇਆ। ਇਸ ਤੋਂ ਬਾਅਦ ਗੁਰੂ ਜੀ ਦੀ ਮਾਨਤਾ 'ਚ ਉੱਥੋਂ ਦੇ ਵੱਡੀ ਗਿਣਤੀ ਲੋਕ ਗੁਰੂ ਸਾਹਿਬ ਦੇ ਦਰਸ਼ਨਾਂ ਲਈ ਆਉਣ ਲੱਗੇ।

ਮਹਾਨਦੀ ਦੇ ਕਿਨਾਰੇ ਜਿਥੇ ਗੁਰੂ ਜੀ ਠਹਿਰੇ ਹੋਏ ਸਨ, ਉੱਥੇ ਨੇੜੇ ਹੀ ਇਕ ਸਾਧੂ ਰਹਿੰਦਾ ਸੀ, ਜਿਸ ਦਾ ਨਾਮ ਚੇਤਨਿਆ ਭਾਰਤੀ ਸੀ। ਚੇਤਨਿਆ ਭਾਰਤੀ ਸਾਧੂ ਭੈਰਵ ਦੇਵਤੇ ਦੀ ਪੂਜਾ ਅਰਚਣਾ ਕਰਿਆ ਕਰਦਾ ਸੀ। ਉਥੋਂ ਦੇ ਲੋਕਾਂ ਅੰਦਰ ਸ੍ਰੀ ਗੁਰੂ ਨਾਨਕ ਦੇਵ ਪ੍ਰਤੀ ਸ਼ਰਧਾ ਭਾਵ ਤੋਂ ਸਾਧੂ ਚੇਤਨਿਆ ਭਾਰਤੀ, ਗੁਰੂ ਜੀ ਨਾਲ ਇਸ ਕਰਕੇ ਈਰਖਾ ਕਰਨ ਲੱਗ ਪਿਆ ਕਿਉਂਕਿ ਉਸ ਦੇ ਬਹੁਤੇ ਸ਼ਰਧਾਲੂ ਗੁਰੂ ਨਾਨਕ ਜੀ ਦੇ ਮੁਰੀਦ ਬਣਨ ਲੱਗ ਪਏ ਸਨ। ਇਸ ਗੱਲੋਂ ਪ੍ਰੇਸ਼ਾਨ ਹੁੰਦਿਆਂ ਸਾਧੂ ਚੇਤਨਿਆ ਨੇ ਕਈ ਉਪਰਾਲੇ ਕੀਤੇ ਕਿ ਗੁਰੂ ਨਾਨਕ ਦੇਵ ਜੀ ਨੂੰ ਇਥੋਂ ਤੋਰਿਆ ਜਾ ਸਕੇ। ਸਭ ਸ਼ਕਤੀਆਂ ਅਤੇ ਕੋਸ਼ਿਸ਼ਾਂ ਠੁੱਸ ਹੁੰਦੀਆਂ ਗਈਆਂ। ਆਖਰ 'ਚ ਜਦੋਂ ਸਾਧੂ ਚੇਤਨਿਆ ਭਾਰਤੀ ਬਹੁਤ ਪ੍ਰੇਸ਼ਾਨ ਹੋ ਗਿਆ ਤਾਂ ਉਸ ਨੇ ਗੁਰੂ ਨਾਨਕ ਦੇਵ ਨੂੰ ਜਾਨ ਤੋਂ ਮਾਰਨ ਲਈ ਨਾਲ ਖੜੇ ਸਾਹਾੜਾ ਦਰੱਖਤ ਦੀ ਇਕ ਸੋਟੀ ਤੋੜ ਲਈ। ਸੋਟੀ ਮਾਰਨ ਲਈ ਜਦੋਂ ਚੇਤਨਿਆ ਗੁਰੂ ਜੀ ਵੱਲ ਵਧਿਆ ਤਾਂ ਉਸ ਦੇ ਹੱਥੋਂ ਸੋਟੀ ਡਿੱਗ ਗਈ। ਉਸ ਨੇ ਸੋਟੀ ਚੁੱਕਣ ਲਈ ਉਪਰਾਲਾ ਕੀਤਾ ਪਰ ਨਜ਼ਰ ਗੁਰੂ ਜੀ ਨਾਲ ਮਿਲਦੇ ਹੀ ਉਹ ਗੁਰੂ ਜੀ ਦੇ ਚਰਨੀਂ ਡਿੱਗ ਪਿਆ। ਆਪਣੀ ਭੁੱਲ ਬਖਸ਼ਾਉਣ ਲਈ ਉਸ ਨੇ ਗੁਰੂ ਜੀ ਅੱਗੇ ਵਾਸਤਾ ਪਾਇਆ। ਸ੍ਰੀ ਗੁਰੂ ਨਾਨਕ ਦੇਵ ਨੇ ਉਸ ਤਾਂਤਰਿਕਪੁਣਾ ਅਤੇ ਰਿੱਧੀਆਂ-ਸਿੱਧੀਆਂ ਦਾ ਤਿਆਗ ਕਰਕੇ ਸੱਚੇ ਮਾਰਗ 'ਤੇ ਚੱਲਣ ਦੀ ਪ੍ਰੇਰਨਾ ਦਿੱਤੀ। ਗੁਰੂ ਜੀ ਵਲੋਂ ਚੇਤਨਿਆ ਨੂੰ ਦਿੱਤੀ ਗਈ ਚੇਤੰਨਤਾ ਸਦਕਾ ਉਹ ਸਿੱਧੇ ਰਾਹ ਪੈ ਗਿਆ। ਉਸ ਨੇ ਵੀ ਗੁਰੂ ਜੀ ਦੇ ਉਪਦੇਸ਼ ਨੂੰ ਮੰਨਦਿਆਂ ਅਗਾਂਹ ਤੋਂ ਸੱਚੇ ਨਾਮ ਜੁੜਨ ਦਾ ਪ੍ਰਣ ਲਿਆ।




ਚੇਤਨਿਆ ਸਾਧੂ ਨੇ ਇਕ ਦਿਨ ਗੁਰੂ ਨਾਨਕ ਦੇਵ ਨੂੰ ਸ਼ਰਧਾ ਵਜੋਂ ਸਾਹਾੜਾ ਦਰੱਖਤ ਦੀ ਇਕ ਦਾਤਣ ਭੇਟ ਕੀਤੀ। ਗੁਰੂ ਨੇ ਦਾਤਣ ਕਰਨ ਤੋਂ ਬਾਅਦ ਇਹ ਉੱਥੇ ਹੀ ਗੱਡ ਦਿੱਤੀ ਜੋ ਕੁਝ ਦਿਨਾਂ 'ਚ ਹੀ ਹਰਾ-ਭਰੀ ਹੋ ਗਈ। ਸਮਾਂ ਪਾਉਣ ਤੋਂ ਬਾਅਦ ਇਹ ਇਕ ਵਿਸ਼ਾਲ ਦਰਖੱਤ ਦਾ ਰੂਪ ਧਾਰਨ ਕਰ ਗਈ। ਇਸ ਦੇ ਨਾਮ 'ਤੇ ਹੀ ਇਸ ਸਥਾਨ 'ਤੇ ਗੁਰਦੁਆਰਾ ਗੁਰੂ ਨਾਨਕ ਦਾਤਣ ਸਾਹਿਬ ਦੀ ਸਥਾਪਨਾ ਹੋਈ। ਜਦੋਂ ਸਾਹਾੜਾ ਦਰੱਖਤ ਬ੍ਰਿਧ ਅਵਸਥਾ 'ਚ ਡਿੱਗ ਗਿਆ ਤਾਂ ਇਸ ਦੀ ਜੜ ਮੁੜ ਹਰੀ ਹੋ ਗਈ। ਸੰਨ-1930 'ਚ ਜਦੋਂ ਬ੍ਰਿਧ ਸਾਹਾੜਾ ਦਰੱਖਤ ਡਿਗਿਆ ਤਾਂ ਰੇਵੈਨਸ਼ਾ ਕਾਲਜ, ਕਟਕ ਦੇ ਪ੍ਰੋ. ਬਾਵਾ ਕਰਤਾਰ ਸਿੰਘ ਅਤੇ ਪ੍ਰੋ. ਪੀ.ਕੇ. ਪਰਿਜਾ ਜੋ ਪ੍ਰਸਿੱਧ ਬੋਟਾਨਿਸਟ ਸਨ, ਨੇ ਆਪਣੇ ਸਾਥੀ ਸਾਇੰਸਦਾਨਾਂ ਨਾਲ ਮਿਲ ਕੇ ਇਸ ਦਰੱਖਤ ਦੇ ਟੁਕੜੇ ਦੀ ਖੋਜ ਕੀਤੀ ਤਾਂ ਇਸ ਸਾਹਾੜਾ ਰੁੱਖ ਦੀ ਉਮਰ ਉਹੀ ਨਿਕਲੀ ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਇਥੇ ਆਏ ਸਨ। ਸਾਹਾੜਾ ਰੁੱਖ ਦਾ ਪ੍ਰਯੋਗਸ਼ਾਲਾ 'ਚ ਟੈਸਟ ਕੀਤਾ। ਇਹ ਟੁਕੜਾ ਅੱਜ ਵੀ ਗੁਰਦੁਆਰਾ ਸਾਹਿਬ 'ਚ ਪਿਆ ਹੈ ਜਿਸ ਦੇ ਸ਼ਰਧਾਪੂਰਬਕ ਸੰਗਤਾਂ ਦਰਸ਼ਨ ਕਰਦੀਆਂ ਹਨ। ਪੁਰਾਣੇ ਬ੍ਰਿਧ ਸਾਹਾੜਾ ਦਰੱਖਤ ਦੀ ਨਵੀਂ ਫੁੱਟੀ ਜੜ ਫੇਰ ਵੱਡੇ ਰੁੱਖ ਦਾ ਰੂਪ ਧਾਰਨ ਕਰ ਚੁੱਕੀ ਹੈ।

ਪ੍ਰੋ. ਬਾਵਾ ਕਰਤਾਰ ਸਿੰਘ ਅਤੇ ਉਨਾਂ ਦੇ ਸਾਥੀਆਂ ਵਲੋਂ ਇੱਥੇ ਗੁਰਦੁਆਰਾ ਗੁਰੂ ਨਾਨਕ ਦਾਤਣ ਸਾਹਿਬ ਦੀ ਇਮਾਰਤ ਦਾ ਨਿਰਮਾਣ ਕਰਵਾਇਆ ਗਿਆ, ਜਿਥੇ 1935 ਨੂੰ ਨਾਨਕ ਨਾਮਲੇਵਾ ਸੰਗਤ ਵੱਲੋਂ ਸ੍ਰੀ ਗੁਰੂ ਗਰੰਥ ਸਾਹਿਬ ਦਾ ਸ਼ਰਧਾ ਨਾਲ ਪ੍ਰਕਾਸ਼ ਕੀਤਾ ਗਿਆ। ਸੰਨ-1935 ਦੀ ਗੁਰਦੁਆਰਾ ਸਾਹਿਬ ਦੀ ਇਮਾਰਤ ਜਦੋਂ ਸੰਗਤ ਲਈ ਛੋਟੀ ਪੈਣ ਲੱਗੀ ਤਾਂ ਗੁਰਦੁਆਰਾ ਸਿੰਘ ਸਭਾ ਕਟਕ ਵੱਲੋਂ 1988 'ਚ ਕਾਰ ਸੇਵਾ ਰਾਹੀਂ ਨਵੀਂ ਬਿਲਡਿੰਗ ਬਣਾਈ ਗਈ ਹੈ। ਗੁਰਦੁਆਰਾ ਸਾਹਿਬ ਦੀ ਪੁਰਾਣੀ ਇਮਾਰਤ 'ਚ 'ਵਿਦਿਆ ਵੀਚਾਰੀ ਪਰਉਪਕਾਰੀ' ਦੇ ਸਿਧਾਂਤ 'ਤੇ ਪਹਿਰਾ ਦੇਂਦਿਆਂ 'ਗੁਰੂ ਨਾਨਕ ਪਬਲਿਕ ਸਕੂਲ' ਖੋਲਿਆ ਗਿਆ ਹੈ, ਜਿਸ 'ਚ ਸਭ ਧਰਮਾਂ ਦੇ ਵਿਦਿਆਰਥੀ ਸਿੱਖਿਆ ਹਾਸਲ ਕਰਕੇ ਤਰੱਕੀ ਦੀਆਂ ਮੰਜ਼ਲਾਂ ਸਰ ਕਰ ਰਹੇ ਹਨ। ਨਵੀਂ ਬਣੀ ਗੁਰਦੁਆਰਾ ਸਾਹਿਬ ਦੀ ਬਿਲਡਿੰਗ ਦੇ ਸਾਹਮਣੇ ਸਾਹਾੜਾ ਦਰੱਖਤ ਦੀ ਇਕ ਕਲਮ ਨਵੀਂ ਲਗਾਈ ਗਈ ਜੋ ਹੁਣ ਵੱਡੇ ਦਰੱਖਤ ਦਾ ਰੂਪ ਧਾਰਨ ਕਰ ਗਈ ਹੈ।

ਪਹਿਲਾਂ ਪਹਿਲ ਕਟਕ ਸ਼ਹਿਰ 'ਚ ਸ੍ਰੀ ਗੁਰੂ ਨਾਨਕ ਦੇਵ ਤੋਂ ਪ੍ਰਭਾਵਿਤ ਸਥਾਨਕ ਵਾਸੀ ਹੀ ਸ਼ਰਧਾ ਨਾਲ ਗੁਰੂਘਰ ਨਾਲ ਜੁੜੇ ਹੋਏ ਸਨ, ਜਿਸ ਕਰਕੇ ਪਹਿਲਾਂ ਇਥੇ ਸਿੱਖ ਸੰਗਤ ਨਾਂਮਾਤਰ ਹੀ ਸੀ ਪਰ 1947 ਤੋਂ ਬਾਅਦ ਭਾਰਤ-ਪਾਕਿ ਦੀ ਵੰਡ ਤੋਂ ਬਾਅਦ ਇਥੇ ਕੁਝ ਸਿੱਖ ਪਰਿਵਾਰ ਬਿਜ਼ਨਸ ਕਰਨ ਆਏ ਤੇ ਕੁਝ ਸਿੱਖ ਬਰਮਾ ਤੋਂ ਵੀ ਇੱਥੇ ਆ ਕੇ ਪੱਕੇ ਤੌਰ 'ਤੇ ਵਸੇ ਹੋਏ ਹਨ। ਇਥੋਂ ਦੀ ਸਿੰਘ ਸਭਾ ਗੁਰੂ ਸਾਹਿਬਾਨ ਦੇ ਇਤਿਹਾਸਕ ਦਿਹਾੜੇ, ਪ੍ਰਭਾਤਫੇਰੀਆਂ ਅਤੇ ਨਾਨਕ ਨਾਮਲੇਵਾ ਸੰਗਤ ਲਈ ਲੰਗਰ ਦਾ ਪ੍ਰਬੰਧ ਆਪਣੀ ਦੇਖ-ਰੇਖ ਅਧੀਨ ਕਰਦੀ ਹੈ। ਹੁਣ ਇਥੇ ਉੜੀਸਾ ਸਿੱਖ ਪ੍ਰਤੀਨਿਧੀ ਬੋਰਡ ਦਾ ਹੈੱਡਆਫਿਸ ਵੀ ਹੈ। ਬੋਰਡ ਵਲੋਂ ਸਾਰੇ ਉੜੀਸਾ ਦੀਆਂ ਸਿੰਘ ਸਭਾਵਾਂ ਨੂੰ 6 ਜ਼ੋਨਾਂ 'ਚ ਇਕੱਠੇ ਕਰਕੇ ਰੱਖਿਆ ਰੱਖਿਆ ਹੋਇਆ ਹੈ, ਜਿਸ 'ਚ ਕਟਕ, ਭੁਵਨੇਸ਼ਵਰ, ਸੰਭਲਪੁਰ, ਰੋੜਕਿਲਾ, ਬੜਬਿਲ ਅਤੇ ਭਵਾਨੀਪਟਨਾ ਸ਼ਾਮਲ ਹਨ।

ਕਟਕ ਸ਼ਹਿਰ ਸਮੁੰਦਰ ਦੇ ਨੇੜੇ ਹੋਣ ਕਾਰਨ ਹਰ ਸਾਲ ਲੋਕਾਂ ਨੂੰ ਤੂਫਾਨ ਤੇ ਹੋਰ ਕੁਦਰਤੀ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਨਾਂ ਪੀੜਤ ਲੋਕਾਂ ਦੀ ਸਹਾਇਤਾ ਲਈ ਸਥਾਨਕ ਸਿੱਖ ਸੰਗਤ ਹਰ ਸਮੇਂ ਤਿਆਰ ਰਹਿੰਦੀ ਹੈ। ਪੀੜਤਾਂ ਲਈ ਗੁਰੂ ਕਾ ਲੰਗਰ, ਖਾਣ-ਪੀਣ ਦੇ ਪੈਕਟ ਤੋਂ ਇਲਾਵਾ ਕੱਪੜੇ ਆਦਿ ਤੁਰੰਤ ਪੁੱਜਦੇ ਕੀਤੇ ਜਾਂਦੇ ਹਨ। ਗੁਰੂਘਰ ਵੱਲੋਂ ਮੁਸੀਬਤ ਸਮੇਂ ਆਮ ਲੋਕਾਂ ਦੀ ਇਸ ਤਰਾਂ ਕੀਤੀ ਸੇਵਾ ਕਰਕੇ ਸਥਾਨਕ ਲੋਕਾਂ ਅੰਦਰ ਗੁਰਦੁਆਰਾ ਸਾਹਿਬ ਅਤੇ ਸਿੱਖਾਂ ਪ੍ਰਤੀ ਇਕ ਖਾਸ ਕਿਸਮ ਦੀ ਸ਼ਰਧਾ ਭਾਵਨਾ ਜੁੜੀ ਹੋਈ ਹੈ।

---

# ਮੁਕਤਸਰ ਦਾ ਯੁੱਧ



**-ਪ੍ਰਮਿੰਦਰ ਸਿੰਘ ਪ੍ਰਵਾਨਾ**

ਕਲਗੀਧਰ ਦਸਮੇਸ਼ ਪਿਤਾ ਜੀ ਦੇ ਸਮੇਂ ਸਿੱਖ ਧਰਮ ਹੀ ਹਰਮਨਪਿਆਰਤਾ ਨਿਰੰਤਰ ਵਧਦੀ ਵੇਖ ਕੇ ਪਹਾੜੀ ਰਾਜੇ ਅਤੇ ਮੁਗਲ ਇਸ ਨੂੰ ਆਪਣੇ ਸਾਮਰਾਜ ਲਈ ਖਤਰਾ ਸਮਝਣ ਲੱਗ ਪਏ। ਗੁਰੂ ਜੀ ਦੀ ਅੰਮ੍ਰਿਤ ਦੀ ਦਾਤ ਨੇ ਸਿੰਘਾਂ ਵਿਚ ਇਹ ਅਹਿਸਾਸ ਭਰ ਦਿੱਤਾ ਕਿ ਉਹ ਬਲਹੀਣ ਨਹੀਂ ਹਨ, ਸਗੋਂ ਉਨਾਂ ਨੂੰ ਆਪਣੇ ਅੰਦਰ ਦੀ ਸ਼ਕਤੀ ਨੂੰ ਪਛਾਨਣ ਦੀ ਜ਼ਰੂਰਤ ਹੇ। ਗੁਰੂ ਜੀ ਤਲਵਾਰ ਨੂੰ ਸੰਘਰਸ਼ ਸ਼ਕਤੀ ਦਾ ਪ੍ਰਤੀਕ ਮੰਨਦੇ ਹਨ। ਉਨਾਂ ਨੇ ਬਹੁਤ ਸਾਰੇ ਯੁੱਧ ਸਹੇੜੇ ਅਤੇ ਜਿੱਤੇ ਵੀ। ਪਰ ਕਿਸੇ ਦੇ ਇਲਾਕੇ 'ਤੇ ਕਬਜ਼ਾ ਨਹੀਂ ਕੀਤਾ। ਕਿਸੇ ਦੇ ਧੰਨ ਮਾਲ ਜਾਂ ਇੱਜ਼ਤ ਲੁੱਟੇ ਜਾਣ, ਭੱਜੇ ਜਾਂਦੇ ਜਾਂ ਸੁੱਤੇ ਪਏ ਵੈਰੀ ਤੇ ਹਮਲਾ ਨਾ ਕੀਤਾ ਜਾਵੇ, ਕਿਸੇ ਬੱਚੇ ਬੁੱਢੇ ਜਾਂ ਔਰਤ ਤੇ ਵਾਰ ਨਾ ਕੀਤਾ ਜਾਵੇ, ਜਿਹੇ ਗੁਰੂ ਜੀ ਦੇ ਅਸੂਲ ਸਨ। ਉਨਾਂ ਪਹਿਲਾਂ ਕਿਸੇ ਤੇ ਹਮਲਾ ਨਹੀਂ ਕੀਤਾ, ਜਿੱਤ ਲਈ ਜੂਝਣਾ ਅਤੇ ਜਿੱਤ ਪ੍ਰਾਪਤ ਕਰਨ ਵਿਚ ਅਟੁੱਟ ਵਿਸ਼ਵਾਸ ਰੱਖਦੇ ਸਨ। ਕੋਈ ਵੀ ਯੁੱਧ ਜ਼ਰ, ਜ਼ੋਰੂ ਅਤੇ ਜ਼ਮੀਨ ਵਾਸਤੇ ਨਹੀਂ ਲੜਿਆ। ਉਹ ਹਮੇਸ਼ਾ ਨਿਮਾਣਿਆਂ, ਨਿਤਾਣਿਆਂ, ਨੀਵਿਆਂ ਅਤੇ ਲਿਤਾੜਿਆਂ ਦੇ ਹੱਕ ਸੱਚ ਤੇ ਬਰਾਬਰੀ ਲਈ ਲੜੇ। ਇਸ ਵਿਚ ਉਨਾਂ ਨੇ ਆਪਣਾ ਸਰਬੰਸ ਦਾਨ ਕੀਤਾ।

**ਇਨ ਪੁਤਰਨ ਕੇ ਸੀਸ ਪੈ ਵਾਰ ਦੀਏ ਸੁਤ ਚਾਰ।**
**ਚਾਰ ਮੂਏ ਤੋਂ ਕਿਆ ਭਇਆ, ਏ ਜੀਵਤ ਕਈ ਹਜ਼ਾਰ॥**

ਲਾਸਾਨੀ ਵਫ਼ਾਦਾਰੀ ਕੁਰਬਾਨੀ ਨੇ ਸਿੱਖਾਂ ਵਿਚ ਏਨੀ ਸ਼ਰਧਾ ਅਤੇ ਜੋਸ਼ ਭਰ ਦਿੱਤਾ ਕਿ ਉਹ ਸ਼ਹੀਦੀਆਂ ਪਾਉਣ ਲਈ ਖੁਸ਼ੀ ਖੁਸ਼ੀ ਅੱਗੇ ਆਉਣ ਲੱਗੇ। ਇਸ ਦੀ ਨਿਵੇਕਲੀ ਮਿਸਾਲ 29 ਦਸੰਬਰ 1705 ਦੇ ਮੁਕਤਸਰ ਦੇ ਯੁੱਘ ਵਿਚ ਮਿਲਦੀ ਹੈ। ਇਹ ਗੁਰੂ ਜੀ ਦੇ ਯੁੱਧ ਕਾਲ ਦਾ ਆਖਰੀ ਅਤੇ ਫੈਸਲਾਕੁੰਨ ਯੁੱਧ ਸੀ ਜਿਸ ਵਿਚ ਔਰੰਗਜੇਬ ਚੰਗੇਜੀ ਰਾਜ ਦਾ ਅੰਤ ਹੋਇਆ। ਲੰਮੀਆਂ ਲੜਾਈਆਂ ਅਤੇ ਅਨੰਦਗੜ ਕਿਲੇ ਦੀ ਲੰਬੀ ਘੇਰਾਬੰਦੀ ਤੋਂ ਮੁਗਲ ਤੇ ਪਹਾੜੀ ਰਾਜੇ ਵੀ ਬੜੇ ਤੰਗ ਆ ਚੁੱਕੇ ਸਨ। ਵੈਰੀਆਂ ਨੇ ਆਪਣੇ ਧਰਮਾਂ ਦੀਆਂ ਝੂਠੀਆਂ ਕਸਮਾਂ ਖਾਧੀਆਂ ਕਿ ਜੇਕਰ ਗੁਰੂ ਜੀ ਅਨੰਦਪੁਰ ਛੱਡ ਜਾਣ ਤਾਂ ਉਨਾਂ ਨੂੰ ਸੁਰੱਖਿਅਤ ਜਾਣ ਦਿੱਤਾ ਜਾਵੇਗਾ। ਗੁਰੂ ਜੀ ਨੇ ਜਦੋਂ ਅਨੰਦਪੁਰ ਛੱਡਿਆ ਤਾਂ ਵੈਰੀਆਂ ਨੇ ਉਨਾਂ ਦੇ ਕਾਫ਼ਲੇ ਦਾ ਪਿੱਛਾ ਕਰਨਾ ਸ਼ੁਰੂ ਕਰ ਦਿੱਤਾ। ਵੈਰੀ ਨੇ ਧੋਖੇ ਨਾਲ ਹਮਲਾ ਕਰ ਦਿੱਤਾ। ਉਨਾਂ ਨੇ ਸਿੱਖਾਂ ਦਾ ਖੁਰਾਖੋਜ ਖਤਮ ਕਰਨ ਅਤੇ ਗੁਰੂ ਜੀ ਨੂੰ ਜਿੰਦਾ ਗ੍ਰਿਫ਼ਤਾਰ ਕਰਨ ਦਾ ਮਨ ਬਣਾਇਆ ਹੋਇਆ ਸੀ। ਸਿਰਸਾ ਦੇ ਕੰਡੇ ਘਮਸਾਨ ਦਾ ਯੁੱਧ ਹੋਇਆ। ਗੁਰੂ ਜੀ ਦਾ ਪਰਿਵਾਰ ਵਿਛੜ ਗਿਆ। ਚਮਕੌਰ ਦੀ ਜੰਗ ਤੋਂ ਬਾਅਦ ਮਾਛੀਵਾੜਾ ਦੇ ਜੰਗਲਾਂ ਅਤੇ ਗਰਮੀ ਦੇ ਦਿਨ ਵਿਚ ਭਖਦੇ ਮਾਰੂਥਲਾਂ ਦੇ ਰਸਤੇ ਖਿਦਰਾਣੇ ਦੀ ਢਾਬ ਤੇ ਪਹੁੰਚੇ।



ਖਿਦਰਾਣੇ ਦੀ ਢਾਬ ਝਾੜੀਆਂ ਨਾਲ ਘਿਰੀ ਹੋਈ ਸੀ। ਗੁਰੂ ਜੀ ਨੇ ਭਾਂਪ ਲਿਆ ਸੀ ਕਿ ਇਸ ਜਗਾ ਤੋਂ ਦੁਸ਼ਮਣ ਨੂੰ ਘੇਰਿਆ ਜਾ ਸਕਦਾ ਹੈ। ਸਭ ਤੋਂ ਵੱਡੀ ਗੱਲ ਇਹ ਹੋ ਨਿਕਲੀ ਕਿ ਉਥੇ ਪਾਣੀ ਦਾ ਭੰਡਾਰ ਸੀ। ਜਦਕਿ ਹੋਰ ਦੂਰ ਦੂਰ ਤੱਕ ਪਾਣੀ ਨਹੀਂ ਸੀ ਮਿਲਦਾ। ਗੁਰੂ ਜੀ ਨੇ ਯੁੱਧ ਦੀ ਵਿਉਂਤਬੰਦੀ ਕਰਕੇ ਤੰਬੂ ਲਗਾ ਕੇ ਢਾਬ ਨੂੰ ਇਕ ਵਿਸ਼ਾਲ ਫੌਜੀ ਛਾਉਣੀ ਵਿਚ ਬਦਲ ਦਿੱਤਾ। ਉੱਚੇ ਟਿੱਬੇ ਤੋਂ ਝਾੜੀਆਂ ਦੀ ਓਟ ਵਿਚ ਦੁਸ਼ਮਣ ਤੇ ਹਮਲਾ ਕਰਨ ਨਾਲ ਦੁਸ਼ਮਣ ਦਾ ਵਧੇਰੇ ਨੁਕਸਾਨ ਕੀਤਾ ਜਾ ਸਕਿਆ। ਗੁਰੂ ਜੀ ਕੋਲ ਸਮਰਪਿਤ ਸਿੰਘਾਂ ਦੀ ਗਿਣਤੀ 250 ਸੀ ਜਿਸ ਵਿਚ 40 ਉਹ ਵੀ ਸ਼ਾਮਲ ਸਨ ਜੋ ਅਨੰਦਗੜ ਦਾ ਕਿਲਾ ਛੱਡਣ ਵੇਲੇ ਵਿਛੜ ਗਏ ਸਨ। ਹੁਣ ਆਪਣੀ ਜਾਨ ਦੀ ਪ੍ਰਵਾਹ ਕੀਤੇ ਬਿਨਾਂ ਕੁਰਬਾਨੀ ਲਈ ਤਿਆਰ ਸਨ। ਗੁਰੂ ਜੀ ਰਾਮੇਆਣਾ ਤੋਂ ਖਿਦਰਾਣੇ ਵੱਲ ਵਧ ਰਹੇ ਸਨ ਤਦ ਤੱਕ ਮਾਈ ਭਾਗੋ ਦੀ ਅਗਵਾਈ ਹੇਠ 40 ਸਿੰਘਾਂ ਦਾ ਜਥਾ ਗੁਰੂ ਜੀ ਦੀ ਮਦਦ ਲਈ ਪੁੱਜ ਚੁੱਕਾ ਸੀ। ਦੁਸ਼ਮਣ ਦੀ ਸ਼ਾਹੀ ਫੌਜ ਨੇੜੇ ਪਹੁੰਚ ਚੁੱਕੀ ਸੀ। ਤਦ ਗੁਰੂ ਜੀ ਨੇ ਖਿਦਰਾਣੇ ਦੀ ਢਾਬ ਤੇ ਮੋਰਚਾ ਸੰਭਾਲ ਲਿਆ। ਮੁਗਲ ਫੌਜਾਂ ਨੇ ਅੰਮ੍ਰਿਤ ਵੇਲੇ ਹਮਲਾ ਕਰ ਦਿੱਤਾ। ਸਿੰਘ ਬੜੀ ਬਹਾਦਰੀ ਨਾਲ ਲੜੇ। ਗੁਰੂ ਜੀ ਆਪ ਢਾਬ ਤੋਂ ਸੂਰਮਿਆਂ ਨੂੰ ਯੁੱਧ ਵਿਚ ਜੂਝਦੇ ਵੇਖਦੇ ਰਹੇ ਅਤੇ ਸਮੇਂ ਸਮੇਂ ਦੁਸ਼ਮਣਾਂ ਤੇ ਸਿੱਧੇ ਤੀਰ ਚਲਾਉਂਦੇ ਰਹੇ। ਸਿੰਘਾਂ ਨੇ ਰਣ ਨੀਤੀ ਬਣਾਈ ਕਿ ਵਾਰੀ ਵਾਰੀ ਸਿੰਘ ਟਾਕਰੇ ਲਈ ਜਾਣ। ਉਨਾਂ ਦੀ ਸੁਰੱਖਿਆ ਲਈ ਪੰਜ ਸਿੰਘ ਸੁਰੱਖਿਆ ਘੇਰਾ ਬਣਾਈ ਰੱਖਣ। ਸਿੰਘਾਂ ਨੇ ਦੁਸ਼ਮਣ ਨੂੰ ਇਸ ਘੇਰੇ ਵਿਚ ਉਲਝਾਈ ਰੱਖਿਆ।

ਮੁਲ ਫੌਜ ਹੁਣ ਪਾਣੀ ਦੀ ਪਿਆਸ ਵਿਚ ਭਟਕਣ ਲੱਗੀ, ਕਿਉਂਕਿ ਪਾਣੀ ਤੇ ਸਿੰਘਾਂ ਦਾ ਪਹਿਲੇ ਹੀ ਕਬਜ਼ਾ ਸੀ। ਦੁਸ਼ਮਣ ਨੂੰ ਨੇੜੇ ਤੇੜੇ ਪਾਣੀ ਲੱਭਣਾ ਮੁਸ਼ਕਲ ਹੋ ਗਿਆ। ਲੜਾਈ ਗਹਿਗੱਚ ਹੋ ਚੁੱਕੀ ਸੀ। ਵੈਰੀ ਦੇ ਕਮਾਂਡਰ ਅਜਿਹੇ ਉਲਝੇ ਕਿ ਇਕ ਤਾਂ ਪਾਣੀ ਨਾ ਮਿਲਿਆ, ਉਪਰੋਂ ਗੁਰੂ ਜੀ ਸਾਹਮਣੇ ਤੋਂ ਢਾਬ ਦੀ ਉਚਾਈ ਤੋਂ ਤੀਰ ਛੱਡ ਰਹੇ ਸਨ। ਇਸ ਆਹਮੋ ਸਾਹਮਣੇ ਦੀ ਅੱਕਰ ਵਿਚ ਵੈਰੀ ਦੀ ਫੌਜ ਟਿਕ ਨਾ ਸਕੀ। ਦੁਸ਼ਮਣ ਦੀ ਫੌਜ ਭੁਲੇਖੇ ਵਿਚ ਰਹੀ ਕਿ ਇੱਥੇ ਭਾਰੀ ਗਿਣਤੀ ਵਿਚ ਫੌਜ ਹੋਵੇਗੀ ਜੋ ਕਿ ਇਕ ਫੌਜੀ ਛਾਉਣੀ ਬਣਾਈ ਬੈਠੇ ਹਨ। ਪਰ ਸਿਰਫ਼ 250 ਸਿੰਘਾਂ ਦੀ ਫੌਜ ਨੇ ਲਗਭਗ 20,000 ਦੀ ਫੌਜ ਦਾ ਟਾਕਰਾ ਬੜੀ ਦਲੇਰੀ ਨਾਲ ਕੀਤਾ। ਇਸ ਤਰਾਂ ਸਿੰਘਾਂ ਨੇ ਅਦੁੱਤੀ ਬਹਾਦਰੀ ਦਾ ਸਬੂਤ ਦਿੰਦੇ ਹੋਏ ਦੁਸ਼ਮਣਾਂ ਦੇ ਆਹੂ ਲਾਹ ਦਿੱਤੇ। ਆਪਣੀ ਜਾਨ ਦੀ ਪ੍ਰਵਾਹ ਨਾ ਕਰਦੇ ਹੋਏ ਸ਼ਹੀਦੀਆਂ ਪ੍ਰਾਪਤ ਕਰ ਗਏ। ਵੈਰੀ ਦੀ ਫੌਜ ਦਾ 4000 ਦਾ ਜਾਨੀ ਨੁਕਸਾਨ ਹੋਇਆ। ਗੁਰੂ ਜੀ ਦੀ ਫੌਜ ਵਿਚ ਜਿਨਾਂ ਨੇ ਸ਼ਹੀਦੀਆਂ ਦਿੱਤੀਆਂ ਉਹ ਲਾਗਲੇ ਪਿੰਡਾਂ ਦੇ ਕਿਸਾਨ, ਮਜ਼ਦੂਰ ਅਤੇ ਕਾਰੀਗਰ ਸਨ ਜੋ ਗੁਰੂ ਜੀ ਦੀ ਮਦਦ ਲਈ ਅੱਗੇ ਆਏ ਸਨ।

ਦੁਸ਼ਮਣ ਦੀ ਫੌਜ ਨੂੰ ਅਹਿਸਾਸ ਹੋ ਗਿਆ ਕਿ ਗੁਰੂ ਜੀ ਦੀ ਅਗਵਾਈ ਹੇਠ ਜੋ ਜਾਂਬਾਜ ਫੌਜ ਹੈ ਉਸ ਦਾ ਟਾਕਰਾ ਕਰਨਾ ਸੰਭਵ ਨਹੀਂ ਹੈ, ਉਨਾਂ ਨੇ ਸਬਕ ਸਿੱਖ ਲਿਆ ਕਿ ਸਿੰਘਾਂ ਨੂੰ ਖਤਮ ਨਹੀਂ ਕੀਤਾ ਜਾ ਸਕਦਾ। ਇਸ ਤਰਾਂ ਖ਼ਾਲਸੇ ਦੀ ਜਿੱਤ ਹੋਈ। ਗੁਰੂ ਜੀ ਰਣਭੂਮੀ ਵਿਚ ਉਤਰ ਆਏ, ਉਨਾਂ ਨੂੰ ਪਤਾ ਲੱਗਾ ਕਿ ਜਿਹੜੇ ਸਿੰਘ ਅਨੰਦਪੁਰ ਤੋਂ ਵਿਛੜ ਗਏ ਸਨ ਉਹ ਜਾਂ ਤਾਂ ਜਖ਼ਮੀ ਹਨ ਜਾਂ ਸ਼ਹੀਦੀਆਂ ਪਾ ਚੁੱਕੇ ਹਨ। ਗੁਰੂ ਜੀ ਨੇ ਸੂਰਮਿਆਂ ਦੇ ਮੁਖੜੇ ਪਿਆਰ ਨਾਲ ਪੂੰਝੇ। ਸ਼ਹੀਦੀਆਂ ਦੇ ਮੁੱਲ ਪਾਉਂਦੇ ਗਏ, ਵਰ ਦੇਂਦੇ ਗਏ। ਉਸ ਸਮੇਂ ਰਾਏ ਸਿੰਘ ਦੇ ਪੁੱਤਰ ਭਾਈ ਮਹਾਂ ਸਿੰਘ ਨੂੰ ਜਾ ਡਿੱਠਾ, ਭਾਈ ਮਹਾਂ ਸਿੰਘ ਦਾ ਮੁਖੜਾ ਸਾਫ਼ ਕਰਕੇ ਉਸ ਦਾ ਸੀਸ ਗੋਦ ਵਿਚ ਰੱਖ ਕੇ ਮੂੰਹ ਵਿਚ ਪਾਣੀ ਪਾਇਆ, ਫਿਰ ਸੀਨੇ ਨਾਲ ਲਾਇਆ। ਗੁਰੂ ਜੀ ਆਖਣ ਲੱਗੇ ਭਾਈ ਮਹਾਂ ਸਿੰਘ ਤੂੰ ਸਿੱਖੀ ਦੀ ਲਾਜ ਰੱਖ ਲਈ ਹੈ। ਜੰਗ ਵਿਚ ਜੂਝ ਕੇ ਤੂੰ ਵੈਰੀਆਂ ਦੇ ਦੰਦ ਖੱਟੇ ਕੀਤੇ ਹਨ। ਤੂੰ ਵਰ ਮੰਗ ਲੈ ਜੋ ਮੰਗਣਾ ਹੈ। ਭਾਈ ਮਹਾਂ ਸਿੰਘ ਨੇ ਕਿਹਾ ਦਸਮੇਸ਼ ਪਿਤਾ ਤੁਹਾਡੇ ਦਰਸ਼ਨ ਹੋ ਗਏ, ਹੋਰ ਕੀ ਮੰਗਾਂ, ਮੈਨੂੰ ਇਸ ਵਿਚ ਸਭ ਕੁਝ ਮਿਲ ਗਿਆ ਹੈ। ਗੁਰੂ ਜੀ ਨੇ ਫਿਰ ਕਿਹਾ ਮਹਾਂ ਸਿੰਘ ਕੁਝ ਹੋਰ ਮੰਗ ਲੈ। ਭਰੀਆਂ ਅੱਖਾਂ ਅਤੇ ਭਰਵੇਂ ਗਲੇ ਵਿਚ ਕਿਹਾ ਕਿ ਦਸਮੇਸ਼ ਪਿਤਾ ਜੀ ਜੇ ਤੁਠੇ ਹੋ ਤਾਂ ਮੈਨੂੰ ਅਤੇ ਮੇਰੇ ਨਾਲ ਦੇ ਜਥੇ ਦੇ ਸਾਥੀਆਂ ਨੂੰ ਮੁਆਫ਼ ਕਰ ਦਿਓ ਜੋ ਅਸੀਂ ਅਨੰਦਪੁਰ ਵਿਚ ਆਪ ਜੀ ਦੀ ਸੇਵਾ ਵਿਚ ਨਹੀਂ ਰਹਿ ਸਕੇ ਅਤੇ ਵਿਛੜੇ ਗਏ ਸਨ, ਭਟਕ ਗਏ ਸਨ। ਸਾਡੀ ਟੁੱਟੀ ਗੰਢ ਲਓ, ਬਖਸ਼ ਲਓ। ਗੁਰੂ ਜੀ ਨੇ ਕਿਹਾ ਕਿ ਭਾਈ ਮਹਾਂ ਸਿੰਘ ਤੂੰ ਪੰਥ ਦੀ ਸ਼ਾਨ ਹੈ ਜੋ ਭੁਲ ਬਖਸ਼ਾ ਲਈ ਹੈ। ਭਾਈ ਮਹਾਂ ਸਿੰਘ ਦੀ ਆਤਮਾ ਸ਼ਾਂਤ ਹੋ ਗਈ ਅਤੇ ਹਿਰਸ ਦੇ ਅੱਥਰੂ ਨਿਕਲ ਆਏ ਅਤੇ ਦਸਮੇਸ਼ ਪਿਤਾ ਦੀ ਗੋਦ ਵਿਚ ਸ਼ਹੀਦੀ ਪਾ ਲਈ। ਫਿਰ ਗੁਰੂ ਜੀ ਮਾਈ ਭਾਗੋ ਜੀ ਕੋਲ ਆਣ ਪਹੁੰਚੇ ਜਿਨਾਂ ਨੇ ਭਾਈ ਮਹਾਂ ਸਿੰਘ ਨਾਲ ਜਥੇ ਦੀ ਅਗਵਾਈ ਕੀਤੀ ਸੀ। ਉਨਾਂ ਨੇ ਮਾਈਆਂ ਦਾ ਧਰਮ ਯੁੱਧ ਵਿਚ ਜੂਝਣ ਦੀ ਮਿਸਾਲ ਕਾਇਮ ਕੀਤੀ ਹੇ। ਉਨਾਂ ਨੂੰ ਗੁਰੂ ਜੀ ਨੇ ਭਾਈ ਮਹਾਂ ਸਿੰਘ ਦਾ ਅੰਤਿਮ ਸਮਾਂ ਦੱਸਿਆ ਕਿ ਉਨਾਂ ਨੇ ਟੁੱਟੀ ਗੰਢ ਲਈ ਹੈ। ਗੁਰੂ ਜੀ ਨੇ ਮਾਈ ਭਾਗੋ ਜੀ ਨੂੰ ਧਰਮ ਦੀ ਸੇਵਾ ਵਿਚ ਲੱਗੇ ਰਹਿਣ ਦਾ ਉਪਦੇਸ਼ ਦਿੱਤਾ ਅਤੇ ਬਲ ਬਖਸ਼ਿਆ। ਗੁਰੂ ਜੀ ਨੇ ਆਪਣੇ ਹੱਥੀਂ ਸ਼ਹੀਦਾਂ ਦਾ ਸੰਸਕਾਰ ਕੀਤਾ ਜਿੱਥੇ ਗੁਰਦੁਆਰਾ 'ਸ਼ਹੀਦ ਗੰਜ' ਹੈ। ਇੱਥੇ ਆਪ ਨੇ ਬਚਨ ਕੀਤਾ ਕਿ ਇਹ ਚਾਲੀ ਸਿੰਘ ਹੁਣ ਚਾਲੀ ਮੁਕਤੇ ਹਨ। ਯੁੱਧ ਅਸਥਾਨ ਨੂੰ ਮੁਕਤਸਰ ਦਾ ਖਿਤਾਬ ਦਿੱਤਾ। ਇੱਥੇ ਇਤਿਹਾਸਕ ਗੁਰਦੁਆਰਾ 'ਟੁੱਟੀ ਗੰਢੀ' ਹੈ। ਮੁਕਤਸਰ ਦੇ ਸ਼ਹੀਦਾਂ ਦਾ ਨਾਂ ਇਤਿਹਾਸ ਵਿਚ ਸਤਿਕਾਰ ਨਾਲ ਲਿਆ ਜਾਂਦਾ ਹੈ। ਸ਼ਹੀਦਾਂ ਤੋਂ ਪ੍ਰੇਰਨਾ ਮਿਲਦੀ ਹੈ ਕਿ ਜੁਲਮ ਦੇ ਖਿਲਾਫ਼ ਸੰਘਰਸ਼ਮਈ ਰਹਿਣਾ। ਇਸ ਯੁੱਧ ਦਾ ਸੁਨੇਹਾ ਹੈ ਕਿ ਇਹ ਸਾਡਾ ਗੌਰਵਮਈ ਬਹਾਦਰੀ ਦਾ ਵਿਰਸਾ ਹੈ ਜਿਸ ਤੋਂ ਕੌਮ ਨੂੰ ਹਮੇਸ਼ਾ ਅਗਵਾਈ ਮਿਲਦੀ ਰਹੇਗੀ।

# ਸ਼੍ਰੋਮਣੀ ਭਗਤ ਬਾਬਾ ਨਾਮਦੇਵ

- ਹੀਰਾ ਸਿੰਘ

## 15 ਜਨਵਰੀ ਨੂੰ ਬਰਸੀ 'ਤੇ ਵਿਸ਼ੇਸ਼

ਸ਼੍ਰੋਮਣੀ ਭਗਤ ਬਾਬਾ ਨਾਮਦੇਵ ਦਾ ਨਾਂ ਭਗਤੀ ਲਹਿਰ ਦੇ ਸੰਤਾਂ ਵਿੱਚ ਵਿਸ਼ੇਸ਼ ਸਥਾਨ ਰੱਖਦਾ ਹੈ। ਬ੍ਰਹਮਗਿਆਨੀ, ਮਹਾਨ ਸਾਹਿਤਕਾਰ, ਸ੍ਰੇਸ਼ਟ ਸੰਗੀਤਕਾਰ ਤੇ ਕ੍ਰਾਂਤੀਕਾਰੀ ਫਿਲਾਸਫ਼ਰ ਅਤੇ ਸਮਾਜ ਸੁਧਾਰਕ ਸ਼੍ਰੋਮਣੀ ਭਗਤ ਬਾਬਾ ਨਾਮਦੇਵ ਦਾ ਜਨਮ 26 ਅਕਤੂਬਰ, 1270 ਈਸਵੀ (ਕੱਤਕਸੁਦੀ ਇਕਾਦਸ਼ੀ ਬਿਕਰਮੀ ਸੰਮਤ 1327 ) ਨੂੰ ਪਿਤਾ ਦਾਮਸ਼ੇਟ ਦੇ ਘਰ, ਮਾਤਾ ਗੋਨਾ ਬਾਈ ਦੀ ਕੁੱਖੋਂ ਮਹਾਰਾਸ਼ਟਰ ਦੇ ਪਿੰਡ ਨਰਸੀ ਬ੍ਰਾਹਮਣੀ ਜ਼ਿਲਾ ਹਿੰਗੋਲੀ ਵਿਖੇ ਛੀਂਬਾ ਪਰਿਵਾਰ ਵਿੱਚ ਹੋਇਆ ਸੀ। ਪਿੰਡ ਦੇ ਵਿਚਕਾਰ ਇਕ ਪੁਰਾਣੇ ਖੂਹ ਦੇ ਲਾਗੇ ਉਨਾਂ ਦਾ ਇਕ ਕੱਚਾ- ਪੱਕਾ ਜਿਹਾ ਘਰ ਹੈ, ਜਿੱਥੇ ਹਰ ਰੋਜ਼ ਹਜ਼ਾਰਾਂ ਸੰਗਤਾਂ ਨਤਮਸਤਕ ਹੋਣ ਲਈ ਆਉਂਦੀਆਂ ਹਨ। ਬਚਪਨ ਤੋਂ ਹੀ ਨਾਮਦੇਵ ਸਾਧੂ-ਸੁਭਾਅ ਤੇ ਸੰਤ ਸੇਵਾ ਦੇ ਧਾਰਨੀ ਸਨ। ਇਹ ਲਗਨ ਵਧਦੀ-ਵਧਦੀ ਵੇਰਾਗ ਤੇ ਉਪਰਾਮਤਾ ਤਕ ਪਹੁੰਚ ਗਈ। ਮਾਤਾ-ਪਿਤਾ ਕਈ ਵਾਰ ਗੁੱਸੇ ਹੋਏ ਪਰ ਆਪ ਦਾ ਮਨ ਪ੍ਰਭੂ ਭਗਤੀ ਤੋਂ ਹਟ ਕੇ ਮਾਇਕ ਬੰਧਨਾਂ ਵੱਲ ਨਾ ਲੱਗਾ। ਬਾਬਾ ਨਾਮਦੇਵ ਦਾ ਵਿਆਹ ਗੋਬਿੰਦਸ਼ੇਟ ਦੀ ਸਪੁੱਤਰੀ ਮਾਤਾ ਰਾਜਾਬਾਈ ਦੇ ਨਾਲ ਹੋਇਆ। ਆਪ ਜੀ ਦੇ ਗ੍ਰਹਿ ਵਿਖੇ ਚਾਰ ਪੁੱਤਰ ਅਤੇ ਇੱਕ ਪੁੱਤਰੀ ਨੇ ਜਨਮ ਲਿਆ।

ਭਗਤ ਨਾਮਦੇਵ ਦੇ ਪਿਤਾ ਪ੍ਰੰਪਰਾਗਤ ਰੀਤ ਦੇ ਮੁਤਾਬਕ ਹਰ ਰੋਜ਼ ਨਰਸੀ ਨਾਮਦੇਵ ਵਿਖੇ ਕੇਸ਼ੋ ਭਗਵਾਨ ਦੇ ਮੰਦਰ ਵਿੱਚ ਸ਼ਰਧਾ ਤੇ ਪ੍ਰੇਮ ਸਹਿਤ ਮੂਰਤੀ ਨੂੰ ਦੁੱਧ ਦਾ ਭੋਗ ਲਗਵਾਇਆ ਕਰਦੇ ਸਨ। ਇੱਕ ਦਿਨ ਉਨਾਂ ਦੇ ਪਿਤਾ ਨੂੰ ਪਿੰਡੋਂ ਬਾਹਰ ਕਿਸੇ ਕੰਮ ਜਾਣਾ ਪਿਆ ਤੇ ਜਾਂਦੇ ਹੋਏ ਉਹ ਨਾਮਦੇਵ ਨੂੰ ਕਹਿ ਗਏ ਸਨ ਕਿ ਜੇ ਮੈਂ ਅੱਜ ਵਾਪਸ ਨਾ ਆਇਆ ਤਾਂ ਕਪਲ ਗਊ ਦਾ ਦੁੱਧ ਲੈ ਕੇ ਮੰਦਰ ਵਿੱਚ ਠਾਕੁਰਾਂ ਨੂੰ ਭੋਗ ਲਵਾ ਆਵੀਂ। ਹੁਕਮ ਦੀ ਪਾਲਣਾ ਹਿੱਤ ਨਾਮਦੇਵ ਸਮੇਂ ਸਿਰ ਕਟੋਰੀ ਵਿਚ ਦੁੱਧ ਤੇ ਗੜਵੇ ਵਿੱਚ ਪਾਣੀ ਲੈ ਕੇ ਮੰਦਰ ਚਲੇ ਗਏ। ਮੰਦਰ ਵਿੱਚ ਠਾਕੁਰਾਂ ਨੂੰ ਇਸ਼ਨਾਨ ਕਰਵਾਉਣ ਉਪਰੰਤ ਧੂਫ- ਬੱਤੀ ਕੀਤੀ ਅਤੇ ਦੁੱਧ ਠਾਕੁਰਾਂ ਅੱਗੇ ਰੱਖ ਕੇ ਪ੍ਰਾਰਥਨਾ ਕਰਕੇ ਆਖਿਆ ਕਿ ਭਗਵਾਨ ਜੀ ਦੁੱਧ ਨੂੰ ਭੋਗ ਲਾਵੋ ਪਰ ਦੁੱਧ ਕੌਣ ਪੀਵੇ ? ਨਾਮਦੇਵ ਬਹੁਤ ਚਿਰ ਬੈਠੇ ਰਹੇ ਤੇ ਅਰਜ਼ੋਈਆਂ ਕਰਦੇ ਰਹੇ ਤੇ ਆਪਣੇ ਮਿਸ਼ਨ ਵਿਚ ਸਫਲ ਹੋਏ।

ਇਕ ਵਾਰ ਨਾਮਦੇਵ ਮੰਦਰ ਵਿੱਚ ਪ੍ਰਭੂ ਨਾਲ ਇੱਕਮਿੱਕ ਹੋ ਕੇ ਕੀਰਤਨ-ਭਗਤੀ ਦਾ ਆਨੰਦ ਮਾਣ ਰਹੇ ਸਨ, ਨੀਵੀਂ ਜਾਤੀ ਨਾਲ ਸਬੰਧਤ ਹੋਣ ਕਰਕੇ ਨਾਮਦੇਵ ਨੂੰ ਮੰਦਰ ਤੋਂ ਬਾਹਰ ਕੱਢ ਦਿੱਤਾ ਗਿਆ ਸੀ। ਰੋਸ ਵਜੋਂ ਨਾਮਦੇਵ ਮੰਦਰ ਦੇ ਪਿਛਵਾੜੇ ਕੀਰਤਨ ਕਰਨ ਲੱਗੇ ਤੇ ਉਲਾਮਾ ਵੀ ਦਿੱਤਾ. ਕਹਿਣ ਲੱਗੇ ਜੇ ... ਮੇਰੇ ਕੋਲੋਂ ਭਗਤੀ ... ਹੀ ਕਰਵਾਉਣੀ ਸੀ ਤਾਂ ਛੋਟੀ ਜਾਤੀ ਵਿੱਚ ਕਿਉਂ ਪੈਦਾ ਕੀਤਾ। ਇਸ ਤਰਾਂ ਜਦ ਨਾਮਦੇਵ ਮੰਦਰ ਵਿੱਚੋਂ ਕੱਢੇ ਜਾਣ ਮਗਰੋਂ ਪਿਛਵਾੜੇ ਜਾ ਕੇ ਕੀਰਤਨ ਕਰਨ ਲੱਗੇ ਤਾਂ ਪ੍ਰਭੂ ਨੂੰ ਆਪਣੇ ਭਗਤ ਦੀ ਨਰਾਦਰੀ ਚੰਗੀ ਨਾ ਲੱਗੀ ਤੇ ਉਸ ਨੇ ਜਾਤਿ ਅਭਿਮਾਨੀਆਂ ਦਾ ਹੰਕਾਰ ਤੋੜਨ ਲਈ ਮੰਦਰ ਦਾ ਮੂੰਹ ਘੁੰਮਾ ਕੇ ਨਾਮਦੇਵ ਵੱਲ ਕਰ ਦਿੱਤਾ।

ਭਗਤ ਜੀ ਲੋਕਾਂ ਨੂੰ ਸੱਤ ਉਪਦੇਸ਼ਾਂ ਰਾਹੀਂ ਤਾਰਨ ਲਈ ਕਾਫ਼ੀ ਸਮਾਂ ਭਾਰਤ ਦੇ ਵੱਖ-ਵੱਖ ਇਲਾਕਿਆਂ ਦਾ ਭ੍ਰਮਣ ਕਰਦੇ ਰਹੇ। ਇਸ ਦੌਰਾਨ ਇਕ ਵਾਰੀ ਕਿਸੇ ਨਦੀ ਕਿਨਾਰੇ ਸ਼ਾਂਤ ਵਾਤਾਵਰਣ ਵਿੱਚ ਪ੍ਰਭੂ ਭਗਤੀ ਵਿੱਚ ਲੀਨ ਸਨ ਕਿ ਇਕ ਸਜੀ ਤੇ ਗਹਿਣਿਆਂ ਨਾਲ ਲੱਦੀ ਮੁਟਿਆਰ ਕੁੜੀ ਨੇ ਆ ਕੇ ਮੱਥਾ ਟੇਕਿਆ। ਭਗਤ ਜੀ ਨੇ ਸਹਿਜ ਸੁਭਾਅ ਹੀ ਇਸ ਕੁੜੀ ਨੂੰ ਦੇਖ ਕੇ ਕਹਿ ਦਿੱਤਾ ਆ ਭਾਈ ਸੁਹਾਗਵੰਤੀ ਕਿਵੇਂ ਆਈ ? ਭਗਤ ਜੀ ਵੱਲੋਂ ਏਨਾ ਕਹਿਣ ਦੀ ਦੇਰ ਸੀ ਕਿ ਲੜਕੀ ਤ੍ਰਿਪ-ਤ੍ਰਿਪ ਹੰਝੂ ਸੁੱਟਦੀ ਜ਼ਾਰੋਂ ਜ਼ਾਰ ਰੋਣ ਲੱਗੀ। ਲੜਕੀ ਸਿਸਕੀਆਂ ਲੈਂਦੀ ਭਗਤ ਜੀ ਦੇ ਚਰਨੀਂ ਲੱਗ ਬੇਨਤੀਆਂ ਕਰਨ ਲੱਗੀ ਕਿ ਮੇਰੇ ਪਤੀ ਨੂੰ ਜੀਵਤ ਕਰੋ। ਭਗਤ ਜੀ ਨੇ ਬਥੇਰਾ ਸਮਝਾਣ ਦੀ ਕੋਸ਼ਿਸ਼ ਕੀਤੀ ਕਿ ਭਾਈ ਅਜਿਹਾ ਨਹੀਂ ਹੋ ਸਕਦਾ। ਪ੍ਰਭੂ ਦਾ ਭਾਣਾ ਮਿੱਠਾ ਕਰਕੇ ਮੰਨਿਆ ਜਾਵੇ। ਉਸ ਵਿਧਵਾ ਲੜਕੀ ਨੇ ਰੋਂਦਿਆਂ-ਕੁਰਲਾਉਂਦਿਆਂ ਭਗਤ ਜੀ ਦੇ ਤਰਲੇ ਕਰਨੇ ਸ਼ੁਰੂ ਕਰ ਦਿੱਤੇ ਪਰ ਭਗਤ ਜੀ ਨੇ ਫਿਰ ਕਿਹਾ ਕਿ ਬੀਬਾ ਜ਼ਿੰਦਗੀ-ਮੌਤ ਤਾਂ ਪ੍ਰਭੂ ਦੇ ਹੱਥ ਹੈ। ਸੋ ਵਿਧਵਾ ਲੜਕੀ ਨੇ ਜ਼ਿੱਦ ਜਾਰੀ ਰੱਖੀ ਤੇ ਭਗਤ ਜੀ ਦਾ ਖਹਿੜਾ ਨਾ ਛੱਡਿਆ। ਇੰਨੇ ਨੂੰ ਭਗਤ ਜੀ ਨੂੰ ਪ੍ਰਭੂ ਪਾਸੋਂ ਅਕਾਸ਼ਵਾਣੀ ਹੋਈ ਕਿ ਨਾਮਿਆ ਸੁਹਾਗਵੰਤੀ ਦਾ ਸ਼ਬਦ ਮੈਂ ਹੀ ਤੇਰੇ ਮੂੰਹੋਂ ਕਢਵਾਇਆ ਹੈ ਤੇ ਜਲ਼ ਦੇ ਗੜਵੇ 'ਚੋਂ ਇਸ ਲੜਕੀ ਨੂੰ ਅੰਮ੍ਰਿਤ ਜਲ਼ ਦੇਹ ਤੇ ਆਖ ਕਿ ਰਾਮ ਦਾ ਨਾਂ ਲੈ ਕੇ ਆਪਣੇ ਮ੍ਰਿਤਕ ਪਤੀ ਦੇ ਸਰੀਰ ਤੇ ਅੰਮ੍ਰਿਤ ਜਲ਼ ਦਾ ਛਿੱਟਾ ਦੇਵੇ। ਭਗਤ ਨਾਮਦੇਵ ਨੇ ਅਜਿਹਾ ਹੀ ਕੀਤਾ। ਉਸ ਵਿਧਵਾ ਲੜਕੀ ਨੇ ਅੰਮ੍ਰਿਤ ਜਲ਼ ਛਿੜਕ ਦਿੱਤਾ। ਉਸ ਦਾ ਪਤੀ ਰਾਮ ਰਾਮ ਕਹਿੰਦਾ ਉੱਠ ਖੜਾ ਹੋਇਆ।

ਭਗਤ ਨਾਮਦੇਵ ਨੇ ਮਰਾਠੀ ਤੇ ਪੰਜਾਬੀ ਮਿਸ਼ਰਤ ਬੋਲੀ ਵਿਚ ਪਿਛੋਕੜ ਨਾਲ ਸਬੰਧਤ ਸ਼ਬਦਾਂ ਦੀ ਰਚਨਾ ਕੀਤੀ, ਜਿਨਾਂ ਵਿੱਚੋਂ 18 ਰਾਗਾਂ 'ਚ 61 ਸ਼ਬਦਾਂ ਨੂੰ ਪੰਜਵੇਂ ਗੁਰੂ ਅਰਜਨ ਦੇਵ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਦੇ ਕੇ ਹੋਰ ਭਗਤਾਂ ਦੀ ਬਾਣੀ ਦੇ ਨਾਲ ਬਿਨਾਂ ਕਿਸੇ ਭੇਦਭਾਵ ਦੇ ਸ਼ਾਮਲ ਕਰ ਲਿਆ। ਨਾਮਦੇਵ ਦੀ ਬਾਣੀ ਸੰਸਾਰ ਦੇ ਭੁੱਲੇ-ਭਟਕੇ ਲੋਕਾਂ ਨੂੰ ਮਾਰਗ ਦਰਸ਼ਨ ਦੇ ਕੇ ਅਕਾਲ ਪੁਰਖ ਨਾਲ ਜੋੜਦੀ ਹੈ। ਜੀਵਨ ਜਿਉਣ ਦੀ ਸਹੀ ਸੇਧ ਦਿੰਦੀ ਹੈ, ਜਨ ਸਮੂਹ ਨੂੰ ਭੈੜੇ ਰਸਮਾਂ ਰਿਵਾਜਾਂ ਨੂੰ ਤਿਆਗ ਕੇ ਗੁਰਮਤਿ ਅਨੁਸਾਰ ਅਕਾਲ ਪੁਰਖ ਦੀ ਰਜ਼ਾ ਵਿਚ ਰਹਿ ਕੇ ਜੀਵਨ ਬਤੀਤ ਕਰਨ ਦੀ ਜਾਚ ਸਿਖਾਉਂਦੀ ਹੈ।

ਨਾਮਦੇਵ ਦੇ ਕਥਨ ਅਨੁਸਾਰ ਸਾਰੇ ਮਨੁੱਖਾਂ ਵਿਚ ਇਕੋ ਗੋਬਿੰਦ ਦਾ ਪਸਾਰਾ ਹੈ। ਉਨਾਂ ਨੇ ਆਪਣੇ ਸ਼ਬਦ ਵਿੱਚ ਅੰਕਿਤ ਕੀਤਾ ਹੈ:

ਸਭ ਗੋਬਿੰਦ ਹੈ ਸਭ ਗੋਬਿੰਦ ਹੈ ਗੋਬਿੰਦ ਬਿਨੁ ਨਹੀਂ ਕੋਈ।

ਭਗਤ ਤਰਲੋਚਨ ਦੇ ਪੁੱਛਣ 'ਤੇ ਕਿ ਆਪ ਤਾਂ ਦੁਨਿਆਵੀ ਕੰਮਾਂ ਵਿੱਚ ਲੱਗੇ ਰਹਿੰਦੇ ਹੋ, ਪ੍ਰਭੂ ਦਾ ਸਿਮਰਨ ਕਿਸ ਵੇਲੇ ਕਰਦੇ ਹੋ ? ਤਾਂ ਆਪ ਨੇ ਦੱਸਿਆ ਕਿ ਕੰਮ ਤਾਂ ਮੈਂ ਹੱਥਾਂ-ਪੈਰਾਂ ਦੇ ਨਾਲ ਹੀ ਕਰਦਾ ਹਾਂ ਪਰ ਮੇਰਾ ਚਿੱਤ ਉਸ ਅਕਾਲ ਪੁਰਖ ਦੇ ਨਾਲ ਹਰ ਸਮੇਂ ਹੀ ਜੁੜਿਆ ਰਹਿੰਦਾ ਹੈ:

ਨਾਮਾ ਕਹੇ ਤ੍ਰਿਲੋਚਨਾ ਮੁੱਖ ਤੇ ਰਾਮ ਸੰਮਾਲਿ।।
ਹਾਥਿ ਪਾਉ ਕਰ ਕਾਰ ਸਿਉ ਚੀਤਿ ਨਿਰੰਜਨ ਨਾਲ।।

ਆਪ ਇਸ ਨਾਸ਼ਵਾਨ ਸਰੀਰ ਬਾਰੇ ਲਿਖਦੇ ਹਨ ਕਿ ਇਸ ਸਰੀਰ ਦਾ ਮਾਣ ਨਹੀਂ ਕਰਨਾ ਚਾਹੀਦਾ ਤੇ ਨਾ ਹੀ ਮੰਡਪ ਮਾੜੀਆਂ, ਮਹਿਲ-ਮੁਨਾਰਿਆਂ ਨਾਲ ਪਿਆਰ ਕਰਨਾ ਚਾਹੀਦਾ ਹੈ:

ਸੋ ਸਾਨੂੰ ਸਾਰਿਆਂ ਨੂੰ ਨਾਮਦੇਵ ਦੇ ਉਪਦੇਸ਼ਾਂ 'ਤੇ ਚੱਲ ਕੇ ਇੱਕ ਆਦਰਸ਼ਕ ਮਨੁੱਖ ਵਜੋਂ ਸੰਸਾਰ ਵਿੱਚ ਵਿਚਰਨਾ ਚਾਹੀਦਾ ਹੈ। ਮਨੁੱਖ ਜਾਤੀ ਦੀ ਸੇਵਾ ਬਿਨਾਂ ਕਿਸੇ ਭੇਦ-ਭਾਵ ਰੱਬ ਦਾ ਰੂਪ ਜਾਣ ਕੇ ਕਰਨੀ ਚਾਹੀਦੀ ਹੈ। ਨਾਮਦੇਵ ਦੀ ਬਾਣੀ ਸਾਨੂੰ ਜਾਤ-ਪਾਤ ਦਾ ਤਿਆਗ ਕਰਨ, ਕਰਮ-ਕਾਂਡ, ਭੈੜੇ ਰਸਮਾਂ ਰਿਵਾਜਾਂ ਨੂੰ ਤਿਆਗ ਕੇ ਗੁਰਮਤਿ ਅਨੁਸਾਰ ਅਕਾਲ ਪੁਰਖ ਦੀ ਰਜ਼ਾ ਵਿੱਚ ਰਹਿ ਕੇ ਜੀਵਨ ਬਤੀਤ ਕਰਨ ਦੀ ਜਾਚ ਸਿਖਾਉਂਦੀ ਹੈ।

ਭਗਤ ਨਾਮਦੇਵ ਨੇ ਆਪਣੀ ਜ਼ਿੰਦਗੀ ਦਾ ਆਖਰੀ ਸਮਾਂ ਲਗਪਗ ਕੋਈ 18 ਸਾਲ ਪੰਜਾਬ ਦੇ ਪਿੰਡ ਘੁਮਾਣ, ਜ਼ਿਲਾ ਗੁਰਦਾਸਪੁਰ, ਵਿੱਚ ਹੀ ਗੁਜ਼ਾਰਿਆ। ਇਥੇ ਹੀ ਭਗਤ ਨਾਮਦੇਵ ਜੀ 2 ਮਾਘ ਸੰਮਤ 1406 (1350 ਈਸਵੀ) ਨੂੰ ਜੋਤੀ ਜੋਤਿ ਸਮਾਏ। ਜਿੱਥੇ ਭਗਤ ਜੀ ਦੀ ਸਮਾਧੀ ਹੈ, ਉੱਥੇ ਸ੍ਰੀ ਦਰਬਾਰ ਸਾਹਿਬ ਹੈ। ਜਿਸ ਜਗਾ 'ਤੇ ਭਗਤ ਜੀ ਤਪ ਕਰਦੇ ਸਨ, ਉਸ ਜਗਾ ਸ੍ਰੀ ਤਪਿਆਣਾ ਸਾਹਿਬ ਸੁਸ਼ੋਭਿਤ ਹੈ। ਇਸ ਤੋਂ ਇਲਾਵਾ ਭੱਟੀਵਾਲ, ਸੱਖੋਵਾਲ ਤੇ ਧਾਰੀਵਾਲ ਵਿਖੇ ਵੀ ਭਗਤ ਜੀ ਦੇ ਸਥਾਨ ਸਥਿਤ ਹਨ। ਪਿੰਡ ਘੁਮਾਣ ਵਿਖੇ ਹਰ ਸਾਲ ਦੋ ਮਾਘ ਨੂੰ ਭਾਰੀ ਜੋੜ ਮੇਲਾ ਬਾਬਾ ਦੀ ਯਾਦ ਵਿੱਚ ਲਗਦਾ ਹੈ।

# ਸਿੱਖਾਂ ਦੀ ਸੁਰੱਖਿਆ ਪ੍ਰਤੀ ਜਥੇਦਾਰ ਦਾ ਤੌਖਲਾ ਵਾਜਬ

-ਪ੍ਰੋ: ਸਰਚਾਂਦ ਸਿੰਘ

ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਪਾਕਿਸਤਾਨ ਅਤੇ ਭਾਰਤ 'ਚ ਸਿੱਖਾਂ ਦੇ ਮਹਿਫ਼ੂਜ਼ ਨਾ ਹੋਣ ਬਾਰੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਪ੍ਰਗਟ ਕੀਤੇ ਗਏ ਖ਼ਦਸ਼ੇ ਨੂੰ ਆਪਣੇ ਸਿਆਸੀ ਵਿਰੋਧੀਆਂ 'ਤੇ ਨਿਸ਼ਾਨਾ ਸਾਧਣ ਲਈ ਇਕ ਟੂਲ ਵਜੋਂ ਲਿਆ ਜਾਣਾ ਬੜਾ ਹੀ ਅਫ਼ਸੋਸਨਾਕ ਹੈ। ਬਤੌਰ ਇਕ ਤਾਕਤਵਰ ਸਿੱਖ ਹੋਣ ਨਾਤੇ ਹਰੇਕ ਸਿਖ ਨੂੰ ਕੈਪਟਨ ਸਾਹਿਬ ਤੋਂ ਸਿੰਘ ਸਾਹਿਬ ਦੇ ਤੌਖਲੇ ਪ੍ਰਤੀ ਸੰਜੀਦਗੀ ਦੀ ਤਵੱਕੋ ਸੀ। ਸਿੱਖ ਕੌਮ ਦੀ ਸਰਵਉੱਚ ਸੰਸਥਾ ਅਕਾਲ ਤਖਤ ਸਾਹਿਬ ਦੇ ਜਥੇਦਾਰ ਦਾ ਤੌਖਲਾ ਗੈਰ ਵਾਜਬ ਨਾ ਹੋ ਕੇ ਅਤੀਤ ਦੌਰਾਨ ਘੱਟ-ਗਿਣਤੀ ਸਿੱਖ ਕੌਮ ਨਾਲ ਹੋਈਆਂ ਬੀਤੀਆਂ ਵਰਤਾਰਿਆਂ ਤੇ ਚੁਨੌਤੀਆਂ ਪ੍ਰਤੀ ਗਹਿਰੇ ਸਰੋਕਾਰ ਦੀ ਉਪਜ ਸੀ। ਆਪਣੀ ਕੌਮ ਦੀ ਸੁਰੱਖਿਆ ਯਕੀਨੀ ਬਣਾਉਣਾ ਜਥੇਦਾਰ ਦੀ ਜ਼ਿੰਮੇਵਾਰੀ ਦਾ ਹਿੱਸਾ ਹੈ। ਕੈਪਟਨ ਅਮਰਿੰਦਰ ਸਿੰਘ ਨੇ ਬੇਸ਼ੱਕ ਪਾਕਿਸਤਾਨ ਦੇ ਉਲਟ ਭਾਰਤ ਨੂੰ ਇਕ ਨਿਰਪੱਖ ਰਾਸ਼ਟਰ ਹੋਣ ਅਤੇ ਇੱਥੇ ਧਾਰਮਿਕ ਆਧਾਰ 'ਤੇ ਕੋਈ ਵਿਤਕਰੇਬਾਜ਼ੀ ਨਾ ਹੋਣ ਦੀ ਗੱਲ ਕੀਤੀ ਹੈ ਜਿਸ ਦੀ 'ਸਚਾਈ' ਬਾਰੇ ਕਿਸੇ ਨੂੰ ਕੋਈ 'ਭੁਲੇਖਾ' ਨਹੀਂ। ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੀ ਗਲ ਕਰੀਏ ਤਾਂ ਉਹ ਪੰਥ ਦੀਆਂ ਸਮੂਹ ਸੰਪਰਦਾਵਾਂ ਜਥੇਬੰਦੀਆਂ ਅਤੇ ਵਿਚਾਰਧਾਰਾਵਾਂ ਨੂੰ ਇਕੱਤਰ ਕਰਦਿਆਂ ਕੌਮੀ ਲੀਡਰਸ਼ਿਪ ਦੇ ਖ਼ਲਾਅ ਨੂੰ ਭਰਨ ਦੀ ਕੋਸ਼ਿਸ਼ ਕਰ ਰਿਹਾ ਪ੍ਰਤੀਤ ਹੁੰਦਾ ਹੈ। ਆਲਮੀ ਪ੍ਰਸੰਗ 'ਚ ਤਖਤ ਸਾਹਿਬ ਦੀ ਵਿਸ਼ਵਾਸ ਯੋਗਤਾ ਬਹਾਲ ਕਰਨ ਤੋਂ ਇਲਾਵਾ ਇਸ ਦੀ ਆਜ਼ਾਦ ਅਤੇ ਠੋਸ ਭੂਮਿਕਾ ਪ੍ਰਤੀ ਉਸ ਵੱਲੋਂ ਵੱਖ ਵੱਖ ਸਮਿਆਂ ਦੌਰਾਨ ਜਾਰੀ ਸੰਦੇਸ਼, ਬਿਆਨਾਂ, ਸਿਖਾਂ ਨੂੰ ਇਕ ਮੁੱਠ ਇੱਕਜੁੱਟ ਹੋਣ ਦੀਆਂ ਅਪੀਲਾਂ ਅਤੇ ਸੈਮੀਨਾਰਾਂ 'ਚ ਕੌਮ ਦੇ ਹਿਤਾਂ ਲਈ ਦਿਤਾ ਜਾ ਰਿਹਾ ਹੋਕਾ ਅਤੇ ਬੇਬਾਕ ਭੂਮਿਕਾ ਉਸ ਦੀ ਕਾਬਲੀਅਤ, ਕੌਮੀ ਭਾਵਨਾ ਅਤੇ ਸੰਜੀਦਗੀ ਨੂੰ ਦਰਸਾ ਰਿਹਾ ਹੈ। ਮੌਜੂਦਾ ਸਮੇਂ ਕੌਮ 'ਚ ਬੌਧਿਕ ਪੇਤਲਾਪਣ ਦੇ ਚੱਲਦਿਆਂ ਬਤੌਰ ਜਥੇਦਾਰ ਕੌਮ ਦੇ ਚੰਗੇਰੀ ਭਵਿਖ ਲਈ ਅਤੀਤ ਤੇ ਵਰਤਮਾਨ ਦਾ ਮੁਤਾਲਿਆ ਕਰਦਿਆਂ ਕੌਮੀ ਇੱਛਾਵਾਂ ਅਕਾਂਖਿਆਵਾਂ ਦੀ ਪੂਰਤੀ ਲਈ ਠੋਸ ਅਤੇ ਸਹੀ ਦਿਸ਼ਾ ਤੈਅ ਕਰਨ ਦੀ ਉਨਾਂ 'ਤੇ ਭਾਰੀ ਜ਼ਿੰਮੇਵਾਰੀ ਹੈ। ਅਤੀਤ ਦੌਰਾਨ ਆਪਣਿਆਂ ਤੋਂ ਮਿਲੇ ਵਿਸ਼ਵਾਸਘਾਤ, ਬੇਇਨਸਾਫ਼ੀਆਂ ਅਤੇ ਨਾਗਵਾਰ ਪ੍ਰਸਥਿਤੀਆਂ ਦੇ ਸਨਮੁਖ ਉਨਾਂ ਨੂੰ ਦੇਸ਼ ਵਿਦੇਸ਼ 'ਚ ਵੱਸ ਰਹੀ ਸਿਖਾਂ ਦੀ ਸੁਰੱਖਿਆ ਪ੍ਰਤੀ ਚਿੰਤਾ ਅਤੇ ਕਿਸੇ ਤਰਫ਼ੋਂ ਵੀ ਇਨਸਾਫ਼ ਦੀ ਕਿਰਨ ਨਜ਼ਰ ਨਾ ਆਉਣ ਦਾ ਤੌਖਲਾ ਕੁਦਰਤੀ ਹੈ। ਆਲੇ ਦੁਆਲੇ ਝਾਤ ਮਾਰ ਕੇ ਦੇਖੋ ਤਾਂ ਨਜ਼ਰ ਆਵੇਗਾ ਕਿ ਸਿੱਖੀ ਅਤੇ ਸਿੱਖੀ ਧਾਰਨ ਕਰਨ ਵਾਲੇ ਸਿੱਖ ਦਾ ਵਿਰੋਧ ਬਹੁਤ ਜ਼ਿਆਦਾ ਹੋ ਰਿਹਾ ਹੈ। ਵਿਰੋਧ ਦੇ ਚੱਲਦਿਆਂ ਕਈ ਘਟਨਾਵਾਂ ਵਾਪਰੀਆਂ ਅਤੇ ਖ਼ਦਸ਼ਾ ਹੈ ਕਿ ਕੁੱਝ ਵੀ ਹੋ ਸਕਦਾ ਹੈ। ਪਾਕਿਸਤਾਨ ਦੇ ਪਿਸ਼ਾਵਰ 'ਚ ਸਿੱਖੀ ਧਾਰਨ ਕਰਨ ਵਾਲੇ ਨੌਜਵਾਨ ਦੀ ਹਤਿਆ ਅਤੇ ਗੁਰਦੁਆਰਾ ਨਨਕਾਣਾ ਸਾਹਿਬ 'ਤੇ ਕੀਤੀ ਗਈ ਹੁੱਲੜਬਾਜ਼ੀ ਨਾਲ ਉੱਥੋਂ ਦੀ ਸਿੱਖ ਭਾਈਚਾਰੇ 'ਚ ਸਹਿਮ ਦਾ ਮਾਹੌਲ ਹੈ ਤਾਂ ਇੱਧਰ ਵੀ ਕੋਈ ਘਟ ਨਹੀਂ ਗੁਜ਼ਾਰ ਰਿਹਾ। ਮੱਧ ਪ੍ਰਦੇਸ਼, ਸਿਲਾਂਗ ਅਤੇ ਗੁਜਰਾਤ ਦੇ ਕਛ ਇਲਾਕੇ ਦੇ ਸਿਖਾਂ 'ਤੇ ਉਜਾੜੇ ਦੀ ਤਲਵਾਰ ਲਟਕ ਰਹੀ ਹੈ ਤਾਂ ਯੂ ਪੀ 'ਚ ਨਗਰ-ਕੀਰਤਨ ਕੱਢ ਰਹੇ ਸਿਖਾਂ ਖ਼ਿਲਾਫ਼ ਕੇਸ ਦਰਜ ਕਰ ਲਿਆ ਗਿਆ। ਮੱਧ ਪ੍ਰਦੇਸ਼ 'ਚ ਸਰਕਾਰ ਵੱਲੋਂ ਸਿਕਲੀਗਰ ਸਿਖ ਭਾਈਚਾਰੇ ਉੱਤੇ ਵਾਰ ਵਾਰ ਅਣਮਨੁੱਖੀ ਅੱਤਿਆਚਾਰ ਦੀਆਂ ਖ਼ਬਰਾਂ ਹਨ ਤਾਂ ਕਈ ਥਾਂਈ ਗੁਰਧਾਮਾਂ ਦੇ ਨਾਮੋ ਨਿਸ਼ਾਨ ਮਿਟਾਉਣ ਦਾ ਸਿਲਸਿਲਾ ਸ਼ੁਰੂ ਹੈ। ਗੁਰੂ ਨਾਨਕ ਦੇਵ ਜੀ ਦੀ ਯਾਦ ਨਾਲ ਸੰਬੰਧਿਤ ਹਰਿਦੁਆਰ ਦੇ ਹਰ ਕੀ ਪੌੜੀ ਵਿਖੇ ਗੁਰਦਵਾਰਾ ਗਿਆਨ ਗੋਦੜੀ ਸਾਹਿਬ ਅਤੇ ਸਿੱਕਮ 'ਚ ਸਥਿਤ ਗੁਰਦਵਾਰਾ ਗੁਰੂ ਡਾਂਗਮਾਰ



ਸਾਹਿਬ ਦਾ ਮਾਮਲਾ ਹੱਲ ਨਹੀਂ ਹੋਇਆ ਕਿ ਉੜੀਸਾ ਵਿਚ ਮੰਗੂ ਮੱਠ ਨੂੰ ਉਖਾੜ ਦੇਣ ਆਦਿ ਉਦਾਹਰਨਾਂ ਸਾਡੇ ਸਾਹਮਣੇ ਹਨ। ਇਹ ਵਿਰੋਧ ਅੱਜ ਹੀ ਨਹੀਂ ਸਗੋਂ ਉਦੋਂ ਤੋਂ ਹੀ ਸ਼ੁਰੂ ਹਨ ਜਦ ਗੁਰੂ ਨਾਨਕ ਦੇਵ ਜੀ ਨੇ ਸੱਚ ਦਾ ਹੋਕਾ ਦੇਣ ਦਾ ਆਗਾਜ਼ ਕੀਤਾ। ਜਨਤਾ ਸੁਚੇਤ ਹੋਣ ਲਗਾ ਤਾਂ ਉਹ ਲੋਕ ( ਲੁਟੇਰੀ ਜਮਾਤ) ਜੋ ਨਹੀਂ ਚਾਹੁੰਦੇ ਕਿ ਜਨਤਾ ਜਾਗੇ, ਉਨਾਂ ਗੁਰੂ ਸਾਹਿਬ ਦਾ ਵਿਰੋਧ ਸ਼ੁਰੂ ਕਰ ਲਿਆ। ਜਨਤਾ ਅਤੇ ਸਿੱਖੀ ਧਾਰਨ ਕਰਨ ਵਾਲਿਆਂ ਦਾ ਸਰੀਰਕ, ਆਰਥਿਕ ਤੇ ਭਾਵਨਾਤਮਕ ਸ਼ੋਸ਼ਣ ਦੇ ਚੱਲਦਿਆਂ ਗੁਰੂ ਅਰਜਨ ਦੇਵ ਜੀ ਨੂੰ ਤਤੀ ਤਵੀਂ 'ਤੇ ਬੈਠਣਾ ਪਿਆ, ਗੁਰੂ ਤੇਗ ਬਹਾਦਰ ਸਾਹਿਬ ਨੂੰ ਸ਼ਹਾਦਤ, ਚਾਰ ਸਾਹਿਬਜ਼ਾਦਿਆਂ ਸਮੇਤ ਅਨੇਕਾਂ ਸਿੰਘਾਂ ਨੂੰ ਸ਼ਹੀਦੀਆਂ ਦੇਣੀਆਂ ਪਈਆਂ ਜੋ ਅਜ ਵੀ ਬਾਦਸਤੂਰ ਜਾਰੀ ਹੈ। ਨੀਤੀਵਾਨਾਂ ਦਾ ਕਥਨ ਹੈ ਕਿ ਕਿਸੇ ਕੌਮ ਨੂੰ ਤਬਾਹ ਤੇ ਬਰਬਾਦ ਕਰਨਾ ਹੋਵੇ ਤਾਂ ਉਸ ਦੀ ਆਮਦਨੀ ਦੇ ਵਸੀਲੇ ਤਬਾਹ ਕਰਦਿਓ। ਇੰਜ ਹੀ ਤਾਂ ਕੀਤਾ ਗਿਆ, ਸਿਖਾਂ ਦੇ ਵੱਕਾਰ ਨੂੰ ਤਬਾਹ ਕਰਨ ਲਈ ਉਨਾਂ ਦੇ ਉਪਜੀਵਕਾ ਦੇ ਵਡੇ ਵਸੀਲੇ ਖੇਤੀ, ਵਪਾਰ ਤੇ ਕਾਰੋਬਾਰ ਨੂੰ ਤਬਾਹ ਕਰਨ ਦੇ ਮਨਸੂਬੇ ਬੁਣ ਦਿਤੇ ਗਏ ਹਨ। ਖੇਤੀ ਲਈ ਪਾਣੀ ਦੀ ਜ਼ਰੂਰਤ ਸੀ ਤਾਂ ਦਰਿਆਈ ਪਾਣੀਆਂ ਪ੍ਰਤੀ ਪੰਜਾਬ ਰੀਆਰਗੇਨਾਇਜੇਸ਼ਨ ਐਕਟ 'ਚ ਗੈਰ ਸੰਵਿਧਾਨਕ ਧਾਰਾ 78-79 ਅਤੇ 80 ਜੋੜ ਦਿਤਾ ਗਿਆ ਅਤੇ ਰਿਆਲਟੀ ਮੰਗਣ ਵਾਲੇ ਪੰਜਾਬੀਆਂ ਨੂੰ ਇਹ ਵੀ ਪਤਾ ਨਾ ਲੱਗਣ ਦਿਤਾ ਕਿ ਕਿਵੇਂ ਪੰਜਾਬ ਦੇ ਦਰਿਆਈ ਪਾਣੀਆਂ ਦਾ ਗੈਰ ਕਾਨੂੰਨੀ ਹੱਕ ਰਾਜਸਥਾਨ ਨੂੰ ਦੇ ਦਿਤਾ ਗਿਆ । ਇਕ ਬਸਤੀ ਬਣ ਚੁੱਕਿਆ ਪੰਜਾਬ ਜਿਸ ਦੇ ਸਿਰ 'ਤੇ ਢਾਈ ਲੱਖ ਕਰੋੜ ਦਾ ਕਰਜ਼ਾ ਖੜਾ ਹੈ ਤਾਂ ਪਾਣੀਆਂ ਦੀ ਰਿਆਲਟੀ ਅੰਦਾਜ਼ਨ ੧੬ ਲੱਖ ਕਰੋੜ ਹੜੱਪ ਲਿਆ ਗਿਆ। ਜਿਸ ਦਾ ਸੰਤਾਪ ਅੱਜ ਕਰਜ਼ਾਈ ਕਿਸਾਨ ਅਤੇ ਸਮੂਹ ਪੰਜਾਬੀ ਭੋਗ ਰਹੇ ਹਨ। ਖੇਤੀਬਾੜੀ ਵਸਤਾਂ ਨੂੰ ਕੀਮਤ ਸੂਚਕ ਅੰਕ ਨਾਲ ਜੋੜਿਆ ਜਾਣਾ ਅਤੇ ਸਵਾਮੀ ਨਾਥਨ ਕਮਿਸ਼ਨ ਰਿਪੋਰਟ ਲਾਗੂ ਕਰਨਾ ਸੁਪਨੇ 'ਚ ਵੀ ਨਹੀਂ ਸੋਚਿਆ ਜਾ ਰਿਹਾ। ਕਹਿਣ ਨੂੰ ਤਾਂ ਪੰਜਾਬ ਬਿਜਲੀ ਸਰਪਲੱਸ ਸੂਬਾ ਹੈ ਪਰ ਦੇਸ਼ ਭਰ ਤੋਂ ਸਭ ਤੋਂ ਮਹਿੰਗੀ ਬਿਜਲੀ ਇੱਥੇ ਵੇਚੀ ਜਾ ਰਹੀ ਹੈ। ਮਾਰੂ ਅਤੇ ਗਲਤ ਨੀਤੀਆਂ ਸਦਕਾ ਪੰਜਾਬ 'ਚ ਪੂੰਜੀ ਨਿਵੇਸ਼ ਦੀ ਥਾਂ ਇੱਥੋਂ ਦਾ ਉਦਯੋਗ ਤੇ ਕਾਰੋਬਾਰ ਵੀ ਪਲਾਇਣ ਕਰਦਾ ਜਾ ਰਿਹਾ ਹੈ। ਨਸ਼ਿਆਂ ਦੇ ਪਸਾਰੇ ਨੂੰ ਰੋਕਣ 'ਚ ਖ਼ਾਸ ਦਿਲਚਸਪੀ ਨਾ ਦਿਖਾਉਣਾ ਅਤੇ ਹੁਨਰਮੰਦ ਨੌਜਵਾਨੀ ਲਈ ਪੰਜਾਬ ਉਸ ਦੀ ਪਹਿਲ ਨਾ ਹੋ ਕੇ ਵਿਦੇਸ਼ ਬਣਦਾ ਜਾ ਰਿਹਾ ਹੈ। ਕੌਮਾਂਤਰੀ ਦਬਾਅ ਕਾਰਨ ਕਰਤਾਰਪੁਰ ਲਾਂਘਾ ਭਾਵੇਂ ਤਾਮੀਰ ਹੋ ਗਿਆ ਹੈ ਪਰ ਘਰੇਲੂ ਹਵਾਈ ਅੱਡਿਆਂ 'ਤੇ ਸਿਖਾਂ ਨੂੰ ਕ੍ਰਿਪਾਨ ਪਾ ਕੇ ਸਫ਼ਰ ਕਰਨ ਦੇਣ ਦਾ ਫ਼ੈਸਲਾ ਅਜ ਤਕ ਪੂਰੀ ਤਰਾਂ ਲਾਗੂ ਨਹੀਂ ਕੀਤਾ ਗਿਆ। ਧਾਰਾ 25 ਦਾ ਮਾਮਲਾ ਤਾਂ ਦੂਰ ਦੀ ਕੌਡੀ ਰਹੀ ਇੱਥੇ ਅਨੰਦ ਕਾਰਜ ਐਕਟ ਵੀ ਪਾਰਲੀਮੈਂਟ ਤੋਂ ਪਾਸ ਕਰਕੇ ਪੂਰੇ ਦੇਸ਼ ਵਿਚ ਲਾਗੂ ਨਾ ਕੀਤਾ ਗਿਆ। ਆਲ ਇੰਡੀਆ ਗੁਰਦਵਾਰਾ ਪ੍ਰਬੰਧਕ ਕਮੇਟੀ ਦਾ ਮਸੌਦਾ ਹੋਵੇ ਜਾਂ ਚੰਡੀਗੜ, ਪੰਜਾਬੀ ਬੋਲਦੇ ਇਲਾਕਿਆਂ ਦਾ ਮਾਮਲਾ ਜਾਂ ਫਿਰ ਰਾਜਾਂ ਨੂੰ ਵਧੇਰੇ ਅਧਿਕਾਰ ਜਾਂ ਖ਼ੁਦਮੁਖ਼ਤਾਰੀ ਦੇਣ ਦੀ ਗਲ , ਇਹ ਤਾਂ ਦੂਰ ਇੱਥੇ ਭਾਰਤ ਦੇ ਸੰਵਿਧਾਨਕ ਢਾਂਚੇ ਨੂੰ ਵਾਸਤਵਿਕ ਸੰਘੀ ( ਫੈਡਰਲ) ਸ਼ਕਲ ਤਕ ਦੇਣਾ ਜ਼ਰੂਰੀ ਨਹੀਂ ਸਮਝਿਆ ਗਿਆ। ਨਵੰਬਰ ੧੯੮੪ ਦੀ ਸਿੱਖ ਨਸਲਕੁਸ਼ੀ ਦੇ ਦੋਸ਼ੀਆਂ ਨੂੰ ਸਜਾਵਾਂ ਦੇਣ 'ਚ ਢਿੱਲਮੱਠ ਕਿਉਂ ? ਅਦਾਲਤ ਵੱਲੋਂ ਜੂਨ 1984 ਦੌਰਾਨ ਸ੍ਰੀ ਦਰਬਾਰ ਸਾਹਿਬ 'ਤੇ ਕੀਤੇ ਗਏ ਹਮਲੇ ਨੂੰ ਗੈਰ ਵਾਜਬ ਠਹਿਰਾਉਂਦਿਆਂ ਜੋਧਪੁਰ ਕੈਦੀਆਂ ਨੂੰ ਮੁਆਵਜ਼ੇ ਦਾ ਹੱਕ ਦਿਤਾ ਗਿਆ ਤਾਂ ਉਕਤ ਹਮਲੇ ਲਈ ਪਾਰਲੀਆਮੈਂਟ 'ਚ ਮਤਾ ਪਾਸ ਕਰ ਕੇ ਹੁਣ ਤਕ ਸਿੱਖ ਕੌਮ ਤੋਂ ਖਿਮਾ ਯਾਚਨਾ ਕਿਉਂ ਨਹੀਂ ਕੀਤੀ ਗਈ ? ਨਾ ਹੀ ਉਕਤ ਹਮਲੇ ਨਾਲ ਸੰਬੰਧਿਤ ਗੁਪਤ ਦਸਤਾਵੇਜ਼ ਜਨਤਕ ਕੀਤੇ ਗਏ। ਇਹ ਸੱਚ ਹੈ ਕਿ ਜੂਨ '੮੪ ਦੇ ਗੁਰਪੁਰਬ ਮੌਕੇ ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖਤ ਸਾਹਿਬ 'ਤੇ ਹਮਲੇ ਰਾਹੀਂ ਅਨੇਕਾਂ ਸ਼ਰਧਾਲੂਆਂ ਨੂੰ ਗੋਲੀਆਂ ਨਾਲ ਭੁੰਨਿਆ ਗਿਆ ਤਾਂ ਸਿੱਖ ਉਦਾਸੀਨ ਅਵਸਥਾ ਵਿਚ ਪਹੁੰਚ ਗਈ, ਉਕਤ ਖਾਈ ਵਿਚੋਂ ਕੱਢਣ ਲਈ ਅਨੇਕਾਂ ਨੌਜਵਾਨਾਂ ਨੇ ਆਪਣੀਆਂ ਸ਼ਹਾਦਤਾਂ ਦਿੱਤਿਆਂ। ਅੱਜ ਬਹੁਗਿਣਤੀ ਕੌਮ ਦੀ ਸੰਸਕ੍ਰਿਤੀ ਘਟ ਗਿਣਤੀ ਕੌਮਾਂ ਉੱਤੇ ਥੋਪੇ ਜਾਣ ਦੇ ਮਨਸੂਬਿਆਂ 'ਤੇ ਤੇਜ਼ੀ ਨਾਲ ਅਮਲ ਹੋ ਰਿਹਾ ਹੈ। ਇਨਾਂ ਹਲਾਤਾਂ ਦਾ ਸਿੱਖ ਕੌਮ ਨੇ ਇਕ ਜੁਟਤਾ ਨਾਲ ਮੁਕਾਬਲਾ ਕੀਤਾ ਅਤੇ ਜਿਤ ਪ੍ਰਾਪਤ ਕਰਨ ਵਲ ਵਧੇ ਵੀ, ਪਰ ਵਿਰੋਧੀ ਤਾਕਤਾਂ ਸਿੱਖ ਕੌਮ ਨੂੰ ਇਕ ਜੁੱਟ ਹੋਇਆ ਨਹੀਂ ਵੇਖ ਸਕਦੀਆਂ, ਕੌਮੀ ਸ਼ਕਤੀ ਨੂੰ ਖੇਰੂੰ ਖੇਰੂੰ ਕਰਨ ਲਈ ਸਿੱਖੀ ਭੇਸ 'ਚ ਲੁਕੀਆਂ ਕਾਲੀਆਂ ਭੇਡਾਂ ਰਾਹੀਂ ਸ਼ਾਤਰ ਚਾਲਾਂ ਚਲਾਈਆਂ ਜਾ ਰਹੀਆਂ ਹਨ। ਅਜਿਹੀ ਸਥਿਤੀ 'ਚ ਸਿੱਖ ਸੁਰੱਖਿਅਤ ਨਹੀਂ ਹਨ ਦੀ ਧਾਰਨਾ ਜਾਂ ਖ਼ਦਸ਼ੇ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। 1980ਵੇਂ 'ਚ ਸਿੱਖ ਕੌਮ ਸੰਘਰਸ਼ ਵਿਚੋਂ ਗੁਜ਼ਰੀ ਹੈ ਅਤੇ ਅਨੇਕਾਂ ਜ਼ਖਮ ਆਪਣੇ ਪਿੰਡੇ ਹੰਢਾਇਆ ਹੈ। ਸੋ ਬੇਗਾਨਗੀ ਦਾ ਕੋਈ ਵੀ ਅਹਿਸਾਸ ਸਿੱਖਾਂ 'ਚ ਮੁੜ ਡਰ ਦੀ ਭਾਵਨਾ ਪੈਦਾ ਕਰੇਗਾ ਜੋ ਭਾਈਚਾਰੇ ਦੇ ਹਿਤਾਂ ਦੇ ਨਾਲ-ਨਾਲ ਮੁਲਕ ਲਈ ਘਾਤਕ ਸਿੱਧ ਹੋਵੇਗਾ ।

# ਭਾਰਤੀ ਨਿਆਂ ਪਾਲਿਕਾ, ਲੋਕਤੰਤਰ ਤੇ ਮਨੁਖੀ ਅਧਿਕਾਰਾਂ ਦੀ ਰੱਖਿਆ

**-ਅੰਮ੍ਰਿਤਾਨੰਦ**

ਜਿਵੇਂ ਹੀ ਸਾਲ 2020 ਦੀ ਸ਼ੁਰੂਆਤ ਹੋਈ, ਸਾਡੇ ਦੇਸ਼ ਦੀ ਹਾਲਤ ਅਤੇ ਇਸ ਦੀ ਨਿਆਂਪਾਲਿਕਾ ਨੇ ਮੈਨੂੰ ਸਹਿਮ ਨਾਲ ਭਰ ਦਿੱਤਾ ਅਤੇ ਅਜੇ ਵੀ 'ਆਪਣੇ' ਹੀ ਸੰਵਿਧਾਨ ਨੂੰ ਬਚਾਉਣ ਦੇ ਚਾਹਵਾਨ ਪ੍ਰਦਰਸ਼ਨਕਾਰੀ ਸੜਕਾਂ 'ਤੇ ਹਨ, ਜੋ ਕਿ ਉਤਸ਼ਾਹ ਨੂੰ ਬਰਕਰਾਰ ਰੱਖਣ ਵਾਲੀ ਅਤੇ ਆਸ ਨੂੰ ਜਿਊਂਦਾ ਰੱਖਣ ਵਾਲੀ ਗੱਲ ਹੈ। ਜੇਕਰ ਸਾਲ 2018 ਵਿਚ ਇਕ ਆਜ਼ਾਦ ਅਤੇ ਨਿਰਪੱਖ ਸੰਸਥਾ ਵਜੋਂ ਜਾਣੀ ਜਾਂਦੀ ਸਾਡੀ ਨਿਆਂਪਾਲਿਕਾ ਦੇ ਅਕਸ ਨੂੰ ਭਾਰੀ ਢਾਅ ਲੱਗੀ ਹੈ ਤਾਂ 2019 ਵਿਚ ਇਸ ਦੇ ਚੀਥੜੇ ਉੱਡੇ ਹਨ। ਇਸ ਸਬੰਧੀ ਸਾਲ 2019 ਦੀ ਸਭ ਤੋਂ ਵੱਡੀ ਕਾਰਵਾਈ ਧਾਰਾ 370 ਨੂੰ ਹਟਾਉਣਾ, ਨਾਗਰਿਕਤਾ ਸੋਧ ਐਕਟ 2019 ਲਿਆਉਣ ਜਿਹੇ ਫ਼ੈਸਲੇ ਲੈ ਕੇ ਸਰਕਾਰ ਵਲੋਂ ਇਕਪਾਸੜ ਹਿੰਦੂ ਬਹੁਗਿਣਤੀਵਾਦ ਦੇ ਸਿਧਾਂਤ ਥੋਪਣ ਲਈ ਸ਼ੁਰੂ ਕੀਤਾ ਯੁੱਧ ਹੀ ਨਹੀਂ ਸੀ, ਸਗੋਂ ਨਾਗਰਿਕਾਂ ਦੇ ਬੁਨਿਆਦੀ ਅਧਿਕਾਰਾਂ ਦੀ ਰਾਖੀ ਕਰਨ ਦੀ ਆਪਣੀ ਜ਼ਿੰਮੇਵਾਰੀ ਤੋਂ ਸਰਬਉੱਚ ਅਦਾਲਤ ਦਾ ਪਾਸੇ ਹੋਣਾ ਵੀ ਅਹਿਮ ਘਟਨਾਕ੍ਰਮ ਹੈ। ਭਾਵੇਂ ਆਸਾਮ ਵਿਚ ਰਾਸ਼ਟਰੀ ਨਾਗਰਿਕਤਾ ਰਜਿਸਟਰ ਦਾ ਮਸਲਾ ਹੋਵੇ, ਕਸ਼ਮੀਰ ਵਿਚ ਸੰਚਾਰ ਸਾਧਨਾਂ 'ਤੇ ਲਗਾਈਆਂ ਪਾਬੰਦੀਆਂ ਨੂੰ ਚੁਣੌਤੀ ਦੇਣ ਦੀ ਗੱਲ ਹੋਵੇ ਜਾਂ ਫਿਰ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਅਤੇ ਜਾਮੀਆ ਮਿਲੀਆ ਇਸਲਾਮੀਆ ਯੂਨੀਵਰਸਿਟੀ ਦੇ ਵਿਦਿਆਰਥੀਆਂ 'ਤੇ ਪੁਲਸੀਆ ਤਸ਼ੱਦਦ ਦੀ ਨਿਆਇਕ ਜਾਂਚ ਦੀ ਮੰਗ ਹੋਵੇ, ਸਰਬਉੱਚ ਅਦਾਲਤ ਚੁੱਪ-ਚਾਪ ਦੇਖਦੀ ਰਹੀ ਅਤੇ ਕਰੋੜਾਂ ਭਾਰਤੀਆਂ ਨੂੰ ਸ਼ਾਨ ਅਤੇ ਅਧਿਕਾਰਾਂ ਤੋਂ ਵਾਂਝੇ ਹੋਣ, ਬੰਦਿਸ਼ਾਂ 'ਚ ਰਹਿਣ, 5 ਮਹੀਨਿਆਂ ਤੱਕ ਘਰਾਂ 'ਚ ਕੈਦ ਹੋਣ ਲਈ ਛੱਡ ਦਿੱਤਾ ਅਤੇ ਆਮ ਨਾਗਰਿਕਾਂ 'ਤੇ ਬਹੁਤ ਜ਼ਾਲਮਾਨਾ ਹਿੰਸਾ ਕਰਨ ਲਈ ਪੁਲਿਸ ਅਧਿਕਾਰੀਆਂ ਦੀ ਸਜ਼ਾ ਮੁਆਫ਼ੀ ਨੂੰ ਉਤਸ਼ਾਹਿਤ ਕੀਤਾ।

ਅਸੀਂ ਚੰਗੀ ਤਰਾਂ ਜਾਣਦੇ ਹਾਂ ਕਿ ਆਸਾਮ ਵਿਚਲੀ ਰਾਸ਼ਟਰੀ ਨਾਗਰਿਕਤਾ ਰਜਿਸਟਰ ਦੀ ਪ੍ਰਕਿਰਿਆ 'ਚ ਸਰਬਉੱਚ ਅਦਾਲਤ ਦੀ ਵੀ ਵੱਡੀ ਭੂਮਿਕਾ ਰਹੀ ਹੈ। ਮੁੱਖ ਜੱਜ (ਸੇਵਾ-ਮੁਕਤ) ਰੰਜਨ ਗੋਗੋਈ ਅਤੇ ਜੱਜ ਰੋਹੀਨਤਨ ਨਰੀਮਨ ਵਲੋਂ ਇਸ ਮਾਮਲੇ ਨੂੰ ਦੇਖਿਆ ਗਿਆ ਸੀ। ਆਸਾਮ ਵਿਚ ਰਾਸ਼ਟਰੀ ਨਾਗਰਿਕਤਾ ਰਜਿਸਟਰ ਲਈ 3.3 ਕਰੋੜ ਲੋਕਾਂ ਨੇ ਅਰਜ਼ੀਆਂ ਦਿੱਤੀਆਂ ਸਨ, ਜਿਨਾਂ ਵਿਚੋਂ ਕਰੀਬ 19 ਲੱਖ ਲੋਕਾਂ ਨੂੰ ਬਾਹਰ ਰੱਖਿਆ ਗਿਆ, ਇਨਾਂ 'ਚੋਂ ਜ਼ਿਆਦਾਤਰ ਉਹ ਲੋਕ ਹਨ, ਜੋ ਅਸਲੀ ਨਾਗਰਿਕ ਹਨ ਪਰ ਕਿਸੇ ਕਾਰਨ ਕਰਕੇ ਆਪਣੀ ਨਾਗਰਿਕਤਾ ਸਾਬਤ ਕਰਨ ਲਈ ਲੋੜੀਂਦੇ ਦਸਤਾਵੇਜ਼ ਪੇਸ਼ ਨਹੀਂ ਕਰ ਸਕੇ। ਇਹ ਸਾਰੀ ਪ੍ਰਕਿਰਿਆ ਸਰਬਉੱਚ ਅਦਾਲਤ ਵਲੋਂ ਚਲਾਈ ਗਈ ਸੀ। ਬਾਵਜੂਦ ਇਸ ਦੇ ਕਿ ਇਸ ਨਾਲ ਨਾਗਰਿਕਤਾ ਐਕਟ, 1955 ਦੇ ਸੈਕਸ਼ਨ 6 ਏ ਦੀ ਸੰਵਿਧਾਨਕ ਵੈਧਤਾ ਨੂੰ ਚੁਣੌਤੀ ਮਿਲਦੀ ਹੈ, ਜੋ ਰਾਸ਼ਟਰੀ ਨਾਗਰਿਕਤਾ ਰਜਿਸਟਰ ਲਈ ਕਾਨੂੰਨੀ ਆਧਾਰ ਮੁਹੱਈਆ ਕਰਵਾਉਂਦਾ ਹੈ ਅਤੇ ਇਹ ਅਜੇ ਵੀ ਅਦਾਲਤ ਕੋਲ ਲਮਕ ਰਿਹਾ ਹੈ। ਮਨੁੱਖਤਾਵਾਦ ਨਾਲ ਸਬੰਧਿਤ ਇਸ ਸੰਕਟ ਸਬੰਧੀ ਸਾਰੀਆਂ ਚਿੰਤਾਵਾਂ ਨੂੰ ਰੱਦ ਕਰਦਿਆਂ ਸਰਬਉੱਚ ਅਦਾਲਤ ਨੇ 31 ਅਗਸਤ, 2019 ਨੂੰ ਕਰੀਬ 19 ਲੱਖ ਲੋਕਾਂ ਨੂੰ ਬਾਹਰ ਰੱਖਦਿਆਂ ਫਾਈਨਲ ਰਾਸ਼ਟਰੀ ਨਾਗਰਿਕਤਾ ਰਜਿਸਟਰ ਨੂੰ ਪ੍ਰਕਾਸ਼ਿਤ ਕਰਨ ਦੇ ਨਿਰਦੇਸ਼ ਦੇ ਦਿੱਤੇ ਪਰ ਇਸ ਬਾਰੇ ਕੁਝ ਨਹੀਂ ਦੱਸਿਆ ਕਿ ਆਸਾਮ ਵਿਚ ਵਿਦੇਸ਼ੀ ਟ੍ਰਿਬਿਊਨਲਾਂ ਵਲੋਂ ਰਜਿਸਟਰ ਵਿਚੋਂ ਬਾਹਰ ਰੱਖੇ ਲੋਕਾਂ ਸਬੰਧੀ ਕੀ ਕੀਤਾ ਜਾਵੇਗਾ? ਇਸ ਤੋਂ ਵੀ ਜ਼ਿਆਦਾ ਮਹੱਤਵਪੂਰਨ ਗੱਲ ਇਹ ਹੈ ਕਿ ਆਸਾਮ ਵਿਚ ਉਥੋਂ ਦੀ ਭਾਜਪਾ ਨੇ ਪਖੰਡ ਭਰੇ ਲਹਿਜ਼ੇ ਵਿਚ ਇਸ ਰਜਿਸਟਰ ਨੂੰ ਬੇਨਿਯਮੀਆਂ ਦਾ ਹਵਾਲਾ ਦੇ ਕੇ ਰੱਦ ਕੀਤਾ ਹੈ। ਪਰ ਅੰਦਰੋਂ-ਅੰਦਰੀਂ ਉਹ ਬਹੁਤ ਨਾਖੁਸ਼ ਹਨ ਕਿਉਂਕਿ 19 ਲੱਖ ਲੋਕਾਂ ਵਿਚੋਂ ਕਰੀਬ 12-13 ਲੱਖ ਲੋਕ ਹਿੰਦੂ ਭਾਈਚਾਰੇ ਨਾਲ ਸਬੰਧਿਤ ਹਨ।

5 ਅਗਸਤ, 2019 ਨੂੰ ਕੇਂਦਰ ਸਰਕਾਰ ਨੇ ਇਕਪਾਸੜ ਢੰਗ ਨਾਲ ਸੰਵਿਧਾਨ ਦੀ ਧਾਰਾ 370, ਜੋ ਜੰਮੂ ਅਤੇ ਕਸ਼ਮੀਰ ਸੂਬੇ ਨੂੰ ਵਿਸ਼ੇਸ਼ ਦਰਜਾ ਦਿੰਦਾ ਸੀ, ਨੂੰ ਹਟਾ ਦਿੱਤਾ ਅਤੇ ਪੂਰੇ ਸੂਬੇ ਵਿਚ ਇੰਟਰਨੈੱਟ ਸੰਚਾਰ 'ਤੇ ਪੂਰੀ ਤਰਾਂ ਪਾਬੰਦੀ ਅਤੇ ਕਰਫਿਊ ਲਗਾ ਦਿੱਤਾ ਗਿਆ ਸੀ, ਵਿਦਿਆਰਥੀਆਂ, ਸਿਆਸੀ ਆਗੂਆਂ, ਵਕੀਲਾਂ ਅਤੇ ਸਮਾਜਿਕ ਕਾਰਕੁਨਾਂ ਸਣੇ ਹਜ਼ਾਰਾਂ ਨਾਗਰਿਕਾਂ ਨੂੰ ਲੋਕ ਸੁਰੱਖਿਆ ਐਕਟ ਅਧੀਨ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਜਦੋਂ ਦੇਸ਼ ਦੀ ਸਰਬਉੱਚ ਅਦਾਲਤ ਵਿਚ ਮੀਡੀਆ ਅਤੇ ਹੋਰ ਸਾਧਨਾਂ 'ਤੇ ਲਾਈਆਂ ਪਾਬੰਦੀਆਂ ਨੂੰ ਚੁਣੌਤੀ ਦਿੱਤੀ ਗਈ ਤਾਂ ਅਦਾਲਤ ਨੇ ਸੁਣਵਾਈ ਸ਼ੁਰੂ ਕਰਨ 'ਚ ਹੀ ਕਰੀਬ 60 ਦਿਨ ਲਾ ਦਿੱਤੇ। ਜ਼ਿੰਦਗੀਆਂ ਅਤੇ ਆਜ਼ਾਦੀ ਨੂੰ ਖ਼ਤਰੇ ਦੇ ਮਾਮਲਿਆਂ ਨੂੰ ਸਰਬਉੱਚ ਅਦਾਲਤ ਵਲੋਂ ਕੋਈ ਵੀ ਮਹੱਤਤਾ ਨਹੀਂ ਦਿੱਤੀ ਗਈ, ਜੋ ਕਿ ਬਹੁਤ ਜ਼ਰੂਰੀ ਸੀ ਅਤੇ ਦੂਜੇ ਪਾਸੇ ਸਰਬਉੱਚ ਅਦਾਲਤ ਨੇ ਸਰਕਾਰ ਨੂੰ ਆਪਣਾ ਹਲਫ਼ੀਆ ਬਿਆਨ ਦੇਣ ਲਈ ਚੋਖਾ ਸਮਾਂ ਦੇ ਦਿੱਤਾ। ਇਸ ਤੋਂ ਇਲਾਵਾ ਸਿਆਸੀ ਕੈਦੀਆਂ ਦੇ ਮਾਮਲੇ ਵਿਚ ਸਰਬਉੱਚ ਅਦਾਲਤ ਨੇ ਸਿਰਫ ਇਕ-ਦੋ ਸਿਆਸਤਦਾਨਾਂ ਨੂੰ ਸਿਆਸੀ ਕੈਦੀਆਂ ਨਾਲ ਮੁਲਾਕਾਤ ਕਰਨ ਦੀ ਇਜਾਜ਼ਤ ਦਿੱਤੀ। ਪਰ ਇਕ ਸ਼ਰਤ ਇਹ ਰੱਖੀ ਕਿ ਕਸ਼ਮੀਰ ਵਿਚ ਅਤੇ ਕਸ਼ਮੀਰ ਤੋਂ ਬਾਹਰ ਵੀ ਉਹ ਆਪਣੇ ਕਸ਼ਮੀਰੀ ਦੌਰੇ ਬਾਰੇ ਮੀਡੀਆ ਨਾਲ ਗੱਲ ਨਹੀਂ ਕਰਨਗੇ। ਨਿਆਂਕਾਰੀ 'ਤੇ ਪਾਬੰਦੀ ਜਾਰੀ ਰਹੀ, ਜਦੋਂ ਸਰਬਉੱਚ ਅਦਾਲਤ ਨੇ ਪਟੀਸ਼ਨਰਾਂ ਨੂੰ ਕਿਹਾ ਕਿ ਉਹ ਆਪਣੇ ਕਸ਼ਮੀਰੀ ਦੌਰੇ ਦੀ ਰਿਪੋਰਟ 'ਸੀਲਬੰਦ ਲਿਫ਼ਾਫ਼ੇ' 'ਚ ਦੇਣ ਅਤੇ 27 ਦਸੰਬਰ, 2019 ਨੂੰ ਸਰਬਉੱਚ ਅਦਾਲਤ ਨੇ ਸੰਚਾਰ ਪਾਬੰਦੀਆਂ ਨੂੰ ਚੁਣੌਤੀ ਦਿੰਦੀਆਂ ਪਟੀਸ਼ਨਾਂ 'ਤੇ ਫ਼ੈਸਲਾ ਰਾਖਵਾਂ ਰੱਖ ਲਿਆ ਅਤੇ ਅਜੇ ਤੱਕ ਫ਼ੈਸਲਾ ਨਹੀਂ ਸੁਣਾਇਆ। ਕਸ਼ਮੀਰ ਬੀਤੇ ਕਰੀਬ 5 ਮਹੀਨਿਆਂ ਤੋਂ ਪਾਬੰਦੀਆਂ ਦਾ ਸਾਹਮਣਾ ਕਰ ਰਿਹਾ ਹੈ, ਉਥੇ ਸਿਰਫ ਕੁਝ ਕੁ ਲੈਂਡਲਾਈਨ ਫੋਨ ਕੰਮ ਕਰਦੇ ਹਨ, ਮੋਬਾਈਲ ਸੰਦੇਸ਼ ਪਿਛਲੇ ਦਿਨੀਂ ਹੁਣ ਬਹਾਲ ਹੋਏ ਹਨ ਅਤੇ ਮੋਬਾਈਲ ਇੰਟਰਨੈੱਟ ਤੇ ਬ੍ਰਾਡਬੈਂਡ ਅਜੇ ਵੀ ਸੀਮਤ ਥਾਵਾਂ 'ਤੇ ਹੀ ਮੁਹੱਈਆ ਹੈ ਅਤੇ ਜੰਮੂ-ਕਸ਼ਮੀਰ ਦੇ ਬਹੁਤ ਸਾਰੇ ਇਲਾਕਿਆਂ 'ਚ ਧਾਰਾ 144 ਲਾਗੂ ਹੈ। ਪਰ ਸਰਬਉੱਚ ਅਦਾਲਤ ਦੇਸ਼ ਵਿਚ ਬੁਨਿਆਦੀ ਹੱਕਾਂ ਦੀ ਪਹਿਰੇਦਾਰ ਨਹੀਂ ਰਹੀ। ਖ਼ਾਸ ਤੌਰ 'ਤੇ ਜੇਕਰ ਇਸ ਦਾ ਵਾਹ ਉਨਾਂ ਮਾਮਲਿਆਂ ਨਾਲ ਪਵੇ ਜੋ ਦੇਸ਼ ਦੇ ਪ੍ਰਬੰਧਕਾਂ ਲਈ ਸੁਆਦੀ ਨਹੀਂ ਹਨ।

ਹਾਲ ਹੀ ਵਿਚ 15 ਦਸੰਬਰ, 2019 ਦੀ ਰਾਤ ਨੂੰ ਜਾਮੀਆ ਯੂਨੀਵਰਸਿਟੀ ਅਤੇ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਦੇ ਵਿਦਿਆਰਥੀਆਂ ਨਾਲ ਦਿੱਲੀ ਪੁਲਿਸ ਅਤੇ ਉੱਤਰ ਪ੍ਰਦੇਸ਼ ਪੁਲਿਸ ਵਲੋਂ ਕੀਤੀ ਗਈ ਮਾਰਕੁੱਟ ਦੇ ਮਾਮਲੇ ਵਿਚ ਸਭ ਤੋਂ ਪਹਿਲਾਂ ਤਾਂ ਸਰਬਉੱਚ ਅਦਾਲਤ ਨੇ ਇਹ ਫ਼ਰਕ ਹੀ ਨਹੀਂ ਸਮਝਿਆ ਕਿ ਵਿਦਿਆਰਥੀ ਸ਼ਾਂਤਮਈ ਢੰਗ ਨਾਲ ਪ੍ਰਦਰਸ਼ਨ ਕਰ ਰਹੇ ਸਨ ਜਦੋਂ ਕਿ ਪੁਲਿਸ ਨੇ ਯੂਨੀਵਰਸਿਟੀਆਂ ਦੇ ਵਿਹੜਿਆਂ 'ਚ ਲਾਇਬ੍ਰੇਰੀ, ਕੰਟੀਨ ਅਤੇ ਮਸਜਿਦ ਵਰਗੀਆਂ ਥਾਵਾਂ ਨੂੰ ਵੀ ਨਹੀਂ ਬਖ਼ਸ਼ਿਆ ਅਤੇ ਵਿਦਿਆਰਥੀਆਂ 'ਤੇ ਡਾਂਗਾਂ ਵਰਾਈਆਂ, ਅੱਥਰੂ ਗੈਸ ਦੀ ਵਰਤੋਂ ਕੀਤੀ, ਗੋਲੀਆਂ ਵੀ ਚਲਾਈਆਂ ਤੇ ਰੱਜ ਕੇ ਹਿੰਸਾ ਕੀਤੀ। ਅਜਿਹੇ ਵਿਚ ਮੁੱਖ ਜੱਜ ਐਮ.ਏ. ਬੋਬੜੇ ਦਾ ਬਿਆਨ ਆਇਆ ਕਿ 'ਪਹਿਲਾਂ ਹਿੰਸਾ ਨੂੰ ਰੋਕਣਾ ਜ਼ਰੂਰੀ ਸੀ' ਅਤੇ 'ਜਨਤਕ ਜਾਇਦਾਦ ਨੂੰ ਨੁਕਸਾਨ ਨਹੀਂ ਸੀ ਪਹੁੰਚਾਉਣਾ ਚਾਹੀਦਾ'। ਅਜਿਹੇ ਬਿਆਨਾਂ ਤੋਂ ਜਾਪਦਾ ਹੈ ਕਿ ਅਦਾਲਤ ਹਿੰਸਾ ਲਈ ਵਿਦਿਆਰਥੀਆਂ ਨੂੰ ਜ਼ਿੰਮੇਵਾਰ ਠਹਿਰਾਅ ਰਹੀ ਹੈ ਜਦੋਂ ਕਿ ਕਈ ਦਸਤਾਵੇਜ਼ੀ ਸਬੂਤਾਂ ਤੋਂ ਪਤਾ ਲਗਦਾ ਹੈ ਕਿ ਪੁਲਿਸ ਹਿੰਸਾ ਫੈਲਾਉਣ ਅਤੇ ਜਨਤਕ ਜਾਇਦਾਦ ਨੂੰ ਨੁਕਸਾਨ ਪਹੁੰਚਾਉਣ 'ਚ ਸ਼ਾਮਿਲ ਸੀ, ਭਾਵੇਂ ਉਹ ਜਾਮੀਆ ਯੂਨੀਵਰਸਿਟੀ ਹੋਵੇਗੀ, ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਹੋਵੇ ਤੇ ਭਾਵੇਂ ਉੱਤਰ ਪ੍ਰਦੇਸ਼ ਦੇ ਵੱਖ-ਵੱਖ ਜ਼ਿਲੇ ਹੋਣ। 17 ਦਸੰਬਰ, 2019 ਨੂੰ ਜਾਮੀਆ ਯੂਨੀਵਰਸਿਟੀ ਅਤੇ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ 'ਤੇ ਪੁਲਸੀਆ ਤਸ਼ੱਦਦ ਦੇ ਦੋਸ਼ਾਂ ਦੀ ਨਿਆਇਕ ਪੜਤਾਲ ਕਰਨ ਦੀ ਮੰਗ ਕਰਦੀਆਂ ਪਟੀਸ਼ਨਾਂ 'ਤੇ ਸੁਣਵਾਈ ਕਰਦਿਆਂ ਸਰਬਉੱਚ ਅਦਾਲਤ ਨੇ ਆਪਣਾ ਪੱਲਾ ਝਾੜ ਲਿਆ ਤੇ ਪਟੀਸ਼ਨਕਾਰਾਂ ਨੂੰ ਸਬੰਧਿਤ ਉੱਚ ਅਦਾਲਤਾਂ 'ਚ ਜਾਣ ਲਈ ਕਹਿ ਦਿੱਤਾ। ਇਸ ਤੋਂ ਇਲਾਵਾ ਨਿਹੱਥੇ ਵਿਦਿਆਰਥੀਆਂ 'ਤੇ ਯੂਨੀਵਰਸਿਟੀ ਲਾਇਬ੍ਰੇਰੀ ਵਿਚ ਗੋਲੀ ਚਲਾਉਣ ਦੇ ਗੰਭੀਰ ਦੋਸ਼ਾਂ ਦੇ ਮਾਮਲੇ ਵਿਚ ਦੇਸ਼ ਦੀ ਸਰਬਉੱਚ ਅਦਾਲਤ, ਜੋ ਵਿਸ਼ਵ ਦੀਆਂ ਸਭ ਤੋਂ ਤਾਕਤਵਰ ਸੰਵਿਧਾਨਕ ਅਦਾਲਤਾਂ ਵਿਚੋਂ ਇਕ ਹੈ, ਨੇ ਇਸ 'ਤੇ ਚੁੱਪੀ ਧਾਰ ਲਈ। ਦਰਅਸਲ, ਹੁਣ ਇਹ ਸਭ ਕੁਝ ਹੈਰਾਨੀ ਭਰਿਆ ਨਹੀਂ ਰਿਹਾ। ਬੀਤੇ ਦੋ ਸਾਲਾਂ ਤੋਂ ਨਿਆਂਪਾਲਿਕਾ ਦੀਆਂ ਕਾਰਵਾਈਆਂ ਤੋਂ ਪਤਾ ਲਗਦਾ ਹੈ ਕਿ ਇਸ ਨੇ, ਖ਼ਾਸ ਤੌਰ 'ਤੇ ਸਰਬਉੱਚ ਅਦਾਲਤ ਨੇ ਭਾਰਤੀ ਲੋਕਾਂ ਦੇ ਬੁਨਿਆਦੀ ਅਧਿਕਾਰਾਂ ਦੀ ਜ਼ਿੰਮੇਵਾਰੀ ਨਿਭਾਉਣ ਦਾ ਕਾਰਜ ਤਿਆਗ ਦਿੱਤਾ ਹੈ। ਜਾਮੀਆ ਯੂਨੀਵਰਸਿਟੀ ਅਤੇ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ 'ਚ ਹੋਈ ਹਿੰਸਾ ਦੇ ਮਾਮਲੇ ਵਿਚ ਅਦਾਲਤ ਵਲੋਂ ਪੜਤਾਲ ਕਰਨ ਤੋਂ ਇਨਕਾਰ ਕਰ ਦੇਣਾ ਕਲਪਨਾ ਤੋਂ ਪਰੇ ਹੈ। ਇਸ ਰਵੱਈਏ ਨੇ ਭਾਰਤੀ ਲੋਕਾਂ ਦਾ ਲੱਕ ਤੋੜ ਕੇ ਰੱਖ ਦਿੱਤਾ ਹੈ, ਖ਼ਾਸ ਤੌਰ 'ਤੇ ਮੁਸਲਮਾਨ ਭਾਈਚਾਰੇ ਦਾ, ਜੋ ਸੀ.ਏ.ਏ., ਐਨ.ਆਰ.ਸੀ. (ਹੁਣ ਤਾਂ ਰਾਸ਼ਟਰੀ ਆਬਾਦੀ ਰਜਿਸਟਰ ਨੂੰ ਵੀ ਸ਼ਾਮਿਲ ਕਰ ਲੈਣਾ ਚਾਹੀਦਾ ਹੈ) ਦਾ ਵਿਰੋਧ ਕਰ ਰਹੇ ਹਨ। ਇਸ ਤੋਂ ਇਲਾਵਾ ਚੁੱਪ ਬੈਠੇ ਮੁੱਖ ਧਾਰਾ ਦੇ ਭਾਰਤੀਆਂ, ਵਿਦਿਆਰਥੀਆਂ (ਇਕੱਲੇ ਜੇ.ਐਨ.ਯੂ. ਦੇ ਹੀ ਨਹੀਂ), ਪੇਸ਼ੇਵਰ ਲੋਕ, ਸੱਭਿਅਕ ਸਮਾਜ ਦਾ ਵੱਡਾ ਹਿੱਸਾ ਇਸ ਵਰਤਾਰੇ ਤੋਂ ਪ੍ਰੇਸ਼ਾਨ ਹੈ, ਜਿਨਾਂ ਨੇ ਇਹ ਮਹਿਸੂਸ ਕਰ ਲਿਆ ਹੈ ਕਿ ਇਹ ਲੜਾਈ ਅੰਤ ਤੱਕ ਲੜੀ ਜਾਣ ਵਾਲੀ ਹੈ। ਮੋਦੀ-ਸ਼ਾਹ ਦਾ ਸ਼ਾਸਨ ਭੰਨ-ਤੋੜ ਕਰਦਾ ਲੰਘ ਰਿਹਾ ਹੈ ਜਿਵੇਂ ਮੁਸਲਮਾਨਾਂ ਪ੍ਰਤੀ ਬਹੁਤ ਵਿਤਕਰੇ ਵਾਲੇ ਕਾਨੂੰਨ ਲਿਆਉਣਾ, ਸਾਡੀ ਨਾਗਰਿਕਤਾ ਦੇ ਢਾਂਚੇ ਦੇ ਨਿਰਪੱਖ ਸੁਭਾਅ ਨੂੰ ਉਲਟਾ ਦੇਣਾ ਅਤੇ ਇਹ ਵੀ ਕਿ ਅਦਾਲਤਾਂ ਇਸ ਸੰਘਰਸ਼ ਵਿਚ ਸਾਡੇ ਨਾਲ ਨਹੀਂ ਹਨ।

'ਵਚਨਬੱਧ ਨਿਆਂਪਾਲਿਕਾ' ਦੇ ਬੀਜ ਪਿਛਲੇ 6 ਸਾਲਾਂ ਤੋਂ ਬੀਜੇ ਜਾ ਰਹੇ ਸਨ, ਜਿਨਾਂ ਨੂੰ ਹੁਣ ਫਲ ਲੱਗਣੇ ਸ਼ੁਰੂ ਹੋ ਗਏ ਹਨ। ਜਿਵੇਂ ਮੌਜੂਦਾ ਫਾਸ਼ੀਵਾਦੀ ਸ਼ਾਸਨ ਵਿਚ ਨਿਆਂਪਾਲਿਕਾ ਜਾਂ ਤਾਂ ਇਕ ਸੁਸਤ ਤਮਾਸ਼ਬੀਨ ਬਣ ਚੁੱਕੀ ਹੈ ਜਾਂ ਕੁਝ ਮਾਮਲਿਆਂ ਵਿਚ ਯੋਗ ਬਣ ਚੁੱਕੀ ਹੈ। ਇਸ ਲਈ ਭਾਰਤ ਦੇ ਆਮ ਲੋਕਾਂ ਨੇ ਸੰਵਿਧਾਨ ਨੂੰ ਬਚਾਉਣ ਅਤੇ ਕਾਇਮ ਰੱਖਣ ਦਾ ਨਿਸ਼ਾਨਾ ਮਿੱਥ ਲਿਆ ਹੈ, ਜਿਵੇਂ ਬਹੁਤ ਸਾਰੇ ਮਾਰਚ, ਭੂਮਿਕਾ ਅਤੇ ਬਰਾਬਰੀ, ਗ਼ੈਰ-ਵਿਤਕਰੇਬਾਜ਼ੀ ਅਤੇ ਆਜ਼ਾਦੀ ਦੇ ਬੁਨਿਆਦੀ ਅਧਿਕਾਰਾਂ ਨੂੰ ਪੜਨ ਨਾਲ ਸ਼ੁਰੂ ਹੋ ਰਹੇ ਹਨ। ਆਖ਼ਰਕਾਰ ਸੰਵਿਧਾਨ ਨੂੰ ਭਾਰਤੀ ਲੋਕਾਂ ਵਲੋਂ ਪ੍ਰਵਾਨ ਅਤੇ ਮਹਿਸੂਸ ਕੀਤਾ ਜਾ ਰਿਹਾ ਹੈ, ਕਿਉਂਕਿ ਇਹ ਉਹੀ ਲੋਕ ਹਨ, ਜਿਨਾਂ ਨੇ ਇਸ ਨੂੰ ਬਚਾਉਣਾ ਪਏਗਾ। ਦਿੱਲੀ ਦੇ ਸ਼ਹੀਨ ਬਾਗ ਵਿਚ ਸੈਂਕੜੇ ਔਰਤਾਂ ਕੜਾਕੇ ਦੀ ਠੰਢ ਵਿਚ ਬੈਠ ਕੇ ਕਰੀਬ 3 ਹਫ਼ਤੇ ਤੋਂ 24 ਘੰਟੇ ਧਰਨੇ 'ਤੇ ਬੈਠ ਕੇ ਪ੍ਰਦਰਸ਼ਨ ਕਰ ਰਹੀਆਂ ਹਨ। ਉਹ ਔਰਤਾਂ ਆਪਣੀਆਂ ਇੱਛਾਵਾਂ ਅਤੇ ਉਨਾਂ ਦੇ ਬੱਚਿਆਂ ਦੇ ਭਵਿੱਖ ਲਈ ਅਤੇ ਦੇਸ਼ ਲਈ ਬਚਾਉਣ ਲਈ 'ਸੰਵਿਧਾਨ' ਨੂੰ ਹੀ ਸਭ ਤੋਂ ਵੱਡੀ ਚੀਜ਼ ਮੰਨਦੀਆਂ ਹਨ। 'ਅਗਰ ਸੰਵਿਧਾਨ ਬਚੇਗਾ, ਤਭੀ ਦੇਸ਼ ਬਚੇਗਾ' ਦਾ ਨਾਅਰਾ ਸਾਦਾ ਹੈ ਪਰ ਬਹੁਤ ਤਾਕਤਵਰ ਹੈ। ਪਰ ਬਦਕਿਸਮਤੀ ਨਾਲ ਮੌਜੂਦਾ ਸਰਬਉੱਚ ਅਦਾਲਤ ਨੇ ਇਸ ਨੂੰ ਸਮਝਣ ਤੋਂ ਇਨਕਾਰ ਕਰ ਦਿੱਤਾ ਹੈ। ਸੋ, ਨਿਆਂਪਾਲਿਕਾ ਅਤੇ ਭਾਰਤੀ ਲੋਕਾਂ ਵਿਚਾਲੇ ਤੋੜ-ਵਿਛੋੜਾ ਕਰੀਬ ਮੁਕੰਮਲ ਹੋ ਚੁੱਕਾ ਹੈ। ਇਹ ਭਾਰਤੀ ਸੰਵਿਧਾਨ ਅਤੇ ਸਾਡੇ ਭਾਰਤ ਦੇ ਲੋਕਾਂ ਵਿਚਾਲੇ ਸਭ ਤੋਂ ਸੋਹਣੇ ਰਿਸ਼ਤੇ ਦੀ ਸ਼ੁਰੂਆਤ ਹੈ।

---

# ਖੇਤਾਂ ਦਾ ਪੁੱਤ ਬਣਿਆ ਐਡੀਸਨ ਦਾ ਹਮ-ਰਕਾਬ

**-ਅਜੀਤ ਸਿੰਘ ਰੂਪਤਾਰਾ**

ਟਾਂਡਾ ਦੇ ਨਜ਼ਦੀਕੀ ਪਿੰਡ ਧੁੱਗਾ ਕਲਾਂ ਦੇ ਜੰਮਪਲ ਸਿੱਖ ਵਿਗਿਆਨੀ ਡਾਕਟਰ ਕੰਵਰਪਾਲ ਸਿੰਘ ਧੁੱਗਾ ਦਾ ਅਮਰੀਕਨ ਐਸੋਸ਼ੀਏਸ਼ਨ ਫਾਰ ਦੀ ਐਡਵਾਂਸਮੈਂਟ ਆਫ ਸਾਇੰਸ (ਏਏਏਐੱਸ) ਨੇ ਆਪਣੀ ਸੰਸਥਾ ਲਈ ਦੀ ਵਕਾਰੀ ਫੈਲੋਸ਼ਿਪ ਲਈ ਚੁਣਿਆ ਜਾਣਾ ਜਿੱਥੇ ਪਰਿਵਾਰ ਅਤੇ ਇਲਾਕੇ ਲਈ ਮਾਣ ਮੱਤੀ ਪ੍ਰਾਪਤੀ ਏ ਉੱਥੇ ਸਿੱਖ ਜਗਤ ਲਈ ਵੀ ਮਾਣ ਵਾਲੀ ਗੱਲ ਹੈ। ਆਮ ਤੌਰ ਤੇ ਆਪਣੇ ਸਪੈਨਿਸ਼ ਸੰਖੇਪ ਸੀਆਈਐੱਮਐੱਮਵਾਈਟੀ ਦੇ ਨਾਮ ਨਾਲ ਜਾਣੀ ਜਾਂਦੀ ਵਿਸ਼ਵ ਪ੍ਰਸਿੱਧ ਅਮਰੀਕੀ ਖੇਤੀ ਵਿਗਿਆਨ ਸੰਸਥਾ ਇੰਟਰਨੈਸ਼ਨਲ ਮੇਜ਼ ਐਂਡ ਵੀਟ ਇੰਪਰੂਵਮੈਂਟ ਸੈਂਟਰ ਵਿੱਚ ਮੁਖੀ ਬਾਇਓ ਟੈਕਨਾਲੋਜੀ ਵਿਗਿਆਨੀ ਵਜੋਂ ਕੰਮ ਕਰ ਰਹੇ ਸਟੈਨਫੋਰਡ ਯੂਨੀਵਰਸਿਟੀ ਦੇ ਸਾਬਕਾ ਵਿਦਿਆਰਥੀ ਡਾਕਟਰ ਧੁੱਗਾ ਜਗਤ ਪ੍ਰਸਿੱਧ ਖੋਜਕਾਰ ਥਾਮਸ ਐਡੀਸਨ, ਮੰਨੇ ਪ੍ਰਮੰਨੇ ਮਾਨਵ ਵਿਗਿਆਨੀ ਮਾਰਗ੍ਰੇਟ ਰੀਡ ਤੇ ਪ੍ਰਸਿੱਧ ਵਿਗਿਆਨ ਲੇਖਕ ਜਾਰੇਡ ਡਾਇਮੰਡ ਦੇ ਤੁੱਲ ਏਏਏਐੱਸ ਵੱਲੋਂ ਮਿਲੀ ਫੈਲੋਸ਼ਿਪ ਨੂੰ ਆਪਣੇ ਲਈ ਇੱਕ ਵੱਡਾ ਮਾਣ ਸਮਝਦੇ ਨੇ। ਡਾਕਟਰ ਧੁੱਗਾ ਵੱਲੋਂ ਪੌਦਾ ਸੈੱਲ ਕੰਧ ਦੀ ਬਣਤਰ ਸੰਬੰਧੀ ਮੱਕੀ ਅਤੇ ਸੋਇਆਬੀਨ ਤੋਂ ਉੱਚ ਮੁੱਲੇ ਪ੍ਰਯੋਗਿਕ ਬਹੁਲਕ ਬਣਾਉਣ ਅਤੇ ਪੌਦਿਆਂ ਵਿੱਚ ਨਾਈਟ੍ਰੋਜਨ ਦੀ ਅਭੇਦਤਾ, ਢੋਆ ਢੁਆਈ ਅਤੇ ਮੈਟਾਬਾਲਿਜ਼ਮ ਸਬੰਧੀ ਕੀਤੀਆਂ ਗਈਆਂ ਖੋਜਾਂ ਦੇ ਮੱਦੇਨਜ਼ਰ ਏਏਏਐੱਸ ਨੇ ਉਨਾਂ ਨੂੰ ਆਪਣੀ ਫੈਲੋਸ਼ਿਪ ਲਈ ਚੁਣਿਆ। ਮੱਕੀ ਅਤੇ ਕਣਕ ਦੇ ਜੀਨਜ਼ ਵਿੱਚ ਪਰਿਵਰਤਨ ਅਤੇ ਬਿਮਾਰੀ ਰੋਧਕ ਫ਼ਸਲ ਦੀ ਪ੍ਰਾਪਤੀ ਸਬੰਧੀ ਉਨਾਂ ਦੇ ਖੋਜ ਪੱਤਰ ਅਕਸਰ ਮੰਨੇ ਪ੍ਰਮੰਨੇ ਅੰਤਰਰਾਸ਼ਟਰੀ ਖੋਜ ਰਸਾਲਿਆਂ ਸਾਇੰਸ, ਪ੍ਰੋਸੀਡਿੰਗਸ ਆਫ ਦਿ ਨੈਸ਼ਨਲ ਅਕੈਡਮੀ ਆਫ ਸਾਇੰਸ ਅਮਰੀਕਾ, ਪਲਾਂਟ ਸੈੱਲ, ਮਾਲੀਕਿਊਲਰ ਪਲਾਂਟ, ਪਲਾਂਟ, ਬਾਇਓਟੈਕਨਾਲੋਜੀ ਜਰਨਲ ਅਤੇ ਪਲਾਂਟ ਫਿਜ਼ਿਆਲਾਜੀ ਆਦਿ ਵਿੱਚ ਛਪਦੇ ਰਹਿੰਦੇ ਹਨ। ਧੁੱਗਾ ਦੀ ਇਸ ਪ੍ਰਾਪਤੀ ਤੇ ਸੀ ਆਈ ਐਮ ਐਮ ਵਾਈ ਟੀ ਦੇ ਜੈਨੇਟਿਕਸ ਪ੍ਰੋਗਰਾਮ ਦੇ ਡਾਇਰੈਕਟਰ ਕੇਵਿਨ ਪਿਕਸਲ ਨੇ ਕਿਹਾ ਕੇ ਡਾਕਟਰ ਧੁੱਗਾ ਦਾ ਸਾਡੀ ਟੀਮ ਵਿੱਚ ਹੋਣਾ ਵੱਡੇ ਮਾਣ ਵਾਲੀ ਗੱਲ ਹੈ।

ਪਿੰਡ ਦੇ ਸਕੂਲ ਤੋਂ ਆਪਣੀ ਮੁੱਢਲੀ ਪੜਾਈ ਪੂਰੀ ਕਰਨ ਉਪਰੰਤ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਤੋਂ ਐਮਐਸਸੀ ਪਲਾਂਟ ਬਰੀਡਿੰਗ, ਯੂਨੀਵਰਸਿਟੀ ਆਫ ਕੈਲੀਫੋਰਨੀਆ ਰਿਵਰਸਾਈਡ ਤੋਂ ਪਲਾਂਟ ਜੈਨੇਟਿਕਸ ਵਿੱਚ ਪੀਐਚ ਡੀ ਅਤੇ ਸਟੈਨਫੋਰਡ ਯੂਨੀਵਰਸਿਟੀ ਤੋਂ ਮੈਂਬਰੇਨ ਪ੍ਰੋਟੀਨ ਬਾਇਓ ਕੈਮਿਸਟਰੀ ਅਤੇ ਸੈੱਲ ਕੰਧ ਸੰਸਲੇਸ਼ਣ ਦੀ ਖੋਜ ਵਿੱਚ ਪੋਸਟ ਡਾਕਟਰੇਟ ਕਰਨ ਵਾਲੇ ਡਾਕਟਰ ਧੁੱਗਾ ਦੀ ਮੁੱਖ ਖੋਜ ਗੁਆਰੇ ਅਤੇ ਨਾਰੀਅਲ ਤੇ ਕੀਤੀਆਂ ਖੋਜਾਂ ਹਨ। ਸੀ ਆਈ ਐਮ ਐਮ ਵਾਈ ਟੀ ਤੋਂ ਪਹਿਲਾਂ 1996 ਤੋਂ 2004 ਤੱਕ ਵਿਸ਼ਵ ਪ੍ਰਸਿੱਧ ਬੀਜ ਕੰਪਨੀ ਡੁ-ਪੁਆਇੰਟ ਪਾਇਓਨੀਅਰ ਵਿਖੇ ਕੰਮ ਕਰਦਿਆਂ ਡਾਕਟਰ ਧੁੱਗਾ ਨੇ ਗੁਆਰ ਗਮ ਬਣਾਉਣ ਲਈ ਹੋਣ ਵਾਲੀਆਂ ਰਸਾਇਣਕ ਕਿਰਿਆਵਾਂ ਲਈ ਜ਼ਿੰਮੇਵਾਰ ਐਂਜਾਈਮਜ਼ ਦੇ ਜੀਨ ਦੀ ਖੋਜ, ਆਈਸਕ੍ਰੀਮ ਅਤੇ ਸ਼ੈਂਪੂ ਉਦਯੋਗ ਵਿੱਚ ਵਰਤੋਂ ਵਿੱਚ ਆਉਣ ਵਾਲੀ ਅਤੇ ਕੋਕੋਨਟ ਕਰਨਲ ਦੇ ਮੁੱਖ ਅੰਸ਼ ਨਾਲ ਸੰਬੰਧਤ ਇੱਕ ਸੈੱਲ ਕੰਧ ਬਹੁਲਕ ਦੀ ਖੋਜ ਕੀਤੀ। ਆਪਣੀ ਇਸ ਖੋਜ ਦੌਰਾਨ ਡਾਕਟਰ ਧੁੱਗਾ ਨੇ ਬਾਇਓ ਕੈਮੀਕਲ ਸਬੂਤਾਂ ਰਾਹੀਂ ਪਹਿਲੀ ਵਾਰ ਸਾਬਤ ਕੀਤਾ ਕਿ ਪਲਾਂਟ ਸੈਲੂਲੋਜ਼ ਦੇ ਜੀਨਜ਼ ਵੀ ਸੈੱਲ ਕੰਧ ਬਾਲਕ ਬਣਾਉਣ ਵਿੱਚ ਭੂਮਿਕਾ ਨਿਭਾਉਂਦੇ ਹਨ। ਉਨਾਂ ਦੀ ਇਸ ਖੋਜ ਨੂੰ ਜਗਤ ਪ੍ਰਸਿੱਧ ਵਿਗਿਆਨ ਜਨਰਲ 'ਸਾਇੰਸ' ਨੇ ਛਾਪਿਆ। ਡਾਕਟਰ ਧੁੱਗਾ ਨਾਰੀਅਲ ਦੇਖਦਿਆਂ ਹੀ ਖੁਸ਼ੀ ਨਾਲ ਖੀਵੇ ਹੋ ਜਾਂਦੇ ਨੇ ਕਿਉਂਕਿ ਉਹ ਪਹਿਲੇ ਵਿਅਕਤੀ ਹਨ ਜਿਨਾਂ ਨੇ ਇਹ ਖੋਜ ਕੀਤੀ ਕਿ ਕਿਵੇਂ ਇੱਕ ਸਾਧਾਰਨ ਅਣੂ ਗੁੰਝਲਦਾਰ ਮੈਟ੍ਰਿਕਸ ਬਣਦੇ ਹੋਏ ਨਾਰੀਅਲ ਦਾ ਖਾਣਯੋਗ ਹਿੱਸਾ ਬਣ ਜਾਂਦਾ ਹੈ। ਡਾਕਟਰ ਧੁੱਗਾ ਦੀ ਖੋਜ ਦੀ ਮੁੱਖ ਪ੍ਰਾਪਤੀ ਜੈਨੇਟਿਕਸ ਅਤੇ ਬਾਇਓ ਕਮਿਸਟਰੀ ਦੀ ਅੰਤਰ ਅਨੁਸ਼ਾਸਨੀ ਖ਼ੋਜ ਪ੍ਰਬੰਧ ਸ਼ਕਤੀ ਦੀ ਲੱਭਤ ਹੈ। ਡਾਕਟਰ ਧੁੱਗਾ ਦੀਆਂ ਖੋਜਾਂ ਅਨੁਸਾਰ ਪ੍ਰਾਪਤ ਨਤੀਜਿਆਂ ਨੂੰ ਅੱਜ ਕਈ ਵਿਗਿਆਨੀ ਆਪਣੀ ਖੋਜ ਨੂੰ ਅੱਗੇ ਵਧਾਉਣ ਹਿੱਤ ਵਰਤ ਰਹੇ ਹਨ। ਡਾਕਟਰ ਧੁੱਗਾ ਹੁਣ ਤੱਕ ਆਸਟਰੇਲੀਆ, ਕੈਨੇਡਾ, ਭਾਰਤ, ਅਮਰੀਕਾ ਆਦਿ ਦੇ ਕਈ ਵਿਦਿਆਰਥੀਆਂ ਨੂੰ ਆਪਣੀ ਪੀ ਐੱਚ ਡੀ ਦੀ ਖੋਜ ਪੂਰੀ ਕਰਨ ਵਿੱਚ ਸਹਾਇਤਾ ਕਰ ਚੁੱਕੇ ਨੇ। ਡਾਕਟਰ ਧੁੱਗਾ ਨੂੰ ਆਪਣੇ ਵਿਗਿਆਨਕ ਕੈਰੀਅਰ ਦੌਰਾਨ ਅਮਰੀਕਨ ਊਰਜਾ ਵਿਭਾਗ, ਅਮਰੀਕਨ ਰਾਸ਼ਟਰੀ ਸਾਇੰਸ ਫਾਊਂਡੇਸ਼ਨ, ਯੂ ਐੱਸ ਏਡ, ਆਸਟਰੇਲੀਅਨ ਰਿਸਰਚ ਕੌਂਸਲ ਅਤੇ ਬਿੱਲ ਐਂਡ ਮਲਿੰਗਾ ਗੇਟਸ ਵਰਗੀਆਂ ਸੰਸਥਾਵਾਂ ਤੋਂ ਖੋਜ ਗਰਾਂਟਾਂ ਪ੍ਰਾਪਤ ਕਰਨ ਦਾ ਮਾਣ ਹਾਸਲ ਹੈ। ਬੇਹੱਦ ਮਿਲਣਸਾਰ ਹਸਮੁੱਖ ਅਤੇ ਮਿੱਠ ਬੋਲੜੇ ਡਾਕਟਰ ਧੁੱਗਾ ਨੇ ਜਿੱਥੇ ਵਿਗਿਆਨਕ ਜਗਤ ਵਿੱਚ ਆਪਣੇ ਲਈ ਇੱਕ ਵੱਖਰੀ ਪਹਿਚਾਣ ਬਣਾਈ ਉੱਥੇ ਉਹ ਆਪਣੇ ਜੱਦੀ ਪਿੰਡ ਤੇ ਪੰਜਾਬ ਨੂੰ ਵੀ ਦਿਲੋਂ ਨਹੀਂ ਵਿਸਾਰਦੇ। ਉਨਾਂ ਆਪਣੇ ਇਲਾਕੇ ਦੇ ਵਿਦਿਆਰਥੀਆਂ ਨੂੰ ਉੱਚ ਮਿਆਰੀ ਸਿੱਖਿਆ ਮੁਹੱਈਆ ਕਰਵਾਉਣ ਦੇ ਮੰਤਵ ਨਾਲ ਆਪਣੀ ਜੱਦੀ ਜ਼ਮੀਨ ਵੀ ਇੱਕ ਸਿੱਖਿਆ ਸੰਸਥਾ ਨੂੰ ਸਕੂਲ ਖੋਲਣ ਲਈ ਦਾਨ ਕੀਤੀ ਹੋਈ ਹੈ ਅਤੇ ਪੰਜਾਬ ਦੀਆਂ ਵਿਦਿਅਕ ਸੰਸਥਾਵਾਂ ਵਿੱਚ ਆਪਣੀਆਂ ਖੋਜਾਂ ਸਬੰਧੀ ਭਾਸ਼ਣ ਦੇਣ ਲਈ ਮਿਲਣ ਵਾਲੇ ਬੁਲਾਵੇ ਨੂੰ ਮਾਣ ਸਤਿਕਾਰ ਨਾਲ ਖਿੜੇ ਮੱਥੇ ਸਵੀਕਾਰਦੇ ਹਨ। ਇਹੀ ਨਹੀਂ ਡਾਕਟਰ ਧੁੱਗਾ ਅਮਰੀਕਾ ਵਿੱਚ ਇੱਕ ਸਕੂਲ ਲਈ ਮੈਂਟਰ ਵਜੋਂ ਸਮਾਜ ਸੇਵਾ ਵੀ ਕਰ ਰਹੇ ਨੇ ਅਤੇ ਧਾਰਮਿਕ ਕਾਰਜਾਂ ਵਿੱਚ ਸੇਵਾ ਨਿਭਾਉਣ ਵਿੱਚ ਵੀ ਮੋਹਰੀ ਰੋਲ ਅਦਾ ਕਰਦੇ ਹਨ। ਆਸ ਹੈ ਕਿ ਡਾ ਧੁੱਗਾ ਨੂੰ ਮਿਲਿਆ ਇਹ ਸਨਮਾਨ ਸਾਡੇ ਵਿਗਿਆਨ ਦੇ ਵਿਦਿਆਰਥੀਆਂ ਨੂੰ ਨਵੀਆਂ ਖੋਜਾਂ ਰਹੀ ਵਿਗਿਆਨ ਦੀ ਉਸਾਰੂ ਪੜਾਈ ਕਰਨ ਹਿੱਤ ਪ੍ਰੇਰਿਤ ਕਰਨ ਵਿੱਚ ਸਹਾਈ ਹੋਵੇਗਾ।

# ਤੱਥਾਂ ਸਾਹਮਣੇ ਕੂੜ ਪ੍ਰਚਾਰ ਦੀ ਜਿੱਤ ਸੰਭਵ ਨਹੀਂ

- ਭਾਈ ਰਾਮ ਸਿੰਘ

ਗੁਰਮੀਤ ਸਿੰਘ ਤੇ ਐਸ ਪੀ ਸਿੰਘ ਵਲੋਂ ਗੁਰਦੁਆਰਾ ਸਾਹਿਬ ਦਾ ਮਾਹੌਲ ਵਿਗਾੜਣ ਦੇ ਕਈ ਕਾਰਨ ਹਨ ਜਿਨਾਂ ਵਿੱਚ ਖ਼ਾਸ ਤੌਰ ਤੇ ਇਨਾਂ ਵੱਲੋਂ ਕੰਮ ਕਰਨ ਤੋਂ ਬਿਨਾ ਚੌਧਰੀ ਬਣੇ ਰਹਿਣਾ, ਐਸ ਪੀ ਦੇ ਰੇਡੀਉ ਲਈ 2500 ਡਾਲਰ ਪ੍ਰਤੀ ਮਹੀਨਾ ਗੁਰਦੁਆਰੇ ਤੋਂ ਮੰਗਣਾ, ਹਰਮਿੰਦਰ ਸਿੰਘ ਵੱਲੋਂ ਮਰਿਯਾਦੇ ਵਰਗੇ ਵਿਵਾਦੀ ਮਸਲੇ ਤੇ ਆਪਦੇ ਚਹੇਤੇ ਕਥਾਵਾਚਕ ਤੇ ਕੀਰਤਨੀਆਂ ਲਈ ਗੋਲਕ ਵਿੱਚੋਂ ਗੱਫੇ ਦੇਣੇ, ਬੀਬੀ ਅਰਵਿੰਦਰ ਕੌਰ ਵੱਲੋਂ ਸਪਾਂਸਿਰਸ਼ਿੱਪਾਂ ਭੇਜਣ ਦਾ ਮਸਲਾ ਤੇ ਕੁਲਜੀਤ ਸਿੰਘ ਵੱਲੋਂ ਮੰਦੀ ਭਾਸ਼ਾ ਦੀ ਵਰਤੋਂ ਮੁੱਖ ਹਨ। ਇਨਾਂ ਨੇ ਆਪਣੇ ਵਿਰੋਧੀ ਚੁੱਪ ਕਰਾਉਣ ਲਈ ਬਦਮਾਸ਼ੀ ਵਾਲਾ ਰਵੱਈਆ ਅਪਣਾਉਂਦੇ ਹੋਏ ਇਨਾਂ ਦੇ ਦਰਸ਼ਨ ਸੰਧੂ ਵੱਲੋਂ ਦੀਵਾਨ ਹਾਲ ਵਿੱਚ ਕਮੇਟੀ ਮੈਂਬਰ ਦੇ ਸਿਰ ਵਿੱਚ ਸਿਰੀ ਸਾਹਿਬ ਨਾਲ ਵਾਰ ਕਰਨ ਦਾ ਮਸਲਾ ਵੀ ਪ੍ਰਮੁੱਖ ਹਨ। ਇਨਾਂ ਦੇ ਹੀ ਇੱਕ ਨਵੇਂ ਚੌਧਰੀ ਹਰਜੀਤ ਸਿੰਘ ਵੱਲੋਂ ਸੰਗਤ ਦੇ ਮੈਂਬਰਾਂ ਦੀ ਬੇਇਜ਼ਤੀ ਕਰਨੀ ਅਤੇ ਉਸਾਰੀ ਵੇਲੇ ਅਣਗਿਣਤ ਬਦਲੀ (change) ਆਰਡਰ ਕਰਾ ਕੇ ਪੈਸੇ ਦੀ ਬਰਬਾਦੀ ਕਰਾਉਣੀ ਵੀ ਵਿਵਾਦ ਦਾ ਕਾਰਨ ਸਮਝਿਆ ਜਾਂਦਾ ਹੈ।

ਫਰੀਮਾਂਟ ਦੀਆਂ ਸੰਗਤਾਂ ਜਾਣਦੀਆਂ ਹਨ ਕਿ ਕਈ ਸਾਲ ਪਹਿਲਾਂ ਫਰੀਮਾਂਟ ਗੁਰਦੁਆਰਾ ਸਾਹਿਬ ਵਿਚ ਮਾਹੌਲ ਕਾਫੀ ਖਰਾਬ ਰਹਿੰਦਾ ਸੀ।2011 ਵਿਚ ਕੁਝ ਕੁ ਹਮਦਰਦ ਸਿੰਘਾਂ ਦੀ ਕੋਸ਼ਿਸ਼ ਸਦਕਾ ਛੇ ਮਹੀਨੇ ਦੀ ਗੱਲਬਾਤ ਤੋਂ ਬਾਅਦ ਲਿਖਤੀ ਸਮਝੌਤਾ ਹੋ ਗਿਆ ਜਿਸ ਦੇ ਨਤੀਜੇ ਵਜੋਂ 20 12 ਤੋਂ ਜਸਜੀਤ ਸਿੰਘ, ਜਸਵਿੰਦਰ ਸਿੰਘ ਜੰਡੀ ਧੜੇ ਰਾਮ ਸਿੰਘ, ਗੁਰਮੀਤ ਸਿੰਘ ਧੜੇ ਵਿਚ ਸਰਬ ਸੰਮਤੀ ਨਾਲ ਪ੍ਰਬੰਧ ਚਲ ਰਿਹਾ ਸੀ। 2018 ਵਿਚ ਵੀ ਸਰਬ ਸੰਮਤੀ ਨਾਲ ਕਮੇਟੀ ਬਣੀ ਪਰ ਕੋਈ ਚੋਣ ਨਹੀਂ ਸੀ ਹੋਈ। ਪੰਜਾਂ ਸਿੰਘਾਂ ਦੀ ਸੁਪਰੀਮ ਕੌਂਸਲ ਦੇ ਨਾਲ ਸੁਲਝੇ ਹੋਏ ਤਰੀਕੇ ਨਾਲ ਕੰਮ ਕਰਨ ਲਈ ਕਮੇਟੀਆਂ ਬਣਾਉਣ ਦੇ ਬਾਰੇ ਕੁਝ ਮਤਭੇਦ ਸਨ ਜੋ ਹਰਿੰਦਰ ਪਾਲ ਸਿੰਘ ਨੇ ਬਹੁਤ ਚੰਗੇ ਢੰਗ ਨਾਲ ਸੁਲਝਾ ਦਿਤੇ। ਪੰਜਾਂ ਨੇ ਰਲ ਕੇ ਕੀਤੇ ਫੈਸਲੇ ਉਤੇ ਦਸਤਖਤ ਕਰ ਦਿਤੇ। ਇਸ ਤੋਂ ਜਲਦੀ ਹੀ ਬਾਅਦ ਪੰਜਾਂ ਸਿੰਘਾਂ ਵਿਚ ਮਤਭੇਦ ਹੋ ਗਏ, ਉਨਾਂ ਨੂੰ ਸੁਲਝਾਉਣ ਦੀ ਬਜਾਏ ਹਰਮਿੰਦਰ ਸਿੰਘ ਅਤੇ ਅਰਵਿੰਦਰ ਕੌਰ ਵਲੋਂ ਇਕ ਵੱਖਰਾ ਧੜਾ ਬਣਾ ਕੇ ਸਿਆਸਤ ਖੇਡਣੀ ਸ਼ੁਰੂ ਕਰ ਦਿਤੀ ਜਿਸ ਦੇ ਸਾਰੇ ਸਬੂਤ ਮੌਜੂਦ ਹਨ। 2012 ਵਿਚ ਜਸਜੀਤ ਸਿੰਘ ਅਤੇ ਜੰਡੀ ਧੜੇ ਦਾ ਰਾਮ ਸਿੰਘ ਗੁਰਮੀਤ ਸਿੰਘ ਦੇ ਧੜੇ ਨਾਲ ਸਮਝੌਤਾ ਹੋਣ ਤੋਂ ਬਾਅਦ ਪ੍ਰਬੰਧ ਵਿਚ ਕਾਫੀ ਸੁਧਾਰ ਹੋਇਆ। ਗੁਰੂ ਘਰ ਵਿਚ ਅਮਨ ਚੈਨ ਕਾਇਮ ਰਿਹਾ। ਨਵੀਂ 80 ਲੱਖ ਡਾਲਰ ਦੀ ਲਾਗਤ ਵਾਲੀ ਸਕੂਲ ਬਿਲਡਿੰਗ ਬਣੀ ਅਤੇ ਪੜੇ ਲਿਖੇ ਲੋਕਾਂ ਨੂੰ ਜਿਨਾਂ ਦਾ ਕੋਈ ਧੜਾ ਨਹੀਂ ਸੀ ਉਨਾਂ ਨੂੰ ਸੁਪਰੀਮ ਕੌਂਸਲ ਵਿਚ ਲਿਆਉਣ ਦਾ ਕੰਮ ਸ਼ੁਰੂ ਹੋਇਆ। 2012 ਤੋਂ ਲੈ ਕੇ 2018 ਤੱਕ ਪ੍ਰਬੰਧ ਚਲਿਆ। ਪਿਛਲੇ ਸਾਲ ਵਿਚ ਤਣਾਓ ਵਾਲੀਆਂ ਘਟਨਾਵਾਂ ਦਾ ਜਿਕਰ ਹੇਠ ਦਿਤਾ ਜਾਂਦਾਹੈ।

ਗੁਰੂ ਘਰ ਵਿਚ ਲੜਾਈ ਅਤੇ ਨਾਨਕਸ਼ਾਹੀ ਕੈਲੰਡਰ ਦੀ ਬਦਲੀ ਇਕ ਗੰਭੀਰ ਮਸਲਾ: ਸਿੱਖ ਪੰਚਾਇਤ ਬਨਣ ਵੇਲੇ ਸਾਰੇ ਧੜਿਆਂ ਨੇ ਪਹਿਲਾਂ ਤੋਂ ਚਲੇ ਆ ਰਹੇ ਨਾਨਕਸ਼ਾਹੀ ਨੂੰ ਹੀ ਲਾਗੂ ਰੱਖਣ ਲਈ ਸਹਿਮਤੀ ਕੀਤੀ। ਗੁਰਦੁਆਰਾ ਸਾਹਿਬ ਫਰੀਮਾਂਟ ਕਦੇ ਵੀ ਮਰਿਯਾਦਾ ਜਾਂ ਹੋਰ ਧਾਰਮਿਕ ਵਿਵਾਦਾਂ ਦੇ ਮਸਲਿਆਂ ਵਿੱਚ ਨਹੀਂ ਉਲਝਿਆ। ਇੱਥੇ ਨਾ ਹੀ ਜਾਤ-ਪਾਤ ਜਾਂ ਇਲਾਕਾਬਾਜੀ ਕਦੇ ਮੁੱਦਾ ਰਿਹਾ ਹੈ। ਪਿਛਲੇ 40 ਸਾਲਾਂ ਤੋਂ ਚੱਲ ਰਹੇ ਇਸ ਵਾਤਾਵਰਨ ਵਿੱਚ ਤਿੰਨ ਸੁਪਰੀਮ ਕੌਂਸਲ ਮੈਂਬਰਾਂ ਹਰਮਿੰਦਰ ਸਿੰਘ, ਕੁਲਜੀਤ ਸਿੰਘ ਤੇ ਬੀਬੀ ਅਰਵਿੰਦਰ ਨੇਨਾਨਕਸ਼ਾਹੀ ਤੀਜੇ ਬਿਕਰਮੀ ਕੈਲੰਡਰ ਬਦਲ ਕੇ ਜ਼ਹਿਰ ਘੋਲ ਦਿੱਤੀ। ਬਹੁਤੇ ਗੁਰੂ ਘਰਾਂ ਵਿਚ ਕੈਲੰਡਰ ਦਾ ਮਸਲਾ ਲੈ ਕੇ ਵਾਦ ਵਿਵਾਦ ਹੁੰਦੇ ਹਨ। ਇਸੇ ਲਈ ਫਰੀਮਾਂਟ ਦੇ ਗੁਰੂਘਰ ਦੇ ਕੈਲੰਡਰ ਬਾਰੇ ਸਮਝੌਤਾ ਕਈ ਸਾਲ ਪਹਿਲਾਂ ਹੋ ਗਿਆ ਸੀ ਅਤੇ ਸਾਰੀ ਸੰਗਤ ਜਾਣਦੀ ਹੈ ਕਿ ਇਥੇ ਨਾਨਕਸ਼ਾਹੀ ਕੈਲੰਡਰ 2004 ਤੋਂ ਚੱਲ ਰਿਹਾ ਸੀ ਬੇਸ਼ਕ ਸਮੇਂ ਸਮੇਂ ਵੱਖ ਵੱਖ ਗਰੁਪ ਪ੍ਰਬੰਧ ਵਿਚ ਸਨ। ਇਸ ਸਮੇਂ ਇਨਾਂ ਵੱਲੋਂ ਧੱਕੇ ਨਾਲ ਬਿਕਰਮੀ ਕੈਲੰਡਰ ਸੰਗਤਾਂ ਵਿੱਚ ਵੰਡਿਆ ਜਾ ਰਿਹਾ ਹੈ ਅਤੇ ਗੁਰਦੁਆਰਾ ਸਾਹਿਬ ਦੇ ਬਹੁਤੇ ਪ੍ਰੋਗਰਾਮ ਵੀ ਉਸ ਅਧੀਨ ਚਲਾ ਕੇ ਸੰਗਤ ਵਿੱਚ ਵੰਡੀਆਂ ਪਾ ਦਿੱਤੀਆਂ ਹਨ।

## ਪਾਲਕੀ ਦੇ ਰੰਗ ਕਾਰਨ ਕਮੇਟੀ ਮੈਂਬਰ ਦੇ ਸਿਰ ਵਿੱਚ ਕਿਰਪਾਨ ਮਾਰਨ ਦਾ ਮਸਲਾ:

ਹਰਜੀਤ ਸਿੰਘ ਜੋ ਕਿ ਸਾਬਕਾ ਸੁਪਰੀਮ ਕੌਂਸਲ ਦਾ ਮੈਂਬਰ ਹੈ ਜਿਸ ਨੇ ਗਿਣੀ ਮਿਥੀ ਸਾਜਿਸ਼ ਦੇ ਅਧੀਨ ਕੁਝ ਬੱਚਿਆਂ ਨੂੰ ਲੈ ਕੇ 23 ਨਵੰਬਰ 2018 ਨੂੰ ਗੁਰੂ ਨਾਨਕ ਦੇਵ ਜੀ ਦੇ ਜਨਮ ਦਿਨ ਵਾਲੀ ਰਾਤ ਨੂੰ 10 ਵਜੇ ਦਰਬਾਰ ਹਾਲ ਵਿਚ ਪੇਂਟ ਬਦਲਣ ਦੀ ਕੋਸ਼ਿਸ਼ ਕੀਤੀ। ਇਨਾਂ ਤਿੰਨ ਸੁਪਰੀਮ ਕੌਂਸਲ ਮੈਂਬਰਾਂ ਖ਼ਾਸ ਕਰ ਹਰਮਿੰਦਰ ਸਿੰਘ ਨੇ ਇਸ ਮਸਲੇ ਤੇ ਸੌੜੀ ਸਿਆਸਤ ਖੇਡੀ। ਜਦੋਂ ਕੁੱਝ ਪੰਚਾਇਤ ਮੈਂਬਰ ਇਨਾਂ ਨੂੰ ਸਮਝਾਉਣ ਲਈ ਗਏ ਤਾਂ ਇਸ ਧੜੇ ਦੇ ਦਰਸ਼ਨ ਸੰਧੂ ਨੇ ਕਮੇਟੀ ਮੈਂਬਰ ਕੰਵਲਜੀਤ ਸਿੰਘ ਦੇ ਸਿਰ ਵਿੱਚ ਸਿਰੀ ਸਾਹਿਬ ਨਾਲ ਵਾਰ ਕਰ ਮਾਰਿਆ ਜਿਸ ਕਾਰਨ ਉਸਦੇ ਸਿਰ ਵਿੱਚ ਟਾਂਕੇ ਲੱਗੇ। ਇਨਾਂ ਤਿੰਨ ਸੁਪਰੀਮ ਕੌਂਸਲ ਮੈਂਬਰਾਂ ਤੇ ਗੁਰਮੀਤ ਸਿੰਘ ਧੜੇ ਨੇ ਇਸ ਘਟਨਾ ਤੇ ਪਛਤਾਵਾ ਕਰਨ ਦੀ ਬਜਾਏ ਬਦਮਾਸ਼ੀ ਸ਼ੁਰੂ ਕਰ ਦਿੱਤੀ। ਇਸ ਤੋਂ ਬਾਅਦ ਝਗੜਾ ਵਧਦਾ ਹੀ ਗਿਆ। ਲੰਗਰ ਨੂੰ ਨਵੀਂ ਬਿਲਡਿੰਗ ਵਿਚ ਲਿਜਾਣ ਤੋਂ ਰੋਕਣ ਲਈ ਪੂਰਾ ਟਿਲ ਲਾਇਆ। ਹਰ ਤਰਾਂ ਦਾ ਭੰਡੀ ਪ੍ਰਚਾਰ ਕੀਤਾ ਗਿਆ। ਇਸ ਦੀਆਂ ਗਤੀਵਿਧੀਆਂ ਕਾਰਨ ਗੁਰੂ ਘਰ ਵਿਚ ਦੋ ਵਾਰ ਪੁਲਿਸ ਆਈ।

## ਕਬਜੇ ਦੀ ਸਕੀਮ

ਇਸ ਗੁਰਪ ਵਲੋਂ ਪੰਚਾਇਤ ਨੂੰ ਤੋੜਨ ਦੇ ਇਰਾਦੇ ਨਾਲ ਪੰਚਾਇਤ ਤੋਂ ਬਾਹਰਲੀਆਂ ਧਿਰਾਂ ਨਾਲ ਮਿਲ ਕੇ ਕਬਜੇ ਦੀ ਸਕੀਮ ਬਣਾਈ ਗਈ। ਐਸ ਪੀ ਸਿੰਘ ਨੇ ਬਾਸਾ ਨਾਲ ਮਿਲ ਕੇ ਗ਼ੈਰ ਪੰਥਕ ਬੰਦਿਆਂ ਨੂੰ ਇਸ ਸਕੀਮ ਵਿੱਚ ਸ਼ਾਮਿਲ ਕੀਤਾ। ਗੁਰਦੁਆਰਾ ਸਾਹਿਬ ਫਰੀਮਾਂਟ ਆਪਣੀਆਂ ਪੰਥਕ ਸਰਗਰਮੀਆਂ ਲਈ ਮੰਨਿਆਂ ਜਾਂਦਾ ਹੈ ਪਰ ਗੁਰਮੀਤ ਸਿੰਘ ਧੜੇ ਨੇ ਉਨਾਂ ਲੋਕਾਂ ਨਾਲ ਸਾਂਝ ਪਾਈ ਜਿਹੜੇ ਪੰਜਾਬ ਵਿੱਚ ਨੌਜਵਾਨਾਂ ਨੂੰ ਸ਼ਹੀਦ ਕਰਨ ਵਿੱਚ ਸ਼ਾਮਿਲ ਸਨ। ਉਹ ਲੋਕ ਇਨਾਂ ਦੇ ਸਲਾਹਕਾਰ ਬਣੇ ਜਿਹੜੇ ਸਿੱਖਾਂ ਦੇ ਬੱਚਿਆਂ ਨੂੰ ਗੁਰਬਾਣੀ ਤੇ ਗਤਕੇ ਦੀ ਸਿੱਖਿਆ ਦੇਣ ਨੂੰ ਬੱਚਿਆਂ ਨੂੰ ਤਾਲਿਬਾਨੀ ਬਣਾਉਣਾ ਕਹਿੰਦੇ ਸਨ। ਉਹ ਬੰਦੇ ਇਹਨੇ ਨੇ ਆਪਣੇ ਕੋਰ ਗਰੁੱਪ ਵਿੱਚ ਲਿਆਂਦੇ ਜਿਹੜੇ 1984 ਵਿੱਚ ਦਰਬਾਰ ਸਾਹਿਬ 'ਤੇ ਹਮਲਾ ਕਰਨ ਵਾਲੀ ਕਾਂਗਰਸ ਦੇ ਨੇਤਾਵਾਂ ਨੂੰ ਅਮਰੀਕਾ ਵਿੱਚ ਸੈਰਾਂ ਕਰਾਉਂਦੇ ਹਨ। ਉਹ ਬੰਦੇ ਇਨਾਂ ਨੇ ਗੁਰਦੁਆਰਾ ਕਮੇਟੀ ਵਿੱਚ ਪਾਉਣ ਦੀ ਵਕਾਲਤ ਕੀਤੀ ਜਿਹੜੇ ਗੁਰਦੁਆਰੇ ਵਿਰੁੱਧ ਹੀ ਫਰੀਮਾਂਟ ਸਿਟੀ ਜਾਂ ਪੁਲਿਸ ਨੂੰ ਜਾਣਕਾਰੀ ਦਿੰਦੇ ਹਨ। ਭਾਵ ਕਬਜ਼ਾ ਕਰਨ ਦੀ ਸਕੀਮ ਤਹਿਤ ਹਰੇਕ ਪੰਥ ਦੋਖੀ ਤੇ ਗ਼ੈਰ-ਸਿਧਾਂਤਿਕ ਨਾਲ ਇਨਾਂ ਨੇ ਹੱਥ ਮਿਲਾਇਆ।ਗਿਆਰਾਂ ਮੈਂਬਰਾਂ ਦੀ ਜਾਅਲੀ ਕਮੇਟੀ ਬਣਾ ਕਿ ਇਸ ਧੜੇ ਨੇ ਡਰਾ ਧਮਕਾ ਕੇ ਕਬਜੇ ਦੀ ਸਕੀਮ ਨੂੰ ਅੰਜਾਮ ਦਿੱਤਾ ਅਤੇ ਗੁਰੂਘਰ ਦੇ ਵਿਰੁਧ ਸ਼ਿਕਾਇਤ ਫਰੀਮਾਂਟ ਸਿਟੀ ਵਿਚ ਕੀਤੀ। ਇਸ ਸ਼ਖਸ ਨੇ ਕਈ ਵਾਰ ਬੈਂਕ ਵਿਚ ਜਾ ਕੇ ਗੁਰੂਘਰ ਦੇ ਕੈਸ਼ੀਅਰ ਉਤੇ ਕਬਜਾ ਕਰਨ ਦੀ ਕੋਸਿਸ਼ ਕੀਤੀ ਅਤੇ ਗਲਤ ਸੂਚਨਾ ਦੇ ਕੇ ਸੈਕਰਾਮੈਂਟੋ ਵਿਚ ਗੁਰੂਘਰ ਦੀ ਰਜਿਸਟ੍ਰੇਸ਼ਨ ਬਦਲਾਈ ਗਈ ਜਿਸ ਦੇ ਸਬੂਤ ਸਾਡੇ ਪਾਸ ਮੌਜੂਦ ਹਨ।

## ਗੁਰੂ ਦੀ ਗੋਲਕ ਦਾ ਉਜਾੜਾ

ਆਪਣੇ ਗਰੁਪ ਦੇ ਬਾਹਰਲੇ ਬੁਲਾਰਿਆਂ ਨੂੰ ਬੁਲਾਉਣਾ ਸ਼ੁਰੂ ਕਰ ਦਿਤਾ ਗਿਆ ਜਿਹੜੇ ਕਿ ਪਹਿਲਾਂ ਹੀ ਵਿਵਾਦਾਂ ਵਿੱਚ ਘਿਰੇ ਹੋਏ ਸਨ।ਆਪਣੀ ਮਰਜੀ ਦੇ ਰਾਗੀ ਜਥੇ ਬੁਲਾ ਕੇ ਉਨਾਂ ਨੂੰ ਆਪਣੀ ਮਰਜੀ ਮੁਤਾਬਿਕ ਭੇਟਾ ਦੇਣ ਲਈ ਹਰਿੰਦਰਪਾਲ ਸਿੰਘ ਤੇ ਜ਼ੋਰ ਪਾਉਣਾ ਸ਼ੁਰੂ ਕੀਤਾ ਪਰ ਉਸ ਨੇ ਇਨਾਂ ਦਾ ਡਟ ਕੇ ਵਿਰੋਧ ਕੀਤਾ। ਇਹੀ ਕਾਰਨ ਸੀ ਇਨਾਂ ਨੇ ਹਰਿੰਦਰਪਾਲ ਸਿੰਘ ਵਿਰੁਧ ਕੂੜ ਪ੍ਰਚਾਰ ਸ਼ੁਰੂ ਕੀਤਾ। ਹਰ ਰੋਜ ਹਰਿੰਦਰਪਾਲ ਸਿੰਘ ਨੂੰ ਧਮਕੀਆਂ ਮਿਲਣੀਆਂ ਸ਼ੁਰੂ ਹੋ ਗਈਆਂ ਕਿ ਤੂੰ ਚੋਰ ਹੈਂ, ਸੱਪ ਹੈਂ ਜੋ ਖਜਾਨਾ ਸਾਂਭ ਕੇ ਬੈਠਾ ਹੈਂ ਕਿਉਂਕਿ ਉਸ ਨੇ ਇਨਾਂ ਦੀ ਫਜ਼ੂਲ ਖਰਚੀ ਖਿਲਾਫ ਜੋਰਦਾਰ ਸਟੈਂਡ ਲਿਆ ਸੀ। ਗੁਰਚਰਨ ਸਿੰਘ ਮਾਨ ਗੋਲਕ ਦੇ ਕਬਜੇ ਲਈ ਬਹੁਤ ਤਰਲੋ ਮੱਛੀ ਹੋਇਆ।ਇਸ ਨੇ ਗੋਲਕ ਦੇ ਕਬਜੇ ਲਈ ਕਈ ਵਾਰ ਬੈਂਕ ਪਾਸ ਗੁਹਾਰ ਲਾਈ। ਆਪਣੀ ਚੌਧਰ ਬਰਕਰਾਰ ਰੱਖਣ ਲਈ ਕੀਤੇ ਵਕੀਲ ਦੀ ਫ਼ੀਸ ਵੀ ਗੁਰੂ ਦੀ ਗੋਲਕ ਵੱਲੋਂ ਦੇਣ ਲਈ ਮੰਗ ਕੀਤੀ ਗਈ।

## ਸਟੇਜ ਦੀ ਦੁਰਵਰਤੋਂ

ਸਟੇਜ ਨੂੰ ਆਪਣਾ ਪ੍ਰਚਾਰ ਕਰਨ ਲਈ ਵਰਤਿਆ ਗਿਆ ਹੈ। ਆਪਣੇ ਧੜੇ ਦੇ ਲੋਕਾਂ ਜਿਵੇਂ ਕਿ ਬੀਬੀ ਚੀਮਾ, ਗੁਰਤੇਜ ਚੀਮਾ ਅਤੇ ਭਜਨ ਭਿੰਡਰ ਅਤੇ ਹੋਰ ਕਈ ਬਾਹਰਲੇ ਗਰੁਪਾਂ ਨੂੰ ਕਈ ਵਾਰ ਸਟੇਜ ਉਤੇ ਬੋਲਣ ਦਾ ਸਮਾਂ ਦਿੱਤਾ ਗਿਆ। ਜਦੋਂ ਸੀਨੀਅਰ ਸੁਪਰੀਮ ਕੌਂਸਲ ਮੈਬਰਹਰਿੰਦਰ ਸਿੰਘ ਨੂੰ ਹਿਸਾਬ ਕਿਤਾਬ ਦੱਸਣ ਲਈ ਦੋ ਮਿੰਟ ਵੀ ਨਹੀਂ ਦਿਤੇ ਗਏ।

## ਗੁਰੂ ਵੱਲੋਂ ਬੇਮੁੱਖ ਹੋਣਾ

ਗੁਰਮੀਤ ਸਿੰਘ ਨੇ ਪੰਜ ਪਿਆਰਿਆਂ ਦੇ ਸਿਧਾਂਤ ਨੂੰ ਅੱਜ ਦੀ ਦੁਨੀਆਂ ਵਿੱਚ ਸਾਰਥਕ ਨਾਂ ਹੋਣ ਦੀ ਵਕਾਲਤ ਸ਼ੁਰੂ ਕਰ ਦਿੱਤੀ। ਝੂਠ ਦੀ ਵੀ ਕੋਈ ਹੱਦ ਹੁੰਦੀ ਹੈ ਜਿਨਾਂ ਮੈਬਰਾਂ ਨੇ ਮਾਰਚ 2018 ਵਿਚ ਆਪਣੇ ਗਲ ਵਿਚ ਪੱਲਾ ਪਾ ਕੇ ਗੁਰੂ ਗ੍ਰੰਥ ਸਾਹਿਬ ਅਤੇ ਦੂਸਰੇ ਉਮੀਦਵਾਰਾਂ ਸਾਹਮਣੇ ਸਰਬ ਸੰਮਤੀ ਨਾਲ ਸੇਵਾ ਕਰਨ ਦੀ ਸਹੁੰ ਖਾਧੀ ਸੀ। ਉਨਾਂ ਨੇ ਜਿਸ ਤਰਾਂ ਡਟ ਕੇ ਗੁਰੂ ਘਰ ਵਿਚ ਕੂੜ ਦਾ ਪ੍ਰਚਾਰ ਕੀਤਾ ਅਤੇ ਕਬਜਾ ਕੀਤਾ ਹੈ ਉਸ ਦੀ ਉਦਾਹਰਣ ਘੱਟ ਹੀ ਮਿਲਦੀ ਹੈ। ਗੁਰੂ ਘਰ ਦਾ ਸੰਵਿਧਾਨ ਜੋ ਪਿਛਲੇ 30 ਸਾਲਾਂ ਤੋਂ ਚਲ ਰਿਹਾ ਹੈ ਇਹ ਪਹਿਲੀ ਵਾਰ ਹੈ ਕਿ ਗੁਰਮੀਤ ਸਿੰਘ ਨੇ ਇਕ ਪੰਜਾਂ ਸਿੰਘਾਂ ਦੀ ਕਮੇਟੀ ਅਤੇ ਸੰਗਤ ਨੂੰ ਵੰਡਣ ਦਾ ਨਵਾਂ ਫਾਰਮੂਲਾ ਕੱਢਿਆ ਜੋ ਕਿ ਉਸ ਨੇ ਆਪਣੇ ਕਾਰਜਕਾਲ ਵਿਚ ਲਾਗੂ ਨਹੀਂ ਸੀ ਕੀਤਾ। ਉਹ ਇਹ ਸੀ ਕਿ ਪੰਜ ਪਿਆਰਿਆਂ ਜਾਂ ਪੰਜ ਸਿੰਘਾਂ ਨੂੰ ਤਿੰਨ ਅਤੇ ਦੋ ਧੜਿਆਂ ਵਿਚ ਵੰਡ ਕੇ ਇਹ ਐਲਾਨ ਕਰ ਦਿੱਤਾ ਕਿ ਸਰਬ ਸੰਮਤੀ ਨਾਲ ਕੰਮ ਕਰਨ ਦੀ ਥਾਂ ਬਹੁਗਿਣਤੀ ਨਾਲ ਪ੍ਰਬੰਧ ਚਲਾਇਆ ਜਾਵੇਗਾ ਜਦੋਂਕਿ ਗੁਰੂ ਘਰ ਦਾ ਸੰਵਿਧਾਨ ਇਸ ਦੀ ਬਿਲਕੁਲ ਇਜਾਜਤ ਨਹੀਂ ਦਿੰਦਾ ਕਿਉਂਕਿ ਇਹ ਗੁਰ ਮਰਿਆਦਾ ਉਤੇ ਆਧਾਰਤ ਹੈ।ਇਨਾਂ ਨੂੰ ਕੋਈ ਗੁਰੂ ਸਾਹਿਬਾਂ ਦੀ ਬਣਾਈ ਮਰਿਆਦਾ ਤੇ ਕਿੰਤੂ ਪ੍ਰੰਤੂ ਕਰਨ ਦਾ ਅਧਿਕਾਰ ਇਨਾਂ ਨੂੰ ਕਿਸ ਨੇ ਦਿਤਾ। ਪਰ ਇਨਾਂ ਨੇ ਸਾਰੀ ਮਰਿਆਦਾ ਅਤੇ ਸੰਵਿਧਾਨ ਦੇ ਖਿਲਾਫ ਸਰਬ ਸੰਮਤੀ ਨਾਲ ਬਣੀ ਕਮੇਟੀ ਨੂੰ ਭੰਗ ਕਰ ਕੇ ਨਵੀਂ 11 ਮੈਬਰੀ ਕਮੇਟੀ ਬਣਾ ਕੇ ਗੁਰੂ ਘਰ ਦਾ ਪ੍ਰਬੰਧ ਹਥਿਆਉਣ ਦੀ ਘਿਨਾਉਣੀ ਕੋਸ਼ਿਸ਼ ਕੀਤੀ।

ਹੁਣ ਇਹ ਧੜਾ ਚੋਣਾਂ ਮੁਲਤਵੀ ਕਰਾਉਣ ਦੇ ਬਹਾਨੇ ਘੜ ਰਿਹਾ ਹੈ। ਇਹ ਸੰਗਤ ਵਿੱਚ ਵੋਟਰ ਲਿਸਟ ਨੂੰ ਗਲਤ ਹੋਣ ਬਾਰੇ ਭੰਬਲ਼ਭੂਸੇ ਖੜੇ ਕਰ ਰਿਹਾ ਹੈ। ਪਰ ਕੱਲ ਹੀ ਜੱਜ ਨੇ ਇਨਾਂ ਦੇ ਇਸ ਝੂਠ ਦੀ ਵੀ ਫੂਕ ਕੱਢ ਦਿੱਤੀ ਹੈ। ਚੋਣਾਂ 8 ਮਾਰਚ ਨੂੰ ਹੀ ਹੋਣਗੀਆਂ ਅਤੇ ਸਿੱਖ ਪੰਚਾਇਤ ਆਪਣੇ ਸਿਧਾਂਤ ਤੇ ਹੀ ਖੜੇ ਹੋ ਕੇ ਚੋਣਾਂ ਵਿੱਚ ਨਿਤਰੇਗੀ।

# ਅਮਰੀਕਾ ਵਿਚ ਪੰਜਾਬੀ ਕਲਚਰਲ ਸੈਂਟਰ

ਗੁਲਜ਼ਾਰ ਸਿੰਘ ਸੰਧੂ



ਨਵੇਂ ਵਰੇ ਦੀ ਇਕ ਖ਼ਬਰ ਇਹ ਵੀ ਹੈ ਕਿ ਅਮਰੀਕਾ ਦੇ ਫਰਿਜ਼ਨੋ ਨਿਵਾਸੀ ਪੰਜਾਬੀਆਂ ਨੇ ਇਕ 'ਕਲਚਰਲ ਸੈਂਟਰ' ਸਥਾਪਤ ਕੀਤਾ, ਜਿਹੜਾ ਹਰ ਸੋਚ ਦੇ ਪੰਜਾਬੀਆਂ ਨੂੰ ਇਕ ਅਜਿਹਾ ਪਲੇਟਫਾਰਮ ਮੁਹੱਈਆ ਕਰੇਗਾ, ਜਿੱਥੇ ਮੇਲ ਮਿਲਾਪ, ਰੂਬਰੂ, ਮਾਸਿਕ ਤੇ ਸਲਾਨਾ ਸਮਾਗਮਾਂ ਤੋਂ ਇਲਾਵਾ ਲੇਖਕ ਮਿਲਣੀਆਂ, ਸਾਹਿਤਕ ਬੈਠਕਾਂ ਤੇ ਪੁਸਤਕਾਂ ਦੀ ਘੁੰਡ ਚੁਕਾਈ ਹੀ ਨਹੀਂ, ਬੱਚਿਆਂ ਦੇ ਭਾਸ਼ਣ, ਕਵਿਤਾ, ਕੀਰਤਨ ਅਤੇ ਦਸਤਾਰ ਮੁਕਾਬਲੇ ਵੀ ਕਰਵਾਏ ਜਾਣਗੇ। ਉਂਜ ਸਰੀਰਕ ਤੇ ਮਾਨਸਿਕ ਸਿਹਤ ਦੀ ਬਿਹਤਰੀ ਲਈ ਯੋਗਾ ਕਲਾਸਾਂ ਤੇ ਕੌਂਸਲਿੰਗ ਵੀ ਇਸ ਦੇ ਏਜੰਡੇ ਵਿਚ ਸ਼ਾਮਲ ਹਨ।

ਆਪਣੀ ਇਕ ਸਾਲ ਤੋਂ ਘੱਟ ਸਮੇਂ ਦੀ ਹੋਂਦ ਵਿਚ ਇਹ ਸੈਂਟਰ ਕਈ ਪ੍ਰੋਗਰਾਮ ਕਰਵਾ ਚੁੱਕਿਆ ਹੈ, ਜਿਨਾਂ ਵਿਚ ਸਥਾਨਕ ਪੰਜਾਬਣਾਂ ਦੇ ਚਾਵਾਂ, ਮਲਾਰਾਂ ਦੀ ਪੇਸ਼ਕਾਰੀ ਵਾਲਾ 'ਸੰਦਲੀ ਪੈੜਾਂ' ਪ੍ਰੋਗਰਾਮ ਵੱਡੀ ਚਰਚਾ ਦਾ ਵਿਸ਼ਾ ਬਣਿਆ। ਸੈਂਟਰ ਦੀ ਸਥਾਪਤੀ ਕਰਨ ਵਿਚ ਖ਼ਾਲਸਾ ਇੰਸ਼ੋਰੈਂਸ ਦੇ ਮਾਲਕ ਹਰਜੋਤ ਸਿੰਘ ਖ਼ਾਲਸਾ ਦਾ ਉਦਮ ਸਭ ਤੋਂ 'ਤੇ ਹੈ ਜਿਸ ਨੇ ਕਾਗਜ਼ੀ ਕਾਰਵਾਈ ਲਈ ਆਪਣਾ ਪੰਜਾਬੀ ਰੇਡੀਓ ਵਾਲਾ ਦਫਤਰ ਅਤੇ ਫਰਿਜ਼ਨੋ ਸਥਿਤ ਟਰਾਂਸਮੀਟਰ ਵਰਤਣ ਦੀ ਖੁੱਲੀ ਛੁੱਟੀ ਦੇ ਰੱਖੀ ਹੈ। ਉਧਰ ਹਰਜੋਤ ਦੀ ਜੀਵਨ ਸਾਥਣ ਬਲਵਿੰਦਰ ਕੌਰ ਰੇਡੀਓ ਪ੍ਰੋਗਰਾਮਾਂ ਵਿਚ ਵੀ ਨਹੀਂ ਸੈਂਟਰ ਦੀਆਂ ਸਰਗਰਮੀਆਂ ਵਿਚ ਵੀ ਮੋਹਰੀ ਹੋ ਨਿਬੜੀ ਹੈ ਭਾਵੇਂ ਵਿਊਂਤਬੰਦੀ ਵਿਚ ਹਰਜੋਤ ਸਿੰਘ ਖਾਲਸਾ ਦਾ ਮਿੱਤਰ ਜਗਜੀਤ ਸਿੰਘ ਵੀ ਦਿਨ ਰਾਤ ਲਾ ਰਿਹਾ ਹੈ। ਇਹ ਸਾਰੀ ਟੋਲੀ ਸਿੱਖੀ ਮਾਣ ਮਰਯਾਦਾ ਨੂੰ ਪਰਨਾਈ ਹੋਈ ਹੈ।

2019 ਦੇ ਜੂਨ ਮਹੀਨੇ ਸ੍ਰੀ ਗੁਰੂ ਅਰਜਨ ਦੇਵ ਦੀ ਸ਼ਹਾਦਤ ਨੂੰ ਸਮਰਪਿਤ ਕਵੀ ਦਰਬਾਰ ਤੇ ਨਵੰਬਰ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪ੍ਰੋਗਰਾਮਾਂ ਦੀ ਲੜੀ ਵਿਚ ਜਰਨੈਲ ਸਿੰਘ ਆਰਟਿਸਟ ਦੇ ਚਿੱਤਰਾਂ ਦੀ ਪੰਜ ਦਿਨਾਂ ਪ੍ਰਦਰਸ਼ਨੀ ਦੇਖਣ ਵਾਲੇ ਦਰਸ਼ਕਾਂ ਵਿਚ ਅਮਰੀਕਾ ਨਿਵਾਸੀ ਹੀ ਨਹੀਂ ਕੈਨੇਡਾ ਅਤੇ ਭਾਰਤ ਦੇ ਯਾਤਰੀ ਵੀ ਸ਼ਾਮਲ ਹੋਵੇ। ਇਸ ਤੋਂ ਪਹਿਲਾਂ ਅੰਮ੍ਰਿਤਸਰ ਟਾਈਮਜ਼ ਨਾਂਅ ਦਾ ਹ਼ਫਤਾਵਰੀ ਅਖ਼ਬਾਰ ਕੱਢਣ ਵਾਲੀ ਵੀ ਹਰਜੋਤ ਸਿੰਘ ਖਾਲਸਾ ਅਤੇ ਜਸਜੀਤ ਸਿੰਘ ਜੋੜੀ ਹੀ ਸੀ। ਉਨਾਂ ਦੇ ਇਹ ਉਪਰਾਲੇ ਇਕ ਤਰਾਂ ਨਾਲ ਸੋਹਣ ਸਿੰਘ ਭਕਨਾ ਤੇ ਵਸਾਖਾ ਸਿੰਘ ਵਰਗੇ ਉੱਚ ਦੁਮਾਲੜੇ ਬਾਬਿਆਂ ਦੀ ਪੈੜ ਨੱਪਣਾ ਵੀ ਕਹੇ ਜਾ ਸਕਦੇ ਹਨ। ਮੇਰੀ ਜਾਣਕਾਰੀ ਅਨੁਸਾਰ ਇਨਾਂ ਦਿਨਾਂ ਵਿਚ ਫਰਿਜ਼ਨੋ ਵਾਲੇ ਸੈਂਟਰ ਦੇ ਪ੍ਰਬੰਧਕ ਵੀਹਵੀਂ ਸਦੀ ਦੇ ਸ਼ੁਰੂ ਵਿਚ ਅਮਰੀਕਾ ਗਏ ਗਦਰੀ ਬਾਬਿਆਂ ਦੇ ਸੁਤੰਤਰਤਾ ਸੰਗਰਾਮ ਵਿਚ ਯੋਗਦਾਨ ਬਾਰੇ ਰਚਾਏ ਜਾਣ ਵਾਲੇ ਪ੍ਰੋਗਰਾਮਾਂ ਦੀ ਵਿਉਂਤਬੰਦੀ ਵਿਚ ਰੁੱਝੇ ਹੋਏ ਹਨ। ਇਹ ਵਰਾ ਬਾਬਾ ਭਕਨਾ ਦੇ ਜਨਮ ਦੀ 150ਵੀਂ ਵਰੇਗੰਢ ਜੋ ਹੋਇਆ।

ਮੈਨੂੰ ਇਹ ਗੱਲ ਦੀ ਖਾਸ ਖੁਸ਼ੀ ਹੈ ਕਿ ਫਰਿਜ਼ਨੋ ਸਟੇਟ ਯੂਨੀਵਰਸਿਟੀ ਦੇ ਸਾਬਕਾ ਪ੍ਰੋਫੈਸਰ ਗੁਰੂਮੇਲ ਸਿੱਧੂ, ਉੱਘੇ ਕਵੀ ਹਰਜਿੰਦਰ ਕੰਗ, 'ਅੰਮ੍ਰਿਤਸਰ ਟਾਈਮਜ਼' ਦੇ ਰਹਿ ਚੁੱਕੇ ਸੰਪਾਦਕ ਦਲਜੀਤ ਸਿੰਘ ਸਰਾਂ ਵਰਗੇ ਮੇਰੇ ਮਿੱਤਰ ਅਤੇ ਹੋਰ ਰਿਸ਼ਤੇਦਾਰ ਇਸ ਸੈਂਟਰ ਦੀਆਂ ਸਰਗਰਮੀਆਂ ਨਾਲ ਜੁੜੇ ਹੋਏ ਹਨ। ਗੁਰੂਮੇਲ ਸਿੱਧੂ ਨੇ ਤਾਂ ਭਾਰਤ ਦੀ ਆਜ਼ਾਦੀ ਵਿਚ ਹਿੱਸਾ ਪਾਉਣ ਵਾਲੀਆਂ ਸੰਗਰਾਮੀ ਲਹਿਰਾਂ, ਜਾਤੀਆਂ, ਹਸਤੀਆਂ ਤੇ ਸ਼ਹੀਦਾਂ ਦੀ ਦੇਣ ਬਾਰੇ 'ਗਦਰੀ ਲਹਿਰਾਂ ਦੀ ਹਿੱਸੇਦਾਰੀ' ਨਾਂ ਦੀ ਵੱਡ ਅਕਾਰੀ ਕਿਤਾਬ ਵੀ ਤਿਆਰ ਕੀਤੀ ਹੈ ਜਿਸ ਨੂੰ ਯੂਨੀਸਟਾਰ ਬੁੱਕਸ, ਮੋਹਾਲੀ, ਪ੍ਰਕਾਸ਼ਿਤ ਕਰ ਰਿਹਾ ਹੈ। ਇਸ ਵਿਚ ਪੂਰਵ-1857 ਬਗਾਵਤਾਂ, 1857 ਦਾ ਗਦਰ, ਨਾਮਧਾਰੀ ਸੰਪ੍ਰਦਾਇ, ਕੂਕਾ ਲਹਿਰ, ਸਾਰਾਗੜੀ ਦੀ ਲੜਾਈ, ਗਦਰ ਪਾਰਟੀ, ਕਾਮਾਗਾਟਾਮਾਰੂ, ਲਾਹੌਰ ਸਾਜਿਸ਼ ਕੇਸ, ਜਲਿਆਂਵਾਲਾ ਬਾਗ ਦਾ ਸਾਕਾ, ਗੁਰਦੁਆਰਾ ਲਹਿਰ, ਬੱਬਰ ਅਕਾਲੀ ਲਹਿਰ, ਕਿਰਤੀ ਕਿਸਾਨ ਪਾਰਟੀ ਅਤੇ ਆਜ਼ਾਦ ਹਿੰਦ ਫੌਜ ਦੇ ਨਾਲ ਨਾਲ ਸ਼ਹੀਦ ਕਰਤਾਰ ਸਿੰਘ ਸਰਾਭਾ, ਸ਼ਹੀਦ ਊਧਮ ਸਿੰਘ ਤੇ ਸ਼ਹੀਦ ਭਗਤ ਸਿੰਘ ਦੀ ਕੁਰਬਾਨੀ ਬਾਰੇ ਵੀ ਸੰਖੇਪ ਪਰ ਮੁਕੰਮਲ ਜਾਣਕਾਰੀ ਦਿੱਤੀ ਗਈ ਹੈ। ਫਰਿਜ਼ਨੋ ਸੈਂਟਰ ਦੇ ਨਵੇਂ ਪ੍ਰੋਗਰਾਮਾਂ ਵਿਚ ਇਸ ਪੁਸਤਕ ਦੀ ਘੁੰਡ ਚੁਕਾਈ ਵੀ ਸ਼ਾਮਲ ਹੈ। ਹੈ ਕੋਈ ਜਵਾਬ ਸਾਡੇ ਪੰਜਾਬੀਆਂ ਦਾ!

(ਰੋਜ਼ਾਨਾ ਅਜੀਤ ਦੇ ਧੰਨਵਾਦ ਸਹਿਤ)

# ਸਾਇਬਰੀ ਸੰਸਾਰ: ਆਚਾਰ-ਵਿਹਾਰ ਅਤੇ ਵਿਕਾਰ

**- ਸੁਰਿੰਦਰ ਸਿੰਘ ਤੇਜ**

ਜ਼ਮਾਨਾ ਬਦਲ ਗਿਆ ਹੈ। ਸਭ ਕੁਝ ਆਨਲਾਈਨ ਹੁੰਦਾ ਜਾ ਰਿਹਾ ਹੈ। ਬੜਾ ਸੁਵਿਧਾਜਨਕ ਹੈ ਇਹ ਡਿਜੀਟਲੀ ਅਮਲ। ਹਰ ਚੀਜ਼ ਆਨਲਾਈਨ ਖ਼ਰੀਦੀ ਜਾ ਸਕਦੀ ਹੈ। ਗੂਗਲ ਬਾਬਾ ਤੇ ਇਸ ਦੇ ਹਮਰਾਹ ਮਿਹਰਬਾਨ ਹਨ। ਤੁਸੀਂ ਇਕ ਈ-ਵਣਜ ਕੰਪਨੀ ਨਾਲ ਸੰਪਰਕ ਕਰਦੇ ਹੋ, ਉਸ ਦਾ ਜਵਾਬ ਤਾਂ ਆਉਂਦਾ ਹੀ ਹੈ, ਦੂਜੇ ਈ-ਹਟਵਾਣੀਏ ਵੀ ਪਿੱਛੇ-ਪਿੱਛੇ ਆ ਟਪਕਦੇ ਹਨ। ਤੁਹਾਡੀ ਪਸੰਦ-ਨਾਪਸੰਦ ਦਾ ਉਨਾਂ ਨੂੰ ਵੀ ਆਭਾਸ ਹੋ ਚੁੱਕਾ ਹੈ। ਤੁਹਾਡੀ ਜੇਬ ਡੂੰਘੀ ਹੈ ਜਾਂ ਨਹੀਂ, ਇਹ ਟੋਹਣ ਦੀ ਵਿਧੀ ਤੇ ਵਿਧਾ ਉਨਾਂ ਕੋਲ ਮੌਜੂਦ ਹੈ। ਤੁਹਾਡਾ ਸਮਾਰਟ ਫੋਨ ਜਾਂ ਤੁਹਾਡੀ ਈ-ਮੇਲ ਆਈ.ਡੀ. ਉਨਾਂ ਵਾਸਤੇ ਆਈਨੇ ਦਾ ਕੰਮ ਕਰਦੇ ਹਨ। ਤੁਸੀਂ ਕੌਣ ਹੋ, ਕਿੱਥੇ ਰਹਿੰਦੇ-ਵਸਦੇ ਹੋ, ਕੀ ਕਰਦੇ ਹੋ- ਇਹ ਸਾਰਾ ਕੁਝ ਚੰਦ ਸਕਿੰਟਾਂ ਦੇ ਅੰਦਰ ਖੋਜ ਲਿਆ ਜਾਂਦਾ ਹੈ। ਫਿਰ ਤੁਹਾਡੀ ਸੋਚ ਨੂੰ ਪ੍ਰਭਾਵਿਤ ਕਰਨ ਦੇ ਹੀਲੇ-ਵਸੀਲੇ ਸ਼ੁਰੂ ਹੋ ਜਾਂਦੇ ਹਨ। ਸਭ ਕੁਝ ਤੁਹਾਡੀ ਮਰਜ਼ੀ, ਤੁਹਾਡੀ ਸਹਿਮਤੀ ਤੋਂ ਬਿਨਾਂ। ਚਿੰਤਾ ਕਰਨ ਵਾਲੀ ਗੱਲ ਹੈ ਇਹ, ਪਰ ਸਾਡੇ ਵਿਚੋਂ ਕਿੰਨੇ ਕੁ ਅਜਿਹੇ ਵਰਤਾਰੇ 'ਤੇ ਚਿੰਤਾ ਕਰਦੇ ਹਨ? ਫ਼ਜ਼ੂਲ ਜਾਪਣ ਵਾਲੀ ਜਾਣਕਾਰੀ ਜਾਂ ਸੁਨੇਹਿਆਂ ਨੂੰ ਆਪਣੇ ਸਮਾਰਟ ਫੋਨ ਜਾਂ ਪੀ.ਸੀ. ਵਿਚੋਂ ਮਿਟਾ ਕੇ ਅਸੀਂ ਸੁਰਖ਼ਰੂ ਹੋ ਜਾਂਦੇ ਹਾਂ, ਪਰ ਸੁਨੇਹੇ ਭੇਜਣ ਵਾਲੇ ਇਹ ਵੀ ਜਾਣ ਜਾਂਦੇ ਹਨ ਕਿ ਅਸੀਂ ਕੀ ਮਿਟਾ ਰਹੇ ਹਾਂ, ਕੀ ਸੰਭਾਲ ਰਹੇ ਹਾਂ ਅਤੇ ਕੀ ਪੜ ਰਹੇ ਹਾਂ। ਉਨਾਂ ਦੇ ਸਰਵਰਾਂ ਦੇ ਜ਼ਖ਼ੀਰੇ ਵਿਚ ਇਹ ਸਾਰੀ ਜਾਣਕਾਰੀ ਤੁਹਾਡੇ ਪ੍ਰੋਫਾਈਲ ਦਾ ਹਿੱਸਾ ਬਣਦੀ ਚਲੀ ਜਾਂਦੀ ਹੈ। ਸਾਡੇ ਮਨਾਂ ਦਾ ਚੀਰਹਰਣ, ਸਾਡੀ ਸੂਝ ਤੇ ਸੁਹਜ ਦੀ ਬੇਅਸਮਤੀ ਬਹੁਤ ਵੱਡਾ ਤੇ ਬਹੁਤ ਖ਼ਤਰਨਾਕ ਕਾਰੋਬਾਰ ਬਣ ਚੁੱਕੀ ਹੈ। ਨਿੱਜੀ ਜਾਣਕਾਰੀ ਦਾ ਖਣਨ (ਡੇਟਾ ਮਾਈਨਿੰਗ), ਉਸ ਨੂੰ ਤਰਤੀਬ ਦੇ ਕੇ ਸਾਂਭਣ (ਡੇਟਾ ਪ੍ਰੋਫਾਈਲਿੰਗ) ਅਤੇ ਇਸ ਦੀ ਮੌਕੇ ਮੁਤਾਬਿਕ ਵਰਤੋਂ-ਕੁਵਰਤੋਂ ਕਰਨ ਵਾਲੀ ਸਨਅਤ ਹੁਣ ਖਰਬਾਂ ਡਾਲਰਾਂ ਦੀ ਕਮਾਈ ਵਾਲਾ ਧੰਦਾ ਬਣ ਚੁੱਕੀ ਹੈ।

ਕ੍ਰਿਸਟੋਫਰ ਵਾਇਲੀ ਦੀ ਕਿਤਾਬ 'ਮਾਈਂਡ×ਕ' (ਹੈਚੇਟ; 599 ਰੁਪਏ) ਇਸੇ ਚੀਰਹਰਣ ਦੀ ਕਹਾਣੀ ਪੇਸ਼ ਕਰਦੀ ਹੈ। ਇਹ ਭਾਵੇਂ ਇਕ ਕੰਪਨੀ- ਕੈਂਬਰਿਜ ਐਨੇਲਾਈਟਿਕਾ ਦੇ ਕਾਰਿਆਂ, ਕਾਰਨਾਮਿਆਂ ਤੇ ਕੁਚਾਲਾਂ ਤੱਕ ਸੀਮਤ ਹੈ, ਫਿਰ ਵੀ ਇਸ ਵਿਚ ਉਠਾਏ ਸਵਾਲ ਅਤੇ ਦਰਜ ਜਾਣਕਾਰੀ ਦਰਸਾਉਂਦੀ ਹੈ ਕਿ ਸਾਈਬਰ ਜਗਤ ਨਿਆਮਤ ਵੀ ਹੈ ਅਤੇ ਕਿਆਮਤ ਵੀ। ਕੈਂਬਰਿਜ ਐਨੇਲਾਈਟਿਕਾ ਇਕ ਬ੍ਰਿਟਿਸ਼ 'ਸਲਾਹਕਾਰ' ਫਰਮ ਸੀ ਜੋ ਖ਼ੁਦ ਨੂੰ ਸਿਆਸੀ ਧਿਰਾਂ ਲਈ ਮਦਦਗਾਰ ਦੱਸਦੀ ਸੀ। ਜ਼ਾਹਰਾ ਤੌਰ 'ਤੇ ਇਹ ਡੇਟਾ ਇਕੱਤਰ ਕਰਨ, ਉਸ ਦਾ ਵਿਸ਼ਲੇਸ਼ਣ ਕਰਨ ਅਤੇ ਇਸ ਵਿਸ਼ਲੇਸ਼ਣ ਦੇ ਆਧਾਰ 'ਤੇ ਚੋਣ ਮੁਹਿੰਮਾਂ ਜਥੇਬੰਦ ਕਰਨ ਦਾ ਵਿਧੀ-ਵਿਧਾਨ ਰਚਣ ਦਾ ਕਾਰਜ ਕਰਦੀ ਸੀ। ਪਰ ਅਜਿਹੇ ਚਿਹਰੇ-ਮੋਹਰੇ ਦੇ ਪਿੱਛੇ ਮੁਲਕਾਂ ਦੀਆਂ ਸਰਕਾਰਾਂ ਉਲਟਾਉਣ ਲਈ ਲੋੜੀਂਦੇ ਡਿਜੀਟਲ ਅਸਾਸੇ ਚੁਰਾਉਣ, ਗੁਪਤ ਜਾਣਕਾਰੀਆਂ ਦਾ ਨਾਜਾਇਜ਼ ਖਣਨ ਅਤੇ ਇਨਾਂ ਰਾਹੀਂ ਰਾਜਨੇਤਾਵਾਂ, ਮੀਡੀਆ ਮੁਗਲਾਂ, ਧਨ ਕੁਬੇਰਾਂ ਅਤੇ ਲੋਕ ਰਾਇ ਜਥੇਬੰਦ ਕਰਨ ਵਾਲੀਆਂ ਹਸਤੀਆਂ ਦੀ ਬਲੈਕਮੇਲਿੰਗ ਵਰਗੀਆਂ ਸਾਜ਼ਿਸ਼ਾਂ ਤੇ ਗਤੀਵਿਧੀਆਂ ਛੁਪੀਆਂ ਹੋਈਆਂ ਸਨ। ਇਨਾਂ ਸਾਜ਼ਿਸ਼ਾਂ ਨੂੰ ਬੇਪਰਦ ਕਰਨ ਦੇ ਨਾਲ-ਨਾਲ ਰੌਸ਼ਨ ਦਿਮਾਗ਼ਾਂ ਨੂੰ ਲੁਭਾਉਣ ਤੇ ਸੁਆਰਥ-




ਸਿਧੀ ਲਈ ਵਰਤਣ ਦੇ ਖ਼ਤਰਿਆਂ ਦਾ ਖ਼ੁਲਾਸਾ ਵੀ ਹੈ ਇਹ ਕਿਤਾਬ। ਇਹ ਦਰਸਾਉਂਦੀ ਹੈ ਕਿ ਸਾਈਬਰ ਜਗਤ ਜ਼ਰਬਾਂ-ਤਕਸੀਮਾਂ ਨੂੰ ਆਸਾਨ ਬਣਾਉਣ, ਹਰ ਕਿਸਮ ਦੀ ਜਾਣਕਾਰੀ ਸੰਗ੍ਰਹਿਤ ਤੇ ਸੰਚਿਤ ਕਰਨ ਅਤੇ ਗਿਆਨ ਦੀ ਆਸਾਧਾਰਨ ਤੇਜ਼ੀ ਨਾਲ ਵੰਡ ਤੇ ਪਸਾਰ ਦਾ ਵਸੀਲਾ ਹੀ ਨਹੀਂ, ਬੇਅਕਸਿਆਂ ਦੇ ਅਕਸ ਉਸਾਰਨ, ਅਕਸਵਾਨਾਂ ਨੂੰ ਬੇਅਕਸਾ ਬਣਾਉਣ, ਸਾਡੀ ਸੂਝ ਤੇ ਸੁਹਜ ਨੂੰ ਉਧਾਲਣ ਤੇ ਸਾਡੇ ਮਨ-ਮਸਤਿਕਾਂ ਦੀ ਬੇਪਤੀ ਦਾ ਜ਼ਰੀਆ ਵੀ ਹੈ।

ਤੀਹ ਵਰਿਆਂ ਦਾ ਕ੍ਰਿਸਟੋਫਰ ਵਾਇਲੀ ਕੈਨੇਡੀਅਨ ਡੇਟਾ ਵਿਗਿਆਨੀ ਹੈ ਜਿਸ ਨੇ ਕੈਂਬਰਿਜ ਐਨੇਲਾਈਟਿਕਾ ਦੇ ਉਭਾਰ ਤੇ ਨਿਘਾਰ ਵਿਚ ਇਕੋ ਜਿੰਨੀ ਮਹੱਤਵਪੂਰਨ ਭੂਮਿਕਾ ਨਿਭਾਈ। 2013 ਵਿਚ ਵਜੂਦ 'ਚ ਆਈ ਇਸ ਕੰਪਨੀ ਦੇ ਉਥਾਨ ਵਿਚ 2015 ਤੋਂ 2018 ਦੇ ਮੁੱਢ ਤਕ ਉਸ ਨੇ ਪ੍ਰਮੁੱਖ ਯੋਗਦਾਨ ਪਾਇਆ। ਪਰ ਜਦੋਂ ਉਸ ਨੂੰ ਤੇ ਉਸ ਦੇ ਕੁਝ ਸਹਿਕਰਮੀਆਂ ਨੂੰ ਕੰਪਨੀ ਦੇ ਆਚਾਰ-ਵਿਹਾਰ ਵਿਚਲੇ ਵਿਕਾਰਾਂ ਅਤੇ ਇਨਾਂ ਵਿਕਾਰਾਂ ਨਾਲ ਜੁੜੇ ਖ਼ਤਰਿਆਂ ਦਾ ਆਭਾਸ ਹੋਇਆ ਤਾਂ ਉਸ ਨੇ ਇਸ ਵਰਤਾਰੇ ਨੂੰ ਬੇਪਰਦ ਕਰਨ ਦੀ ਜੁਰੱਅਤ ਦਿਖਾਈ। ਉਸ ਦੇ ਪ੍ਰਗਟਾਵੇ ਕੈਂਬਰਿਜ ਐਨੇਲਾਈਟਿਕਾ-ਫੇਸਬੁੱਕ ਸਕੈਂਡਲ ਦੇ ਨਾਮ ਨਾਲ ਜਾਣੇ ਜਾਂਦੇ ਹਨ। ਇਨਾਂ ਰਾਹੀਂ ਕੈਂਬਰਿਜ ਐਨੇਲਾਈਟਿਕਾ ਦਾ ਤਾਂ ਭੋਗ ਪਿਆ ਹੀ, ਫੇਸਬੁੱਕ ਤੇ ਹੋਰ ਸੋਸ਼ਲ ਮੀਡੀਆ ਮੰਚ ਵੀ ਕਾਨੂੰਨੀ ਕਟਹਿਰੇ ਵਿਚ ਪਹੁੰਚ ਗਏ। ਅਮਰੀਕਾ, ਬ੍ਰਿਟੇਨ, ਕੈਨੇਡਾ ਅਤੇ ਕਈ ਹੋਰ ਦੇਸ਼ਾਂ ਵਿਚ 8.7 ਕਰੋੜ ਫੇਸਬੁੱਕ ਵਰਤੋਂਕਾਰਾਂ ਦੀ ਨਿੱਜੀ ਜਾਣਕਾਰੀ ਦੀ ਉਨਾਂ ਦੀ ਸਹਿਮਤੀ ਤੋਂ ਬਿਨਾਂ ਕੁਵਰਤੋਂ ਦੇ ਦੋਸ਼ਾਂ ਦੀ ਫ਼ੌਜਦਾਰੀ ਜਾਂਚ ਚੱਲ ਰਹੀ ਹੈ। ਇਸ ਦੇ ਬਾਵਜੂਦ ਕੈਂਬਰਿਜ ਐਨੇਲਾਈਟਿਕਾ ਦੇ ਪਰੋਮੋਟਰ ਸਟੀਵ ਬੈਨਨ ਤੇ ਰਿਚਰਡ ਮਰਸਰ ਜੇਲਾਂ ਅੰਦਰ ਨਹੀਂ। ਉਨਾਂ ਦੇ ਸਿਆਸੀ ਸਰਪ੍ਰਸਤਾਂ ਨੇ ਉਨਾਂ ਨੂੰ ਅਜਿਹੀ ਹੋਣੀ ਤੋਂ ਬਚਾਇਆ ਹੋਇਆ ਹੈ। ਕੰਪਨੀ ਨੂੰ 2016 ਦੀ ਅਮਰੀਕੀ ਪ੍ਰਧਾਨਗੀ ਚੋਣ ਵਿਚ ਡੋਨਲਡ ਟਰੰਪ ਦੀ ਨਾਜਾਇਜ਼ ਮਦਦ ਕਰਨ, ਚੋਣਾਵੀ ਅਮਲ ਵਿਚ ਰੂਸੀ ਮੁਦਾਖ਼ਲਤ ਦਾ ਰਾਹ ਪੱਧਰਾ ਕਰਨ, ਯੂਰੋਪੀਅਨ ਸੰਘ ਨਾਲੋਂ ਬ੍ਰਿਟੇਨ ਦੇ ਤੋੜ-ਵਿਛੋੜੇ (ਬ੍ਰੈਗਜ਼ਿੱਟ) ਵਾਲਾ ਮਾਹੌਲ ਉਸਾਰਨ ਅਤੇ ਦੱਖਣੀ ਅਮਰੀਕੀ ਮਹਾਂਦੀਪ ਦੇ ਮੁਲਕਾਂ ਤੋਂ ਲੈ ਕੇ ਦੱਖਣ-ਪੂਰਬੀ ਏਸ਼ੀਆ ਤੱਕ ਫੈਲੀਆਂ ਜਮਹੂਰੀਅਤਾਂ ਵਿਚ ਸੱਜੇ-ਪੱਖੀ ਤੇ ਕੱਟੜਵਾਦੀ ਲਹਿਰਾਂ ਨੂੰ ਹਵਾ ਦੇਣ ਦਾ ਦੋਸ਼ੀ ਦੱਸਿਆ ਜਾ ਰਿਹਾ ਹੈ। 2014 ਵਿਚ ਭਾਜਪਾ ਵੱਲੋਂ ਅਤੇ ਬਾਅਦ ਵਿਚ ਕਾਂਗਰਸ ਵੱਲੋਂ ਵੀ ਕੈਂਬਰਿਜ ਐਨੇਲਾਈਟਿਕਾ ਦੀ ਮਦਦ ਲਏ ਜਾਣ ਦੇ ਇਲਜ਼ਾਮ ਲੱਗਦੇ ਆਏ ਹਨ। ਕੰਪਨੀ ਬਾਰੇ ਕਈ ਦਾਅਵੇ 'ਹਊਆਵਾਦੀ' ਬਿਰਤੀ ਦੀ ਪੈਦਾਇਸ਼ ਜਾਪਦੇ ਹਨ, ਫਿਰ ਵੀ ਇਹ ਹਕੀਕਤ ਦਰਕਿਨਾਰ ਨਹੀਂ ਕੀਤੀ ਜਾ ਸਕਦੀ ਕਿ ਸਾਈਬਰ-ਬ੍ਰਹਿਮੰਡ ਸਾਡੀਆਂ ਮਨੋਬਿਰਤੀਆਂ ਨੂੰ ਸਿੱਧੇ-ਅਸਿੱਧੇ ਢੰਗ ਨਾਲ ਲਗਾਤਾਰ ਪ੍ਰਭਾਵਿਤ ਕਰਦਾ ਆ ਰਿਹਾ ਹੈ। ਇਸ ਨੇ ਸਾਨੂੰ ਵੱਧ ਪਦਾਰਥਵਾਦੀ ਤੇ ਵੱਧ ਵਿਕਾਰਵਾਦੀ ਬਣਾਇਆ ਹੈ। ਇਸ ਨੇ ਸਾਡੀ ਸੋਚ ਦੇ ਧਰਾਤਲ ਨੂੰ ਸੰਕੁਚਿਤ ਵੀ ਬਣਾਇਆ ਹੈ। ਗਲੋਬਲੀ ਪਿੰਡ ਦੇ ਸੰਕਲਪ ਤੇ ਸਿਧਾਂਤ ਦੇ ਨਾਂ ਉੱਤੇ ਚੰਦ ਪੱਛਮੀ ਮੁਲਕਾਂ ਨੇ ਬਾਕੀ ਦੁਨੀਆਂ ਦੇ ਮੁਲਕਾਂ ਉੱਪਰ ਆਪਣਾ ਡਿਜੀਟਲ ਸਾਮਰਾਜ ਲੱਦ ਦਿੱਤਾ ਹੈ ਜੋ ਸਭਿਆਚਾਰਾਂ ਤੇ ਸਭਿਅਤਾਵਾਂ ਦੀ ਸੁਵੰਨਤਾ ਨੂੰ ਸਮੇਟਦਾ ਜਾ ਰਿਹਾ ਹੈ।

ਕ੍ਰਿਸਟੋਫਰ ਵਾਇਲੀ ਦੇਖਣ ਨੂੰ ਵਿਗਿਆਨੀ ਜਾਂ ਸਾਈਬਰ ਮਾਹਿਰ ਨਹੀਂ ਲੱਗਦਾ। ਗੁਲਾਬੀ ਵਾਲ, ਨੱਕ ਵਿਚ ਵਾਲੀ, ਚਿਹਰਾ ਇੰਗਲੈਂਡ ਦੇ ਫੁਟਬਾਲੀਆ ਹੁੱਲੜਬਾਜ਼ਾਂ ਵਰਗਾ। ਪਰ ਉਸ ਦਾ ਜੀਵਨ ਵੇਰਵਾ ਇਸ ਦ੍ਰਿਸ਼ਟਾਂਤ ਦੀ ਪੁਸ਼ਟੀ ਕਰਦਾ ਹੈ ਕਿ ਵਿਕਲਾਂਗ ਦਰਅਸਲ, ਦਿਵਿਆਂਗ ਹੀ ਹੁੰਦੇ ਹਨ। ਕੁਦਰਤ ਜੇ ਅਨਿਆਂ ਕਰਦੀ ਹੈ ਤਾਂ ਨਾਲ ਹੀ ਹਰਜ-ਪੂਰਤੀ ਵੀ ਕਰਦੀ ਹੈ। ਖਿਆਨਤ ਦੇ ਪੀੜਤ ਨੂੰ ਉਹ ਨਵੇਕਲੀ ਨਿਆਮਤ ਨਾਲ ਲੈਸ ਜ਼ਰੂਰ ਕਰਦੀ ਹੈ। ਵਾਇਲੀ ਵੰਗਾਰਾਂ ਨਾਲ ਲਗਾਤਾਰ ਜੂਝਦਾ ਆਇਆ ਹੈ। ਪਿਤਾ ਫਿਜ਼ੀਸ਼ਨ, ਮਾਂ ਮਨੋਚਕਿਤਸਕ, ਪਰ ਵਾਇਲੀ ਨਾਰਮਲ ਬੱਚੇ ਵਾਲੀਆਂ ਕਈ ਰਿੱਧੀਆਂ-ਸਿੱਧੀਆਂ ਤੋਂ ਵਿਹੂਣਾ। ਦੋ ਨਿਹਾਇਤ ਗੰਭੀਰ ਨਿਓਰੋ-ਮਰਜ਼ਾਂ ਦਾ ਸ਼ਿਕਾਰ। ਇਨਾਂ ਮਰਜ਼ਾਂ ਕਾਰਨ ਨਸਾਂ ਵਿਚ ਉੱਠਣ ਵਾਲਾ ਅਸਹਿ ਦਰਦ, ਮਾਸਪੇਸੀਆਂ ਦੀ ਕਮਜ਼ੋਰੀ, ਨਜ਼ਰ ਸ਼ਕਤੀ ਤੇ ਸੁਣਨ ਸ਼ਕਤੀ ਦਾ ਖੋਰਾ ਉਸ ਦੇ ਵਜੂਦ ਦਾ ਹਿੱਸਾ ਹਨ। ਵੈਨਕੂਵਰ ਦੇ ਸਕੂਲ ਵਿਚ ਵਿੰਗਾ-ਟੇਢਾ ਤੁਰਦਾ ਸੀ ਤਾਂ ਦੂਜੇ ਬੱਚੇ ਛੇੜਦੇ। 12 ਵਰਿਆਂ ਦੀ ਉਮਰ ਵਿਚ ਵੀਲ ਚੇਅਰ ਨੂੰ ਸੰਗੀ ਬਣਾਉਣਾ ਪਿਆ। ਜਵਾਨੀ ਹਮਜਿਨਸਾਂ ਪ੍ਰਤੀ ਚਾਹਤ ਆਪਣੇ ਨਾਲ ਲਿਆਈ। ਹਮਉਮਰਾਂ ਦੀ ਬੇਦਰਦੀ ਤੇ ਵੱਡਿਆਂ ਦੀ ਬੇਲੋੜੀ ਹਮਦਰਦੀ ਨੇ ਵਾਇਲੀ ਨੂੰ ਇਕੱਲਵਾਦੀ ਅਤੇ ਕੰਪਿਊਟਰ ਦਾ ਸਥਾਈ ਸਾਥੀ ਬਣਾ ਦਿੱਤਾ। ਇਸ ਰਿਸ਼ਤੇ ਦੀ ਗਹਿਰਾਈ ਨੇ ਸਾਈਬਰ ਜਗਤ ਦੇ ਸਾਰੇ ਦਵਾਰ ਉਸ ਵਾਸਤੇ ਖੋਲ ਦਿੱਤੇ। ਹੋਰ ਤਾਂ ਹੋਰ, ਇਸ ਜਗਤ ਦਾ ਦਸਮ ਦਵਾਰ ਵੀ ਉਸ ਦੀ ਪਹੁੰਚ ਤੋਂ ਦੂਰ ਨਹੀਂ ਰਿਹਾ। 'ਗੇਅ ਹੈਕਰ' ਵਾਲੀ ਸਾਖ਼ ਤੇ ਉਦਾਰਵਾਦ ਵੱਲ ਝੁਕਾਅ ਨੇ ਪਹਿਲਾਂ ਉਸ ਨੂੰ ਬਰਾਕ ਓਬਾਮਾ ਦੇ ਪ੍ਰਚਾਰ ਦਾ ਹਿੱਸਾ ਬਣਾਇਆ, ਫਿਰ ਕੈਨੇਡਾ ਵਿਚ ਲਿਬਰਲ ਪਾਰਟੀ ਦੇ ਜਸਟਿਨ ਟਰੂਡੋ ਦਾ ਪ੍ਰਚਾਰਕ। ਇਸੇ ਸ਼ਾਖ ਨੇ ਕੈਂਬਰਿਜ ਐਨੇਲਾਈਟਿਕਾ ਵਿਚ ਰਿਸਰਚ ਡਾਇਰੈਕਟਰ ਦੇ ਉੱਚ ਅਹੁਦੇ 'ਤੇ ਨਿਯੁਕਤੀ ਦਾ ਰਾਹ ਖੋਲਿਆ। ਇਹ ਵੱਖਰੀ ਗੱਲ ਹੈ ਕਿ ਤਿੰਨ ਵਰਿਆਂ ਦੇ ਅੰਦਰ ਉਸ ਨੂੰ ਅਹਿਸਾਸ ਹੋ ਗਿਆ ਕਿ ਉਸ ਨੂੰ ਸੰਸਾਰ ਦੇ ਭਲੇ ਲਈ ਨਹੀਂ ਵਰਤਿਆ ਜਾ ਰਿਹਾ। ਇਸੇ ਅਹਿਸਾਸ ਨੇ ਉਸ ਨੂੰ ਬਾਗ਼ੀ ਹੋਣ ਦੇ ਰਾਹ ਪਾਇਆ।

ਕਿਤਾਬ ਦੀ ਅੰਤਿਕਾ ਵਿਚ ਵਾਇਲੀ ਨੇ ਉਹ ਕਦਮ, ਨਿਯਮ ਅਤੇ ਵਿਧਾਨ ਸੁਣਾਏ ਹਨ ਜੋ ਸਾਈਬਰ ਜਗਤ, ਖ਼ਾਸ ਕਰਕੇ ਸੰਸਾਰ ਦੇ ਹਰ ਨਾਗਰਿਕ ਦੇ ਨਿੱਜ ਨੂੰ ਸਾਇਬਰੀ ਹਮਲਿਆਂ ਤੋਂ ਸੁਰੱਖਿਅਤ ਬਣਾਉਣ ਵਿਚ ਸਹਾਈ ਹੋ ਸਕਦੇ ਹਨ। ਉਂਜ, ਨਾਲ ਹੀ ਉਹ ਮੰਨਦਾ ਹੈ ਕਿ ਨਿਯਮਾਂ-ਕਾਨੂੰਨਾਂ ਨਾਲੋਂ ਵੱਧ ਮਹੱਤਵ ਇਖ਼ਲਾਕ ਤੇ ਇਨਸਾਨੀਅਤ ਦਾ ਹੈ। ਇਨਾਂ ਦੋਵਾਂ ਮਾਦਿਆਂ ਦਾ ਭਾਵੇਂ ਹੁਣ ਬਹੁਤਾ ਪ੍ਰਚਲਨ ਨਹੀਂ ਰਿਹਾ, ਫਿਰ ਵੀ ਇਹ ਸਾਡੇ ਵਿਚੋਂ ਕਈ ਸਾਰਿਆਂ ਦੇ ਮਨਾਂ ਵਿਚ ਸੂਖ਼ਮ-ਅਸੂਖ਼ਮ ਰੂਪ ਵਿਚ ਮੌਜੂਦ ਜ਼ਰੂਰ ਹਨ। ਵਾਇਲੀ ਵਰਗੇ ਸਿਰੜੀਆਂ ਦੀ ਜੁਰੱਅਤਮੰਦੀ ਇਨਾਂ ਦੇ ਪੁੰਗਰਨ-ਉਭਰਨ ਲਈ ਖਾਧ-ਖ਼ੁਰਾਕ ਦਾ ਕੰਮ ਕਰਦੀ ਹੈ। ਇਹੀ ਸਾਡੇ ਲਈ ਸਾਇਬਰੀ ਯੁੱਗ ਦਾ ਸੁੱਖ-ਸੁਨੇਹਾ ਹੈ।

# ਭਾਰਤ 'ਚ ਫੈਲੀ ਹਿੰਸਾ ਤੋਂ ਅਦਾਲਤ ਨਰਾਜ਼ ਕਿਉਂ!

**ਪ੍ਰੋ. ਅਪੂਰਵਾਨੰਦ, ਦਿੱਲੀ ਯੂਨੀਵਰਸਿਟੀ**



ਹਿੰਸਾ ਦਾ ਸਭ ਤੋਂ ਜ਼ਿਆਦਾ ਸਭ ਤੋਂ ਤਾਕਤਵਰ ਤੇ ਕਾਰਗਰ ਹਥਿਆਰ ਕਿਸ ਕੋਲ ਹੈ? ਕਿਸ ਦੇ ਕੋਲ ਇਕ ਸੰਗਠਿਤ ਸ਼ਕਤੀ ਹੈ, ਜੋ ਹਿੰਸਾ ਕਰ ਸਕਦੀ ਹੈ? ਉੱਤਰ ਪ੍ਰਦੇਸ਼ ਵਿਚ ਕਿਸ ਨੇ ਆਮ ਸ਼ਹਿਰੀਆਂ ਦੇ ਘਰ ਘਰ ਵੜ ਕੇ ਤਬਾਹੀ ਕੀਤੀ? ਕਿਸ ਨੇ ਕੈਮਰੇ ਤੋੜ ਕੇ ਚਿਹਰੇ ਢੱਕ ਕੇ ਲੋਕਾਂ ਨੂੰ ਮਾਰਿਆ? ਗੋਲੀਆਂ ਕਿੱਥੋਂ ਚੱਲੀਆਂ? ਅਦਾਲਤ ਤੋਂ ਇਹ ਕੌਣ ਪੁੱਛੇ ਤੇ ਕਿਵੇਂ? ਜਦ ਅਸੀਂ ਅਦਾਲਤ ਕੋਲ ਇਹ ਸੁਆਲ ਲੈ ਕੇ ਜਾਂਦੇ ਹਾਂ ਤਾਂ ਅਦਾਲਤ ਹਿੰਸਾ ਤੋਂ ਖਫਾ ਹੋ ਜਾਂਦੀ ਹੈ।

"ਮੁਲਕ ਬੜੀ ਮੁਸ਼ਕਲ ਘੜੀ ਤੋਂ ਗੁਜ਼ਰ ਰਿਹਾ ਹੈ"। ਸੁਪਰੀਮ ਕੋਰਟ ਨੇ ਫਿਰ ਫਿਕਰ ਜ਼ਾਹਿਰ ਕੀਤਾ ਹੈ। ਉਹ ਆਪਣੇ ਵਤਨ ਵਿਚ ਚਲ ਰਹੀ ਉਥਲ ਪੁਥਲ ਤੋਂ ਹੈਰਾਨ ਹੈ, ਕੀ ਤੁਸੀਂ ਨਹੀਂ ਹੋ? ਜੋ ਗੱਲ ਅਸੀਂ ਖ਼ੁਦ ਮਹਿਸੂਸ ਕਰਦੇ ਹਾਂ ਤੇ ਇਕ ਦੂਸਰੇ ਨਾਲ ਬੋਲਦੇ ਰਹਿੰਦੇ ਹਾਂ, ਇਹ ਜੇਕਰ ਵੱਡੇ ਲੋਕਾਂ ਦੀ ਜ਼ੁਬਾਨ ਤੋਂ ਨਿਕਲੇ ਤਾਂ ਤਸੱਲੀ ਹੁੰਦੀ ਹੈ। ਮੁਲਕ ਦੇ ਹਾਲਾਤ ਕੁਝ ਠੀਕ ਨਹੀਂ ਹਨ। ਇਸ ਦਾ ਮਤਲਬ ਸਾਡਾ ਦਿਮਾਗ ਸ਼ਾਇਦ ਠੀਕ ਹੀ ਕੰਮ ਕਰ ਰਿਹਾ ਹੈ। ਸਾਡੀਆਂ ਨਜ਼ਰਾਂ ਵੀ ਦੇਖ ਰਹੀਆਂ ਹਨ ਕਿ ਇਹ ਕੋਈ ਤਮਾਸ਼ਾ ਨਹੀਂ ਹੈ, ਹਿੰਸਾ ਵਾਪਰ ਰਹੀ ਹੈ। ਅਦਾਲਤਾਂ ਸ਼ਾਇਰੀ ਵਿਚ ਵਕਤ ਬਰਬਾਦ ਨਹੀਂ ਕਰਦੀਆਂ। ਜੋ ਜਿੰਨਾ ਹੈ, ਉਸ ਨੂੰ ਓਨਾ ਹੀ ਦੇਖਦੀਆਂ ਤੇ ਦੱਸਦੀਆਂ ਹਨ। ਬਿਆਨ ਠੋਕਣੇ ਰਾਜਨੀਤੀ ਦੀ ਖਾਸੀਅਤ ਹੈ। ਕਾਨੂੰਨ ਦੀ ਜ਼ੁਬਾਨ ਸਟੀਕ ਹੁੰਦੀ ਹੈ।

ਇਸ ਦੇ ਬਾਅਦ ਸਭ ਤੋਂ ਵੱਡੇ ਜੱਜ ਨੇ ਨਰਾਜ਼ਗੀ ਜ਼ਾਹਿਰ ਕੀਤੀ। ਏਨੀ ਹਿੰਸਾ। ਫਿਰ ਇਸ ਹਿੰਸਾ ਦੀ ਕਾਰਵਾਈ ਤੋਂ ਨਰਾਜ਼ ਹੋ ਕੇ ਕਿਹਾ ਜਦ ਤੱਕ ਇਹ ਹਿੰਸਾ ਨਹੀਂ ਰੁਕਦੀ, ਅਸੀਂ ਨਾਗਰਿਕਤਾ ਦੇ ਨਵੇਂ ਕਾਨੂੰਨ 'ਤੇ ਇਤਰਾਜ਼ ਵਾਲੀ ਕੋਈ ਅਰਜ਼ੀ ਨਹੀਂ ਸੁਣਾਂਗੇ। ਇਸ ਗੱਲ ਤੋਂ ਹੈਰਾਨੀ ਹੈ ਕਿ ਸਭ ਤੋਂ ਵੱਡੇ ਜੱਜ ਨੇ ਅਜਿਹਾ ਕਹਿਣ ਦੇ ਬਾਅਦ ਸਰਕਾਰ ਨੂੰ ਝਾੜਾਂ ਨਹੀਂ ਪਾਈਆਂ। ਆਖਿਰ ਇਸ ਮੁਲਕ ਦੇ ਪ੍ਰਧਾਨ ਮੰਤਰੀ ਮੋਦੀ ਅਜੇ ਕੁਝ ਸਮਾਂ ਪਹਿਲਾਂ ਹੀ ਦੁਨੀਆਂ ਦੀ ਸਭ ਤੋਂ ਤਾਕਤਵਰ ਜਮਹੂਰੀਅਤ ਅਮਰੀਕਾ ਵਿਚ ਵਸੇ ਰਹੇ ਭਾਰਤੀਆਂ ਨੂੰ ਤਸੱਲੀ ਦੇ ਕੇ ਆਏ ਸਨ ਕਿ ਪਿੱਛੇ ਸਭ ਕੁਝ ਠੀਕ ਹੈ, ਫਿਕਰ ਕਰਨ ਵਾਲੀ ਕੋਈ ਗੱਲ ਨਹੀਂ। ਇਹ ਸਾਰੀਆਂ ਖ਼ਬਰਾਂ ਕਿ ਦੇਸ ਦੀ ਆਰਥਿਕ ਦਸ਼ਾ ਮਾੜੀ ਹੈ, ਪਿੰਡਾਂ ਦੇ ਕਿਸਾਨ ਆਤਮ-ਹੱਤਿਆਵਾਂ ਕਰ ਰਹੇ ਹਨ, ਨੌਜਵਾਨਾਂ ਨੂੰ ਰੁਜ਼ਗਾਰ ਨਹੀਂ ਮਿਲ ਰਿਹਾ, ਕਾਰੋਬਾਰ ਠੱਪ ਪੈ ਗਏ ਹਨ, ਖਬਰਾਂ ਝੂਠੀਆਂ ਹਨ, ਦੇਸ ਦੇ ਨਵੇਂ ਨਿਜ਼ਾਮ ਵਿਚ ਹਾਸਲ ਕੀਤੀ ਗਈ ਤਰੱਕੀ, ਖੁਸ਼ਹਾਲੀ ਵਿਚ ਸੜਨ ਵਾਲਿਆਂ ਵਲੋਂ ਫੈਲਾਈਆਂ ਗਈਆਂ ਅਫਵਾਹਾਂ ਹਨ। ਇਹ ਸਭ ਦੇਸ ਦੇ ਦੁਸ਼ਮਣ ਹਨ। ਕਾਂਗਰਸ ਦੇ ਹੱਥਾਂ ਵਿਚ ਵਿਕੇ ਹੋਏ ਲੋਕ ਹਨ। ਸਰਕਾਰ ਦੇਸ ਦਾ ਵਿਕਾਸ ਕਰ ਰਹੀ ਹੈ, ਮੁਲਕ ਨੂੰ ਬਦਲਣ ਵਿਚ ਜੁਟੀ ਹੋਈ ਹੈ।

ਅਸੀਂ ਬੀਤੇ ਇਕ ਮਹੀਨੇ ਦੌਰਾਨ ਪਰ ਜਲਦੀ ਹੀ ਦੋ ਵਾਰ ਅਦਾਲਤ ਨੂੰ ਹਿੰਸਾ ਦੇ ਮਾਮਲੇ ਵਿਚ ਨੋਟਿਸ ਲੈਂਦਿਆਂ ਦੇਖਿਆ। ਅਜੇ ਪਿਛਲੇ ਮਹੀਨੇ ਜਦ ਮਿਲੀਆ ਇਸਲਾਮੀਆ ਦੇ ਅੰਦਰ ਵੜ ਕੇ ਪੁਲੀਸ ਨੇ ਵਿਦਿਆਰਥੀਆਂ ਦੇ ਹੱਥ ਪੈਰ ਭੰਨ ਦਿੱਤੇ ਤੇ ਇਕ ਵਿਦਿਆਰਥੀ ਦੀ ਅੱਖ ਅੰਨੀ ਕਰ ਦਿੱਤੀ ਤਦ ਅਦਾਲਤ ਦੇ ਹੀ ਦੋ ਵੱਡੇ ਤੇ ਤਜ਼ਰਬੇਕਾਰ ਅਫਸਰਾਂ (ਜੋ ਵਕੀਲ ਹੁੰਦੇ ਹਨ) ਅਦਾਲਤ ਨੂੰ ਦਰਖਾਸਤ ਦਿੱਤੀ ਕਿ ਜਾਮੀਆ ਵਿਚ ਜੋ ਪੁਲੀਸ ਨੇ ਹਿੰਸਾ ਕੀਤੀ, ਜਿਸ ਦੇ ਸ਼ਿਕਾਰ ਏਨੇ ਵਿਦਿਆਰਥੀ ਹੋਏ ਹਨ, ਉਸ ਦੀ ਜਾਂਚ ਕਰਵਾਈ ਜਾਵੇ ਤੇ ਪੁਲੀਸ ਕਰਮਚਾਰੀਆਂ ਨੂੰ ਤਾੜਨਾ ਕੀਤੀ ਜਾਵੇ ਤਾਂ ਅਦਾਲਤ ਨੇ ਹਿੰਸਾ 'ਤੇ ਨਰਾਜ਼ਗੀ ਪ੍ਰਗਟਾਈ। ਨਾਲ ਹੀ ਇਹ ਕਹਿ ਦਿੱਤਾ ਕਿ ਤੁਸੀਂ ਜਦ ਸੜਕ ਤੋਂ ਹੱਟ ਜਾਓਗੇ ਤਦ ਹੀ ਸਾਡੇ ਦਰਵਾਜ਼ੇ ਖੜਕਾਉਣਾ। ਜਦ ਤੱਕ ਹਿੰਸਾ ਬੰਦ ਨਹੀਂ ਹੁੰਦੀ, ਅਰਜ਼ੀ ਸੁਣੀ ਨਹੀਂ ਜਾਵੇਗੀ। ਇਹ ਬੜੀ ਜਾਇਜ਼ ਮੰਗ ਹੈ ਕਿ ਜੇਕਰ ਤੁਹਾਡੇ ਚਾਰੇ ਪਾਸੇ ਰੌਲਾ ਰੱਪਾ ਹੈ, ਅੱਗ ਲੱਗੀ ਹੋਈ ਹੈ, ਹਿੰਸਾ ਫੈਲੀ ਹੋਈ ਹੈ ਤਾਂ ਤੁਸੀਂ ਕਿਵੇਂ ਆਪਣੇ ਦਿਮਾਗ ਨੂੰ ਟਿਕਾਣੇ ਰਖੋਗੇ ਤੇ ਅਦਾਲਤ ਨੂੰ ਆਪਣੇ ਤੋਂ ਜ਼ਿਆਦਾ ਬਾਰੀਕੀ ਨਾਲ ਸੋਚਣਾ ਪੈਂਦਾ ਹੈ। ਹਿੰਸਾ ਉਥਲ ਪੁਥਲ ਦੇ ਵਿਚਕਾਰ ਇਹ ਸੋਚੇ ਕਿਵੇਂ? ਅਦਾਲਤ ਨੇ ਇਹ ਬੜਾ ਅਜੀਬ ਸੁਆਲ ਕੀਤਾ ਕਿ ਜਦ ਜਨਤਕ ਸੰਪਤੀ ਨੂੰ ਨੁਕਸਾਨ ਪਹੁੰਚਾਇਆ ਜਾ ਰਿਹਾ ਹੈ ਤਾਂ ਪੁਲੀਸ ਕੁਝ ਨਾ ਕਰੇ?

ਇਸ ਤੋਂ ਬਾਅਦ ਪੁਲੀਸ ਨੇ ਇਸ ਸੁਆਲ ਦਾ ਜੁਆਬ ਅਲੀਗੜ ਮੁਸਲਿਮ ਯੂਨੀਵਰਸਿਟੀ ਵਿਚ ਦਿੱਤਾ। ਹੋਸਟਲਾਂ ਵਿਚ ਵੜ ਕੇ ਵਿਦਿਆਰਥੀਆਂ ਨੂੰ ਕੁੱਟਿਆ, ਗ੍ਰਨੇਡਾਂ ਨਾਲ ਉਹਨਾਂ 'ਤੇ ਹਮਲਾ ਕੀਤਾ। ਇਕ ਵਿਦਿਆਰਥੀ ਦਾ ਹੱਥ ਉੱਡ ਗਿਆ। ਜਨਤਕ ਸੰਪਤੀ ਦੀ ਰੱਖਿਆ ਕੀਤੀ, ਇਹ ਕੀਮਤ ਘੱਟ ਸੀ! ਜ਼ਰਾ ਹੋਰ ਪਿੱਛੇ ਜਾਓ, ਕਸ਼ਮੀਰ ਦੀ ਛਾਤੀ 'ਤੇ ਜਦ ਭਾਰਤੀ ਸੱਤਾ ਚੜ ਬੈਠੀ ਤੇ ਉਸ ਦੇ ਬਾਸ਼ਿੰਦਿਆਂ ਵੱਲੋਂ ਆਜ਼ਾਦੀ ਦੇ ਹੱਕ ਦੀ ਆਵਾਜ਼ ਉਠਾਈ ਤਾਂ ਅਦਾਲਤ ਨੇ ਕਿਹਾ ਕਿ ਹਾਲਾਤ ਅਸ਼ਾਂਤ ਹਨ। ਅਜੇ ਮਨੁੱਖੀ ਅਜ਼ਾਦੀ ਬਾਰੇ ਸੋਚਣ ਦਾ ਵਕਤ ਨਹੀਂ।

ਅਦਾਲਤ ਹਾਲਾਤ ਦੇ ਸ਼ਾਂਤ ਹੋਣ ਦਾ ਇਤਜ਼ਾਰ ਕਰਨ ਨੂੰ ਕਹਿ ਰਹੀ ਸੀ। ਉਧਰ ਸਰਕਾਰ ਫਿਰੰਗੀ ਸਿਆਸਤਦਾਨਾਂ ਨੂੰ ਕਸ਼ਮੀਰ ਦੀ ਸੈਰ ਕਰਵਾ ਰਹੀ ਸੀ ਇਹ ਦੱਸਣ ਨੂੰ ਕਿ ਕਸ਼ਮੀਰ ਵਿਚ ਸਭ ਕੁਝ ਠੀਕ ਠਾਕ ਹੈ।

ਬਾਕੀ ਸਫ਼ਾ 33 'ਤੇ

# ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ

## 500 ਸਾਲਾਂ ਦੇ ਇਤਿਹਾਸ ਵਿਚ ਸਰਬੋਤਮ ਸ਼ਾਸਕ

### ਅਲਾਬਾਮਾ ਦੀ ਅਮਰੀਕੀ ਯੂਨੀਵਰਸਿਟੀ ਦੇ ਇੱਕ ਸਰਵੇਖਣ ਦੀ ਰਿਪੋਰਟ

- ਪ੍ਰੋ. ਬਲਵਿੰਦਰਪਾਲ ਸਿੰਘ
ਮੋਬ. 9815700916

ਪਹਿਲੇ ਸਿੱਖ ਸ਼ਾਸਕ ਤੇ ਮਹਾਰਾਜਾ ਰਣਜੀਤ ਸਿੰਘ 500 ਸਾਲਾਂ ਦੇ ਇਤਿਹਾਸ ਵਿਚ ਸਰਬੋਤਮ ਸ਼ਾਸਕ ਸਾਬਤ ਹੋਏ ਹਨ। ਉਨਾਂ ਨੇ ਪੰਜਾਬ ਨੂੰ ਇਕਜੁੱਟ ਕੀਤਾ ਤੇ ਇਸ ਦੀਆਂ ਹੱਦਾਂ ਨੂੰ ਪਖਤੂਨਖਵਾ ਤੋਂ ਕਸ਼ਮੀਰ ਤਕ ਫੈਲਾਇਆ। ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ 180 ਸਾਲ ਬਾਅਦ ਅਲਾਬਾਮਾ ਦੀ ਅਮਰੀਕੀ ਯੂਨੀਵਰਸਿਟੀ ਦੇ ਇੱਕ ਸਰਵੇਖਣ ਵਿਚ ਇਸ ਦੀ ਪੁਸ਼ਟੀ ਹੋਈ ਹੈ।

ਟਾਪ ਦੇ 10 ਸ਼ਾਸਕਾਂ ਨੂੰ ਆਪਣੀ ਕਾਰਜਸ਼ੀਲ ਸ਼ੈਲੀ, ਹੁਨਰ, ਵਿਸ਼ਿਆਂ ਦੀ ਨੀਤੀ, ਸੈਨਾ ਨਵੀਨੀਕਰਣ, ਆਰਥਿਕ ਤੇ ਵਪਾਰਕ ਨੀਤੀਆਂ ਦੇ ਅਧਾਰ ਵਜੋਂ ਸੂਚੀਬੱਧ ਕੀਤਾ ਗਿਆ। ਇਸ ਵਿਚ ਮਹਾਰਾਜਾ ਰਣਜੀਤ ਸਿੰਘ ਪਹਿਲੇ ਸਥਾਨ 'ਤੇ ਰਹੇ। ਇਸੇ ਤਰਾਂ, ਮਹਾਰਾਜਾ ਦਾ ਰਾਜ-ਸ਼ਾਸਨ ਟਾਪ-5 ਦੇ ਸ਼ਾਸਨਕਾਲ ਵਿਚ ਪਹਿਲੀ ਸੂਚੀ ਵਿੱਚ ਆਇਆ ਹੈ।

ਉਹ ਅਜਿਹੇ ਸ਼ਾਸਕ ਸੀ ਜਿਨਾਂ ਆਪਣੀ ਹਕੂਮਤ ਨੂੰ ਦੇਸ਼ ਦੀਆਂ ਸਰਹੱਦਾਂ ਤੋਂ ਲੈ ਕੇ ਪੇਸ਼ਾਵਰ, ਪਖਤੂਨਖਵਾ, ਕਸ਼ਮੀਰ ਤਕ ਵਧਾ ਦਿੱਤਾ। ਸਿਰਫ ਇਹੋ ਨਹੀਂ, ਉਨਾਂ ਨੇ ਉਸ ਸਮੇਂ ਲੜਦੀਆਂ ਰਿਆਸਤਾਂ ਨੂੰ ਇੱਕ ਫਾਰਮੂਲੇ ਵਿਚ ਜੋੜ ਦਿੱਤਾ ਤੇ ਇੱਕ ਖੁਸ਼ਹਾਲ ਤੇ ਸੰਗਠਿਤ ਸ਼ਾਸਨ ਬਣਾਇਆ।

ਉਨਾਂ ਨੇ ਅਮਨ-ਕਾਨੂੰਨ ਦੀ ਸਥਾਪਨਾ ਕੀਤੀ ਤੇ ਕਦੇ ਕਿਸੇ ਨੂੰ ਮੌਤ ਦੀ ਸਜ਼ਾ ਨਹੀਂ ਦਿੱਤੀ। ਉਨਾਂ ਦਾ ਸੂਬਾ ਧਰਮ ਨਿਰਪੱਖ ਸੀ। ਉਸ ਨੇ ਹਿੰਦੂਆਂ ਤੇ ਸਿੱਖਾਂ ਦੇ ਜੀਜੀਆਂ ਤੋਂ ਮੁਕਤ ਕੀਤਾ ਸੀ। ਕਦੇ ਕਿਸੇ ਨੂੰ ਸਿੱਖ ਧਰਮ ਅਪਨਾਉਣ ਲਈ ਮਜਬੂਰ ਨਹੀਂ ਕੀਤਾ। ਉਨਾਂ ਨੇ ਅਮ੍ਰਿਤਸਰ ਦੇ ਹਰਿਮੰਦਰ ਸਾਹਿਬ ਗੁਰਦੁਆਰੇ ਵਿਚ ਸੰਗਮਰਮਰ ਲਗਵਾਇਆ ਤੇ ਸੋਨਾ ਵਿਚ ਮੱਢਵਾਇਆ, ਉਦੋਂ ਤੋਂ ਇਸ ਥਾਂ ਨੂੰ ਗੋਲਡਨ ਟੈਂਪਲ ਵਜੋਂ ਜਾਣਿਆ ਜਾਣ ਲੱਗਾ।

### ਕੌਣ ਹੈ ਸ਼ੇਰੇ ਪੰਜਾਬ

ਜਦੋਂ ਮਿਸਲਾਂ ਕਮਜ਼ੋਰ ਹੋਣੀਆਂ ਸ਼ੁਰੂ ਹੋਈਆਂ ਤਾਂ ਸਰਦਾਰ ਰਣਜੀਤ ਸਿੰਘ ਸ਼ੁਕਰਚੱਕੀਆ ਆਪਣੇ ਗੁਣਾਂ ਤੇ ਸੂਰਬੀਰਤਾ ਕਰਕੇ ਸਿਖ ਪੰਥ ਦਾ ਆਗੂ ਬਣ ਨਿਕਲਿਆ। ਇਸ ਸਮੇਂ ਦੌਰਾਨ ਮਹਾਰਾਜਾ ਰਣਜੀਤ ਸਿੰਘ ਦੀ ਸੱਸ ਮਹਾਰਾਣੀ ਸਦਾ ਕੌਰ ਤੇ ਬਾਬਾ ਸਾਹਿਬ ਸਿੰਘ ਬੇਦੀ ਦੇ ਸਹਿਯੋਗ ਨਾਲ ਆਪਣੀ ਫ਼ੌਜੀ ਤਾਕਤ ਮਜ਼ਬੂਤ ਕੀਤੀ ਤੇ 1799 ਈਸਵੀ ਦੌਰਾਨ ਸ਼ਾਹ ਜ਼ਮਾਨ ਤੇ ਜਾਰਜ ਟਾਮਸਨ ਵਰਗੇ ਹਮਲਾਵਰਾਂ ਨਾਲ ਟੱਕਰ ਲਈ। ਮਹਾਰਾਜਾ ਰਣਜੀਤ ਸਿੰਘ ਨੇ ਸਮੁੱਚੀਆਂ ਮਿਸਲਾਂ ਨੂੰ ਇਕ ਲੜੀ ਵਿਚ ਪਰੌ ਕੇ 1801 ਈਸਵੀ ਦੌਰਾਨ ਖਾਲਸਾ ਰਾਜ ਦੀ ਸਿਰਜਣਾ ਕੀਤੀ, ਜਿਸ ਵਿਚ ਬਾਬਾ ਸਾਹਿਬ ਸਿੰਘ ਬੇਦੀ ਦਾ ਵੀ ਅਹਿਮ ਰੋਲ ਸੀ, ਜੋ ਕਿ ਗੁਰੂ ਨਾਨਕ ਦੇ ਅੰਸ਼ ਵੰਸ਼ ਵਿਚੋਂ ਮੰਨੇ ਜਾਂਦੇ ਸਨ।

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੀ ਸਭ ਤੋਂ ਵੱਡੀ ਖੂਬੀ ਇਹ ਸੀ ਕਿ ਕਿਸੇ ਨੂੰ ਵੀ ਮੌਤ ਦੀ ਸਜ਼ਾ ਨਹੀਂ ਦਿੱਤੀ ਜਾਂਦੀ ਸੀ। ਮਿਸਲਾਂ ਦੇ ਸਰਦਾਰਾਂ ਨੂੰ ਹਰਾਉਣ ਤੋਂ ਬਾਅਦ ਬਖਸ਼ ਦਿੱਤਾ ਜਾਂਦਾ ਸੀ ਤੇ ਉਨਾਂ ਨੂੰ ਆਪਣੇ ਜੀਵਨ ਨਿਰਬਾਹ ਲਈ ਜ਼ਮੀਨ ਵੀ ਦਿੱਤੀ ਜਾਂਦੀ ਸੀ। ਇਸ ਤਰਾਂ ਉਸ ਨੇ ਆਪਣੇ ਦੁਸ਼ਮਣਾਂ ਨੂੰ ਵੀ ਆਪਣੇ ਦੋਸਤ ਬਣਾਇਆ ਤੇ ਆਪਣੀ ਦਿਆਲੂ ਨੀਤੀ ਕਾਰਨ ਆਪਣੇ ਰਾਜ ਦਾ ਵਿਸਥਾਰ ਕੀਤਾ।

### ਸ਼ਹਿਰੀ ਰਾਜ ਪ੍ਰਬੰਧ

ਮਹਾਰਾਜਾ ਰਣਜੀਤ ਸਿੰਘ ਨੇ ਏਨੀਆਂ ਜੰਗਾਂ ਲੜਨ ਦੇ ਬਾਵਜੂਦ ਵਧੀਆ ਸ਼ਹਿਰੀ ਰਾਜ ਪ੍ਰਬੰਧ ਦਿੱਤਾ। ਉਸ ਦਾ ਅਰਥ-ਵਿਭਾਗ ਕਾਇਮ ਸੀ, ਜੋ ਉਸ ਦੀਆਂ ਜੰਗਾਂ ਦੇ ਖਰਚੇ ਦਾ ਪ੍ਰਬੰਧ ਕਰਦਾ ਸੀ। ਉਸ ਨੇ ਆਪਣਾ ਵਿੱਤ ਵਿਭਾਗ ਕਈਆਂ ਮਹਿਕਮਿਆਂ ਵਿਚ ਵੰਡਿਆ ਹੋਇਆ ਸੀ। ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਅਨਪੜ ਹੋਣ ਦੇ ਬਾਵਜੂਦ ਫ਼ਾਰਸੀ ਵਿਚ ਲਿਖੇ ਹੋਏ ਪਰਵਾਨੇ ਨੂੰ ਪੂਰੀ ਤਰਾਂ ਸਮਝਦਾ ਸੀ। ਮਨਜ਼ੂਰ ਹੋ ਜਾਣ ਤੇ ਉਸ ਉਤੇ ਦੋ ਨਵੀਂਆਂ ਮੁਹਰਾਂ ਲਾਈਆਂ ਜਾਂਦੀਆਂ, ਜਿਨਾਂ ਵਿਚੋਂ ਇਕ ਫ਼ਾਰਸੀ ਵਿਚ ਹੁੰਦੀ ਤੇ ਦੂਜੀ ਪੰਜਾਬੀ ਵਿਚ। ਸਾਰੀ ਹਕੂਮਤ ਮਹਾਰਾਜੇ ਦੇ ਹੱਥ ਵਿਚ ਕੇਂਦਰਿਤ ਸੀ, ਜਿਸ ਦੀ ਕਿ ਮੁੱਖ-ਮੰਤਰੀ, ਵਿਦੇਸ਼ ਮੰਤਰੀ, ਅਰਥ-ਮੰਤਰੀ ਤੇ ਹੋਰ ਕਈ ਵਿਭਾਗਾਂ ਦੇ ਅਧਿਕਾਰੀ ਮਦਦ ਕਰਿਆ ਕਰਦੇ। ਉਸ ਦਾ ਪਹਿਲਾ ਮੁਨੀਮ ਰਾਮਾਨੰਦ ਸੀ। ਸੰਨ 1808 ਵਿਚ ਭਵਾਨੀ ਦਾਸ ਦੇ ਆਉਣ ਤੋਂ ਬਾਅਦ ਸ਼ਾਹੀ ਖ਼ਜ਼ਾਨੇ ਦਾ ਵਧੀਆ ਪ੍ਰਬੰਧ ਕੀਤਾ ਗਿਆ। ਅਰਥ-ਵਿਭਾਗ ਨੂੰ ਕਈਆਂ ਦਫ਼ਤਰਾਂ ਵਿਚ ਵੰਡਿਆ ਗਿਆ। ਮਹਾਰਾਜਾ ਰਣਜੀਤ ਸਿੰਘ ਲੋੜ ਪੈਣ 'ਤੇ ਲੋਕਾਂ ਦੀ ਖੁੱਲਦਿਲੀ ਨਾਲ ਮਦਦ ਵੀ ਕਰਦਾ ਸੀ ਤੇ ਕਾਲ ਪੈਣ 'ਤੇ ਖਾਣ ਤੇ ਬੀਜਣ ਲਈ ਅਨਾਜ ਵੀ ਵੰਡਦਾ ਸੀ। ਜਿਹੜੀ ਫ਼ਸਲ ਫ਼ੌਜਾਂ ਦੇ ਆਉਣ-ਜਾਣ ਨਾਲ ਖ਼ਰਾਬ ਹੋ ਜਾਂਦੀ, ਉਸ ਦੀ ਕੀਮਤ ਸ਼ਾਹੀ ਖਜ਼ਾਨੇ ਵਿੱਚੋਂ ਦਿੱਤੀ ਜਾਂਦੀ ਸੀ।



### ਸਥਾਨਕ ਹਕੂਮਤ

ਰਣਜੀਤ ਸਿੰਘ ਦਾ ਪੰਜਾਬ ਚਾਰ ਸੂਬਿਆਂ ਵਿਚ ਵੰਡਿਆ ਹੋਇਆ ਸੀ-ਲਾਹੌਰ, ਮੁਲਤਾਨ, ਕਸ਼ਮੀਰ ਤੇ ਪੇਸ਼ਾਵਰ। ਕੁਝ ਕੁ ਪਹਾੜੀ ਰਾਜੇ ਉਸ ਨੂੰ ਸਾਲਾਨਾ ਨਜ਼ਰਾਨਾ ਦਿੰਦੇ ਸਨ। ਸੂਬਾ ਪਰਗਣਿਆਂ ਵਿਚ, ਪਰਗਣਾ ਤਾਲੁਕਿਆਂ ਵਿਚ ਤੇ ਤਾਲੁਕਾ 50 ਤੋਂ 100 ਮੰਜਿਆਂ ਜਾਂ ਪਿੰਡਾਂ ਵਿਚ ਵੰਡਿਆ ਹੋਇਆ ਹੁੰਦਾ ਸੀ। ਇਹ ਵੰਡ ਮੁਗ਼ਲਾਂ ਦੀ ਹਕੂਮਤ ਦੇ ਆਧਾਰ 'ਤੇ ਕੀਤੀ ਗਈ ਸੀ। ਸੂਬੇ ਦਾ ਹਾਕਮ ਨਾਜ਼ਿਮ ਜਾਂ ਗਵਰਨਰ ਕਹਾਉਂਦਾ ਸੀ। ਉਹ ਜਾਣਦੇ ਸਨ ਕਿ "ਉਨਾਂ ਦਾ ਗੁਜ਼ਾਰਾ ਉਪਰਲੀ ਆਮਦਨ ਨਾਲ ਹੋਣਾ ਹੈ।"

### ਨਿਆਂ ਪ੍ਰਣਾਲੀ

ਪਿੰਡਾਂ ਵਿਚ ਹੋਣ ਵਾਲੇ ਝਗੜਿਆਂ ਦਾ ਫ਼ੈਸਲਾ ਪੰਚਾਇਤਾਂ ਕਰਦੀਆਂ ਸਨ। ਇਸ ਫ਼ੈਸਲੇ ਵਿਚ ਕਾਰਦਾਰ ਸੰਬੋਧਨ ਕਰ ਸਕਦੇ ਸਨ। ਜ਼ਮੀਨ, ਟੈਕਸ ਤੇ ਜਾਇਦਾਦ ਸੰਬੰਧੀ ਝਗੜੇ ਸਿਧੇ ਕਾਰਦਾਰਾਂ ਦੇ ਸਾਹਮਣੇ ਪੇਸ਼ ਹੁੰਦੇ। ਪਰ ਕੁਝ ਅਜਿਹੇ ਅਧਿਕਾਰੀ ਵੀ ਸਨ, ਜੋ ਖ਼ਾਸ ਤੌਰ 'ਤੇ ਨਿਆਂ ਕਰਨ ਲਈ ਨੀਯਤ ਕੀਤੇ ਗਏ ਸਨ। ਉਹ 'ਅਦਾਲਤੀ' ਕਹਾਉਂਦੇ ਸਨ। ਕੁਝ ਇਤਿਹਾਸਕਾਰ 'ਅਦਾਲਤੇ ਆਹਲਾ' ਦਾ ਜ਼ਿਕਰ ਕਰਦੇ ਹਨ, ਜੋ ਕਿ ਫ਼ੈਸਲਿਆਂ ਬਾਰੇ ਨਵੇਂ ਸਿਰਿਓਂ ਅਪੀਲ ਕਰਨ ਲਈ ਹਾਈ ਕੋਰਟ ਸੀ। ਵਜ਼ੀਰਾਂ ਨੂੰ ਆਪਣੇ ਮਹਿਕਮੇ ਨਾਲ ਸੰਬੰਧਿਤ ਝਗੜਿਆਂ ਦਾ ਫ਼ੈਸਲਾ ਕਰਨ ਦਾ ਹੱਕ ਹੁੰਦਾ ਸੀ। ਇਨਾਂ ਅਦਾਲਤਾਂ ਦੇ ਫ਼ੈਸਲਿਆਂ ਦੇ ਉਲਟ ਕੀਤੀ ਗਈ ਅਪੀਲ ਦਾ ਆਖ਼ਰੀ ਫ਼ੈਸਲਾ ਖ਼ੁਦ ਰਣਜੀਤ ਸਿੰਘ ਦੇ ਹੱਥ ਵਿਚ ਹੁੰਦਾ ਸੀ।

### ਸ਼ਾਸਕ ਦੇ ਰੂਪ ਵਿਚ

ਮਹਾਰਾਜਾ ਰਣਜੀਤ ਸਿੰਘ ਪੰਜਾਬ ਨੂੰ ਇਕ ਹਕੂਮਤ ਥਲੇ ਲਿਆ ਕੇ ਬਹੁਤ ਵੱਡੇ ਇਲਾਕੇ ਉੱਤੇ ਰਾਜ ਕਰਨ ਵਿਚ ਸਫ਼ਲ ਹੋ ਸਕਿਆ, ਤਾਂ ਇਸ ਦਾ ਕਾਰਨ ਸੀ ਕਿ ਉਸ ਨੇ ਆਪਣੀਆਂ ਯੋਜਨਾਵਾਂ ਬਣਾਉਣ ਤੇ ਉਨਾਂ ਨੂੰ ਅਮਲੀ ਸ਼ਕਲ ਦੇਣ ਵਿਚ ਆਪਣੇ ਰਾਜਨੀਤਕ ਤੇ ਪ੍ਰਸ਼ਾਸਨੀ ਗੁਣਾਂ ਦੀ ਸਫ਼ਲਤਾ ਪੂਰਵਕ ਵਰਤੋਂ ਕੀਤੀ। ਰਣਜੀਤ ਸਿੰਘ ਨੇ ਇਕ ਜੇਤੂ ਦੇ ਤੌਰ 'ਤੇ ਇਤਿਹਾਸ ਵਿਚ ਪ੍ਰਗਟ ਹੋਇਆ ਤੇ ਨਿਆਂਕਾਰੀ ਸਾਸ਼ਕ ਹੋਣ ਵਜੋਂ ਲੋਕਾਂ ਦੇ ਦਿਲਾਂ ਉਪਰ ਰਾਜ ਕੀਤਾ। ਇਹੀ ਕਾਰਨ ਹੈ ਕਿ ਉਸ ਦੇ ਰਾਜ ਵਿਚ ਕਦੇ ਵੀ ਬਗਾਵਤ ਨਹੀਂ ਹੋਈ। ਉਹ ਲੜਾਈ ਵਿਚ ਮਾਰੇ ਜਾਣ ਵਾਲੇ ਫ਼ੌਜੀਆਂ ਦੇ ਪਰਿਵਾਰਾਂ ਦੇ ਗੁਜ਼ਾਰੇ ਲਈ ਉਹ ਲੋੜੀਂਦਾ ਪ੍ਰਬੰਧ ਕਰਦਾ ਸੀ ਤੇ ਜਿਤਣ ਵਾਲਿਆਂ ਨੂੰ ਦਿਲ ਖੋਲ ਕੇ ਇਨਾਮ ਦਿੰਦਾ ਸੀ। ਉਹ ਆਪਣੇ ਹਾਰੇ ਹੋਏ ਦੁਸ਼ਮਣਾਂ ਨਾਲ ਵੀ ਚੰਗਾ ਸਲੂਕ ਕਰਦਾ ਸੀ। ਜਦ ਵੀ ਕੋਈ ਹਾਕਮ ਜਾਂ ਵਿਰੋਧੀ ਲੜਾਈ ਵਿਚ ਉਸ ਕੋਲੋਂ ਹਾਰ ਜਾਂਦਾ, ਤਾਂ ਉਹ ਉਸ ਦੇ ਗੁਜ਼ਾਰੇ ਲਈ ਉਸ ਦੇ ਨਾਂ ਲੋੜੀਂਦੀ ਲੜਾਈ ਜਾਗੀਰ ਲਾ ਦਿੰਦਾ ਤੇ ਉਨਾਂ ਨਾਲ ਦੋਸਤਾਨਾ ਵਿਹਾਰ ਕਰਦਾ ਸੀ। ਉਹ ਬੰਦਿਆਂ ਦਾ ਬਹੁਤ ਚੰਗਾ ਪਾਰਖੂ ਸੀ।

ਇਸੇ ਕਰਕੇ ਉਹ ਬਹੁਤ ਸਾਰੇ ਪ੍ਰਤਿਭਾਸ਼ੀਲ ਵਜ਼ੀਰ ਤੇ ਅਧਿਕਾਰੀ ਤੇ ਜਰਨੈਲ ਚੁਣਨ ਵਿਚ ਕਾਮਯਾਬ ਹੋਇਆ, ਜਿਸ ਨੇ ਉਸ ਦੇ ਰਾਜ ਨੂੰ ਸ਼ਕਤੀਸ਼ਾਲੀ ਬਣਾਇਆ। ਉਸ ਦੇ ਭਰੋਸੇਯੋਗ ਜਰਨੈਲਾਂ ਵਿਚ ਸਿਰਫ਼ ਹਿੰਦੂ, ਮੁਸਲਮਾਨ ਤੇ ਸਿਖ ਹੀ ਨਹੀਂ, ਕਈ ਯੂਰਪੀ ਤੇ ਐਂਗਲੋ ਇੰਡੀਅਨ ਵੀ ਸਨ।

ਉਹ ਹਿੰਦੂ-ਸਿਖਾਂ-ਮੁਸਲਮਾਨਾਂ ਨਾਲ ਇਕੋ ਜਿਹਾ ਵਿਹਾਰ ਕਰਦਾ ਸੀ ਤੇ ਉਨਾਂ ਦੇ ਧਰਮ ਸਥਾਨਾਂ ਨੂੰ ਚੌਖਾ ਦਾਨ ਕਰਦਾ ਸੀ। ਉਸ ਨੇ ਜਿੱਥੇ ਹਿੰਦੂਆਂ ਦੇ ਮੰਦਰਾਂ ਤੇ ਸਿਖਾਂ ਦੇ ਗੁਰਦੁਆਰਿਆਂ ਨੂੰ ਦਾਨ ਦਿੱਤਾ, ਉਥੇ ਮੁਸਲਮਾਨਾਂ ਦੀਆਂ ਟੁਟੀਆਂ ਤੇ ਢਠੀਆਂ ਹੋਈਆਂ ਮਸੀਤਾਂ ਦੀ ਮੁਰੰਮਤ ਕਰ ਕੇ ਉਨਾਂ ਨੂੰ ਨਵਾਂ ਰੂਪ ਦਿੱਤਾ। ਜਦ ਉਸ ਨੇ ਸਿਖ ਮਿਸਲ ਦੇ ਸਰਦਾਰਾਂ ਕੋਲੋਂ ਲਾਹੌਰ ਆਪਣੇ ਕਬਜ਼ੇ ਵਿਚ ਲਿਆ ਸੀ, ਤਾਂ ਉਸੇ ਦੀ ਬਦੌਲਤ ਲਾਹੌਰ ਦੀ ਸੁਨਹਿਰੀ ਮਸਜਿਦ ਮੁਸਲਮਾਨਾਂ ਦੇ ਹਵਾਲੇ ਕੀਤੀ ਗਈ ਸੀ।

### ਤਾਨਾਸ਼ਾਹ ਨਹੀਂ

ਮਹਾਰਾਜਾ ਰਣਜੀਤ ਸਿੰਘ ਤਾਨਾਸ਼ਾਹ ਨਹੀਂ ਸੀ। ਭਾਵੇਂ ਉਸ ਦੇ ਹੱਥ ਵਿਚ ਅਪਾਰ ਤਾਕਤ ਸੀ, ਉਹ ਆਪਣੇ ਸੂਝਵਾਨ ਵਜ਼ੀਰਾਂ ਦੇ ਸੁਝਾਵਾਂ ਅਤੇ ਲੋਕ ਰਾਏ ਅਨੁਸਾਰ ਹਰ ਸੁਧਾਰ ਕਰਨ ਲਈ ਤਿਆਰ ਰਹਿੰਦਾ ਸੀ। ਵਹੀਦ-ਉਦ-ਦੀਨ ਨੇ ਆਪਣੀ ਕਿਤਾਬ ਵਿਚ, ਫਾਰਸੀ ਵਿਚ ਲਿਖੇ ਹੋਏ ਦੋ ਅਹਿਮ "ਫ਼ੁਰਮਾਨ" ਦਿੱਤੇ ਹਨ, ਜਿਨਾਂ ਤੇ ਸ਼ਾਹੀ ਮੋਹਰ ਲੱਗੀ ਹੋਈ ਹੈ। ਇਹ ਦੋਵੇਂ ਫ਼ੁਰਮਾਨ ਅੱਜਕਲ ਲਾਹੌਰ ਵਿੱਚ ਫ਼ਕੀਰ-ਪਰਿਵਾਰ ਦੀ ਮਲਕੀਅਤ ਹਨ। ਪਹਿਲਾ ਫ਼ੁਰਮਾਨ ਫ਼ਕੀਰ ਨੂਰ-ਉਦੀਨ ਦੇ ਨਾਂ ਹੈ। ਉਸ ਦਾ ਅਨੁਵਾਦ ਥੱਲੇ ਦਿਤਾ ਜਾਂਦਾ ਹੈ :

"ਮਹਾਰਾਜਾ ਵਲੋਂ ਇਸ ਗਲ 'ਤੇ ਪੂਰਾ ਜ਼ੋਰ ਦਿੰਦਿਆਂ ਹੁਕਮ ਜਾਰੀ ਕੀਤਾ ਜਾਂਦਾ ਹੈ ਕਿ ਲਾਹੌਰ ਸ਼ਹਿਰ ਵਿਚ ਕੋਈ ਆਦਮੀ ਧੱਕੇਸ਼ਾਹੀ ਤੇ ਲੋਕਾਂ 'ਤੇ ਜ਼ੁਲਮ ਨਾ ਕਰੇ।

ਦੂਜਾ ਫ਼ੁਰਮਾਨ ਸਰਦਾਰ ਅਮੀਰ ਸਿੰਘ ਅਤੇ ਫ਼ਕੀਰ ਨੂਰ-ਉਦੀਨ ਦੋਵਾਂ ਦੇ ਨਾਂ ਹੈ। ਇਸ ਫੁਰਮਾਨ ਰਾਹੀਂ ਰਾਜਕੁਮਾਰਾਂ, ਸਰਦਾਰਾਂ ਤੇ ਦਰਬਾਰੀਆਂ ਦੀਆਂ ਮਨ ਆਈਆਂ ਅਤੇ ਗ਼ਲਤ ਕੰਮਾਂ ਤੋਂ ਲੋਕਾਂ ਦੀ ਰੱਖਿਆ ਕੀਤੀ ਗਈ ਹੈ। ਉਸ ਵਿਚ ਲਿਖਿਆ ਹੈ :

ਦੋਹਾਂ ਫੁਰਮਾਨਾਂ ਤੋਂ ਪਤਾ ਲਗਦਾ ਹੈ ਕਿ ਸ਼ੇਰੇ ਪੰਜਾਬ ਸਿਰਫ਼ ਇਸ ਗਲੋਂ ਹੀ ਸੁਚੇਤ ਨਹੀਂ ਸੀ ਕਿ ਉਹ ਖ਼ੁਦ ਗ਼ਲਤੀ ਕਰ ਸਕਦਾ ਹੈ, ਸਗੋਂ ਉਸ ਨੇ ਆਪਣੀ ਜਾਂ ਆਪਣੇ ਅਧਿਕਾਰੀਆਂ ਦੀ ਗ਼ਲਤੀ ਸਦਕਾ ਹੋਣ ਵਾਲੇ ਜ਼ੁਲਮ ਨੂੰ ਰੋਕਣ ਦਾ ਰਾਹ ਵੀ ਬਣਾਇਆ ਹੋਇਆ ਸੀ। ਇਸੇ ਉਦੇਸ਼ ਨਾਲ ਉਸ ਨੇ ਆਪਣੇ ਮਹੱਲ ਦੇ ਇਕ ਅਜਿਹੇ ਹਿੱਸੇ ਵਿਚ, ਜਿਥੇ ਕਿ ਆਮ ਆਦਮੀ ਸੌਖੀ ਤਰਾਂ ਜਾ ਸਕਦਾ ਸੀ, ਸ਼ਿਕਾਇਤਾਂ ਵਾਲੀਆਂ ਅਰਜ਼ੀਆਂ ਪਾਉਣ ਲਈ, ਇਕ ਡੱਬਾ ਵੀ ਰੱਖਵਾਇਆ ਹੋਇਆ ਸੀ। ਉਸ ਡਬੇ ਦੇ ਜੰਦਰੇ ਦੀ ਕੁੰਜੀ ਉਸ ਨੇ ਆਪਣੇ ਕੋਲ ਰੱਖੀ ਹੋਈ ਹੁੰਦੀ ਸੀ। ਉਹ ਡੱਬੇ ਵਿਚੋਂ ਅਰਜ਼ੀਆਂ ਕਢਵਾਉਂਦਾ ਤੇ ਪੜਵਾ ਕੇ ਸੁਣਦਾ ਤੇ ਸ਼ਿਕਾਇਤਾਂ ਦੂਰ ਕਰਨ ਲਈ ਛੇਤੀ ਤੋਂ ਛੇਤੀ ਕਦਮ ਚੁਕਣ ਦਾ ਹੁਕਮ ਦਿੰਦਾ। ਇਕ ਹੋਰ ਚੰਗੀ ਗਲ ਅਜੋਕੇ ਸੰਵਿਧਾਨਕ ਤਰੀਕੇ ਵਰਗੀ ਸੀ। ਉਹ ਇਹ ਕਿ ਉਸ ਨੇ ਹਰ ਮਹਿਕਮੇ ਦੇ ਛੋਟੇ-ਵਡੇ ਦਫ਼ਤਰਾਂ ਵਿਚ, ਸਾਰੀਆਂ ਕੌਮਾਂ ਦੇ ਬੰਦਿਆਂ ਨੂੰ, ਯੋਗ ਥਾਂਵਾਂ ਦਿੱਤੀਆਂ ਹੋਈਆਂ ਸਨ।

ਏਸੇ ਲਈ ਰਣਜੀਤ ਸਿੰਘ ਦਾ ਹਰ ਅਧਿਕਾਰੀ ਉਸ ਦਾ ਬੜਾ ਵਫ਼ਾਦਾਰ ਰਹਿੰਦਾ ਸੀ। ਇਹ ਗਲ ਜਾਣਨ ਵਾਲੀ ਹੈ ਕਿ ਜਿਥੇ ਹਿੰਦੂਆਂ ਤੇ ਸਿਖਾਂ ਨੂੰ ਫ਼ੌਜੀ ਤੇ ਗ਼ੈਰ ਫ਼ੌਜੀ ਖੇਤਰਾਂ ਵਿਚ ਉੱਚੇ ਅਹੁਦੇ ਮਿਲੇ ਹੋਏ ਸਨ, ਉਥੇ ਮੁਸਲਮਾਨਾਂ ਨੂੰ ਵੀ ਯੋਗ ਅਹੁਦੇ ਦਿੱਤੇ ਗਏ ਸਨ। ਦੋ ਵਜ਼ੀਰ, ਇਕ ਗਵਰਨਰ, ਦੋ ਜਨਰਲ-ਇਲਾਹੀ ਬਖ਼ਸ਼ ਤੇ ਮੀਆਂ ਗੌਂਸ ਤੇ ਕਈ ਮੁਸਲਮਾਨ ਕਰਨਲ ਉਸ ਦੀ ਹਕੂਮਤ ਵਿਚ ਸਨ। ਵਹੀਦ-ਉੱਦੀਨ ਦੇ ਕਹਿਣ ਅਨੁਸਾਰ ਪੁਲੀਸ, ਨਿਆਂ ਵਿਭਾਗ ਤੇ ਰਸਦ ਵਿਭਾਗ ਵਿਚ 92 ਮੁਸਲਮਾਨ ਉੱਚੇ ਅਹੁਦਿਆਂ 'ਤੇ ਲੱਗੇ ਹੋਏ ਸਨ। ਇਨਾਂ ਸਾਧਨਾਂ ਸਦਕਾ ਲੋਕਾਂ ਦੇ ਜਾਨ-ਮਾਲ ਦੀ ਚੰਗੀ ਦੇਖਭਾਲ ਤੇ ਰੱਖਿਆ ਹੁੰਦੀ ਸੀ। ਇਹ ਪੰਜਾਬ ਦੇ ਇਤਿਹਾਸ ਵਿਚ ਬਹੁਤ ਵੱਡਾ ਇਨਕਲਾਬ ਸੀ।

**ਅਦਾਰਾ 'ਅੰਮ੍ਰਿਤਸਰ ਟਾਈਮਜ਼' ਵੱਲੋਂ ਆਪਣੇ ਪਾਠਕਾਂ ਲਈ ਸਿੱਖ ਧਰਮ ਦੇ ਬਾਨੀ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਸਾਹਿਬ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਲੇਖ ਲੜੀ ਸ਼ੁਰੂ ਕੀਤੀ ਗਈ ਹੈ। ਇਸ ਲੜੀ ਤਹਿਤ ਹਥਲਾ ਲੇਖ ਪਾਠਕਾਂ ਲਈ ਪੇਸ਼ ਕੀਤਾ ਜਾ ਰਿਹਾ ਹੈ - ਸੰਪਾਦਕ**

# ਗੁਰੂ ਨਾਨਕ ਦਰਸ਼ਨ ਤੇ ਸਰਬੱਤ ਦਾ ਭਲਾ

**ਡਾ: ਜਸਪਾਲ ਸਿੰਘ**



ਪੰਜ ਸਦੀਆਂ ਪਹਿਲਾਂ ਗੁਰੂ ਨਾਨਕ ਸਾਹਿਬ ਨੇ ਸਾਰੀਆਂ ਹੱਦਬੰਦੀਆਂ ਨੂੰ ਨਕਾਰ ਕੇ ਮਨੁੱਖ ਨੂੰ ਆਪਣਾ ਕੇਂਦਰੀ ਸਰੋਕਾਰ ਬਣਾਇਆ ਸੀ। ਮਨੁੱਖ ਨੂੰ ਬਾਹਰੀ ਵੰਡੀਆਂ ਅਤੇ ਤਫ਼ਰਕਿਆਂ ਤੋਂ ਪਾਰ, ਆਪਣੇ ਅੰਦਰ ਮੌਜੂਦ ਸਾਂਝੇ ਮਨੁੱਖੀ ਤੱਤ ਨੂੰ ਪਛਾਣਨ ਦਾ ਸੰਦੇਸ਼ ਦਿੱਤਾ ਸੀ। ਬਚਪਨ ਵਿਚ ਜਦੋਂ ਗੁਰੂ ਨਾਨਕ ਪਾਤਸ਼ਾਹ ਨੂੰ ਪੰਡਿਤ ਹਰਦਿਆਲ ਨੇ ਜਨੇਊ ਪਾਉਣ ਲਈ ਪੇਸ਼ ਕੀਤਾ ਸੀ ਤਾਂ ਗੁਰੂ ਸਾਹਿਬ ਨੇ ਫੁਰਮਾਇਆ ਸੀ ਕਿ ਇਹ ਧਾਗੇ ਦਾ ਜਨੇਊ ਮੈਲਾ ਹੋ ਜਾਂਦਾ ਹੈ ਫਿਰ ਬਦਲਣਾ ਪੈਂਦਾ ਹੈ। ਜਦੋਂ ਮਨੁੱਖ ਦੀ ਮੌਤ ਹੁੰਦੀ ਹੈ ਤਾਂ ਇਹ ਜਨੇਊ ਨਾਲ ਹੀ ਸਾੜ ਦਿੱਤਾ ਜਾਂਦਾ ਹੈ। ਜੇ ਜਨੇਊ ਪਾਇਆਂ, ਦਇਆ, ਸੰਤੋਖ, ਜੱਤ, ਸੱਤ ਆਦਿ ਗੁਣ ਨਹੀਂ ਆਉਂਦੇ ਤਾਂ ਕੀ ਫਾਇਦਾ। ਮੈਨੂੰ ਤਾਂ ਉਹ ਜਨੇਊ ਚਾਹੀਦਾ ਹੈ ਜਿਹੜਾ ਮੇਰਾ ਜੀਵਨ ਬਦਲ ਦੇਵੇ। ਮੈਨੂੰ ਸੱਚ ਤੇ ਸੱਚੇ ਰੱਬ ਦਾ ਨੇੜ ਪ੍ਰਾਪਤ ਕਰਾਏ।

ਸੱਚੇ ਸੌਦੇ ਦੀ ਸਾਖੀ ਅਸੀਂ ਪੜੀ ਹੈ। ਸੱਚਾ ਸੌਦਾ ਇਹ ਸੀ ਕਿ ਪਿਤਾ ਨੇ 20 ਰੁਪਏ ਕਿਸੇ ਮੁਨਾਫ਼ੇ ਵਾਲੇ ਵਪਾਰ ਲਈ ਦਿੱਤੇ ਸਨ ਪਰ ਗੁਰੂ ਨਾਨਕ ਦੇਵ ਜੀ ਨੇ ਇਹ ਪੈਸੇ ਲੋੜਵੰਦਾਂ ਦੇ ਭੋਜਨ ਬਸਤਰ ਆਦਿ ਦੀ ਸੇਵਾ ਵਿਚ ਖਰਚ ਕਰ ਦਿੱਤੇ। ਸੱਚਮੁੱਚ ਕਿੰਨਾ ਮੁਨਾਫ਼ੇ ਦਾ ਸੌਦਾ ਸੀ। ਉਸ ਵੇਲੇ ਦੇ 20 ਰੁਪਿਆਂ ਨਾਲ ਸ਼ੁਰੂ ਕੀਤਾ ਲੰਗਰ ਅੱਜ ਤੱਕ ਚਲ ਰਿਹਾ ਹੈ। ਜਿਥੇ ਵੀ ਗੁਰਦੁਆਰਾ ਹੈ, ਉਥੇ ਲੋੜਵੰਦਾਂ ਦੀਆਂ ਲੋੜਾਂ ਪੂਰੀਆਂ ਹੁੰਦੀਆਂ ਹਨ। ਇਤਿਹਾਸ ਵਿਚ ਇਹ ਵਾਕਿਆ ਦਰਜ ਹੈ ਕਿ ਬਾਦਸ਼ਾਹ ਅਕਬਰ ਗੁਰੂ ਅਮਰਦਾਸ ਜੀ ਦੇ ਦਰਬਾਰ ਵਿਚ ਆਇਆ ਸੀ ਅਤੇ ਗੁਰੂ ਅਮਰਦਾਸ ਜੀ ਨੇ ਗੁਰੂ ਦਰਬਾਰ ਵਿਚ ਆਉਣ ਤੋਂ ਪਹਿਲਾਂ ਉਸ ਨੂੰ ਪੰਗਤ ਵਿਚ ਬੈਠ ਕੇ ਲੰਗਰ ਛਕਣ ਦੀ ਪ੍ਰੇਰਨਾ ਦਿੱਤੀ ਸੀ।

ਭਾਈ ਲਾਲੋ ਦੇ ਘਰ ਗੁਰੂ ਨਾਨਕ ਸਾਹਿਬ ਦਾ ਪੜਾਅ ਵੀ ਇਕ ਵੱਡੀ ਇਤਿਹਾਸਕ ਮਹੱਤਤਾ ਵਾਲੀ ਘਟਨਾ ਹੈ। ਇਸ ਪੜਾਅ ਦੌਰਾਨ ਸਿੱਖੀ ਦੇ ਮਹਾਨ ਸਿਧਾਂਤਾਂ ਦੀ ਪੇਸ਼ਕਾਰੀ ਹੋਈ ਸੀ। ਗੁਰੂ ਸਾਹਿਬ ਜਦੋਂ ਭਾਈ ਲਾਲੋ ਦੇ ਘਰ ਪਹੁੰਚੇ ਤਾਂ ਮੁੱਢਲੀ ਆਓ ਭਗਤ ਤੋਂ ਬਾਅਦ ਭਾਈ ਲਾਲੋ ਦੀ ਪਤਨੀ ਨੇ ਬੜੇ ਸਤਿਕਾਰ ਨਾਲ ਰਸੋਈ ਤਿਆਰ ਕੀਤੀ। ਫਿਰ ਭਾਈ ਲਾਲੋ ਨੇ ਆ ਕੇ ਕਿਹਾ, ਪ੍ਰਸ਼ਾਦ ਤਿਆਰ ਹੈ। ਤੁਹਾਡੀ ਜਾਤ ਉੱਚੀ ਹੈ, ਦੱਸੋ ਅੰਦਰ ਚੱਲ ਕੇ ਪ੍ਰਸ਼ਾਦ ਛਕੋਗੇ ਜਾਂ ਵਿਹੜੇ ਵਿਚ ਵੱਖਰਾ ਚਾਉਂਕਾ ਲਾਈਏ। ਬਾਬੇ ਨਾਨਕ ਨੇ ਫੁਰਮਾਇਆ, 'ਵਹਿਮ ਨਾ ਕਰ ਲਾਲੋ, ਜਿਤਨੀ ਧਰਤੀ ਹੈ, ਓਨਾ ਹੀ ਮੇਰਾ ਚਾਉਂਕਾ ਹੈ।' ਇਹ ਕਹਿ ਕੇ ਗੁਰੂ ਨਾਨਕ ਸਾਹਿਬ ਨੇ ਜਾਤ-ਪਾਤ ਦੇ ਬੰਧਨਾਂ ਨੂੰ ਤੋੜ ਦਿੱਤਾ। ਭਾਈ ਲਾਲੋ ਦੇ ਘਰ ਪੜਾਅ ਦੌਰਾਨ ਇਕ ਹੋਰ ਘਟਨਾ ਵੀ ਵਾਪਰੀ ਸੀ। ਹੰਕਾਰੀ ਮਲਕ ਭਾਗੋ ਦੇ ਬ੍ਰਹਮ-ਭੋਜ ਵਿਚ ਜਾਣ ਤੋਂ ਗੁਰੂ ਸਾਹਿਬ ਨੇ ਇਨਕਾਰ ਕਰ ਦਿੱਤਾ।

ਗੁਰੂ ਨਾਨਕ ਸਾਹਿਬ ਦੀ ਇਕ ਬਹੁਤ ਸੁੰਦਰ ਰਚਨਾ 'ਆਰਤੀ' ਦਾ ਗੁਰਦੁਆਰਾ ਸਾਹਿਬਾਨ ਵਿਚ ਨਿਤਾਪ੍ਰਤੀ ਗਾਇਨ ਕੀਤਾ ਜਾਂਦਾ ਹੈ। ਕਿਹਾ ਜਾਂਦਾ ਹੈ ਕਿ ਆਰਤੀ ਵਾਲੇ ਸ਼ਬਦ ਦੀ ਰਚਨਾ ਗੁਰੂ ਸਾਹਿਬ ਨੇ ਜਗਨਨਾਥ ਪੁਰੀ ਦੀ ਧਰਤੀ 'ਤੇ ਕੀਤੀ ਸੀ। ਇਸ ਰਚਨਾ ਵਿਚ ਰੱਬ ਦੇ ਸਰਬ-ਵਿਆਪਕ ਰੂਪ ਦੀ ਸਹਿਜ ਆਰਤੀ ਦੇ ਸਰੂਪ ਵਿਚ ਪ੍ਰਗਟਾਵਾ ਹੁੰਦਾ ਹੈ। ਸਮੁੱਚੇ ਸੰਸਾਰ, ਧਰਤੀ-ਆਕਾਸ਼ ਦੀ ਸਮੁੱਚੀ ਸ੍ਰਿਸ਼ਟੀ ਰਚਨਾ ਬਾਰੇ ਇਸ ਤੋਂ ਢੁਕਵੀਆਂ ਤੇ ਖ਼ੂਬਸੂਰਤ ਸਤਰਾਂ ਨਹੀਂ ਲਿਖੀਆਂ ਜਾ ਸਕਦੀਆਂ।

ਵੇਈਂ ਨਦੀ 'ਚ ਇਸ਼ਨਾਨ ਕਰਨ ਗਏ ਗੁਰੂ ਜੀ ਜਦੋਂ ਨਦੀ ਤੋਂ ਬਾਹਰ ਆਏ ਤਾਂ ਉਨਾਂ ਦੇ ਮੁਖਾਰਬਿੰਦ 'ਚੋਂ ਜਿਹੜਾ ਪਹਿਲਾ ਵਾਕ ਨਿਕਲਿਆ ਸੀ, ਉਹ ਸੀ 'ਨਾ ਕੋ ਹਿੰਦੂ ਨਾ ਮੁਸਲਮਾਨ।' ਜਦੋਂ ਗੁਰੂ ਸਾਹਿਬ ਨੂੰ ਪੁੱਛਿਆ ਗਿਆ ਕਿ ਜੇ ਕੋਈ ਹਿੰਦੂ ਜਾਂ ਮੁਸਲਮਾਨ ਨਹੀਂ ਤਾਂ ਕਿਸ ਨੂੰ ਮੰਨੀਏ, ਕਿਸ ਰਾਹ 'ਤੇ ਤੁਰੀਏ। ਗੁਰੂ ਜੀ ਨੇ ਫੁਰਮਾਇਆ 'ਖ਼ੁਦਾ ਦੇ ਰਾਹ ਚਲੋ, ਖ਼ੁਦਾ ਨਾ ਹਿੰਦੂ ਹੈ ਨਾ ਮੁਸਲਮਾਨ।' ਮੱਕੇ ਦੀ ਧਰਤੀ 'ਤੇ ਜਦੋਂ ਗੁਰੂ ਨਾਨਕ ਪਾਤਸ਼ਾਹ ਨੂੰ ਕਾਜ਼ੀਆਂ ਨੇ ਪੁੱਛਿਆ ਸੀ ਕਿ ਹਿੰਦੂ ਵੱਡਾ ਹੈ ਜਾਂ ਮੁਸਲਮਾਨ? ਗੁਰੂ ਜੀ ਦਾ ਉਤਰ ਸੀ, 'ਸੁਭਿ ਅਮਲਾ ਬਾਝਹੁ ਦੋਨੋ ਰੋਈ।' ਮਜ਼ਬ ਦੇ ਮੁਸਲਮਾਨ ਭਾਈ ਮਰਦਾਨਾ ਨੂੰ ਗੁਰੂ ਨਾਨਕ ਪਾਤਸ਼ਾਹ ਨੇ ਆਪਣਾ ਹਮਸਫ਼ਰ ਬਣਾਇਆ, ਆਪਣਾ ਸਾਥੀ ਬਣਾ ਕੇ ਉਸੇ ਦੇ ਨਾਲ ਦੁਨੀਆ ਦਾ ਰਟਨ ਕੀਤਾ ਅਤੇ ਇਕ ਸੰਦੇਸ਼ ਦਿੱਤਾ ਮਨੁੱਖੀ ਏਕਤਾ ਦਾ, ਆਪਸੀ ਸਾਂਝ ਦਾ, ਰੱਬੀ ਰਾਹ ਦਾ।

ਇਹ ਵੀ ਇਕ ਵੱਡੀ ਇਤਿਹਾਸਕ ਸਚਾਈ ਹੈ ਕਿ ਗੁਰੂ ਨਾਨਕ ਸਾਹਿਬ ਨੇ ਧਰਮਾਂ ਦੇ ਇਤਿਹਾਸ ਵਿਚ ਇਕ ਨਵਾਂ ਤਜਰਬਾ ਪੇਸ਼ ਕੀਤਾ ਸੀ। ਧਾਰਮਿਕ, ਸੱਭਿਆਚਾਰਕ ਤੇ ਭੂਗੋਲਿਕ ਹੱਦਾਂ ਟੱਪ ਕੇ ਯੋਗੀ, ਸਿੱਧ, ਵੈਸ਼ਨਵ, ਬੋਧੀ, ਜੈਨੀ, ਸੂਫ਼ੀ, ਮੁੱਲਾਂ, ਪੰਡਿਤ ਸਭ ਨਾਲ ਸੰਵਾਦ ਰਚਾਇਆ ਸੀ। ਇਥੋਂ ਤੱਕ ਕਿ ਮਾਣਸ ਖਾਣੇ ਕੌਡੇ ਭੀਲ, ਸੱਜਣ ਵਰਗੇ ਠੱਗਾਂ ਤੇ ਵਲੀ ਕੰਧਾਰੀ ਵਰਗੇ ਹੰਕਾਰੀਆਂ ਨੂੰ ਵੀ ਆਪਣੀ ਨਿਵੇਕਲੀ ਵਿਧੀ ਨਾਲ ਸਹੀ ਇਨਸਾਨੀ ਰਾਹ ਦੱਸਿਆ। ਇਸ ਵਿਚ ਵੀ ਕੋਈ ਸੰਦੇਹ ਨਹੀਂ ਹੈ ਕਿ ਰੱਬੀ ਪੈਗ਼ਾਮ ਨੂੰ ਲੋਕਾਂ ਤੱਕ ਪਹੁੰਚਾਉਣ ਲਈ ਗੁਰੂ ਨਾਨਕ ਸਾਹਿਬ ਨੇ ਜਿੰਨੀ ਉਨਾਂ ਸਮਿਆਂ ਵਿਚ ਯਾਤਰਾ ਕੀਤੀ ਉਸ ਦੀ ਇਤਿਹਾਸ ਵਿਚ ਹੋਰ ਕੋਈ ਮਿਸਾਲ ਨਹੀਂ ਮਿਲਦੀ। ਉਨਾਂ ਧਰਮੀ ਲੋਕਾਂ ਨੂੰ ਵਿਅਕਤੀਗਤ ਕਲਿਆਣ ਦੀ ਥਾਂ ਸਮੁੱਚੇ ਸਮਾਜ ਦੇ ਕਲਿਆਣ ਲਈ ਕਾਰਜਸ਼ੀਲ ਹੋਣ ਦੀ ਪ੍ਰੇਰਨਾ ਦਿੱਤੀ। ਆਮ ਲੋਕਾਂ ਨੂੰ ਵੀ ਆਲੇ-ਦੁਆਲੇ ਦੇ ਸਮਾਜ ਤੇ ਰਾਜ ਪ੍ਰਤੀ ਜਾਗਰੂਕ ਕੀਤਾ। ਇਸਤਰੀ ਨੂੰ ਬਰਾਬਰ ਦਾ ਦਰਜਾ ਤੇ ਸਮਾਜ ਵਿਚ ਆਦਰਯੋਗ ਸਥਾਨ ਦਵਾਇਆ। ਸੰਗੀਤ ਜਿਹੜਾ ਸਮਾਜ ਦੇ ਛੋਟੇ ਤਬਕੇ ਤੱਕ ਸੀਮਤ ਸੀ ਉਸ ਨੂੰ ਧਰਮ ਦਾ ਅੰਗ ਬਣਾ ਦਿੱਤਾ ਅਤੇ ਸੰਗੀਤ ਦੇ ਮਾਧਿਅਮ ਨਾਲ ਰੱਬੀ ਕਲਾਮ ਗਾਇਨ ਕਰਨ ਦੀ ਪਰੰਪਰਾ ਕਾਇਮ ਕਰ ਦਿੱਤੀ। ਮਿੱਥਾਂ ਵਿਚ ਫਸੇ ਲੋਕਾਂ ਨੂੰ ਇਤਿਹਾਸ ਵਿਚ ਜਿਊਣਾ ਸਿਖਾਇਆ। ਇਕ ਹੋਰ ਗੱਲ ਜ਼ਿਹਨ ਵਿਚ ਰੱਖਣ ਵਾਲੀ ਹੈ ਕਿ ਗੁਰੂ ਨਾਨਕ ਦੇਵ ਜੀ ਦਾ ਸਾਰਾ ਨਜ਼ਰੀਆ ਅਤੇ ਸੰਦੇਸ਼ ਬੁਨਿਆਦੀ ਤੌਰ 'ਤੇ ਈਸ਼ਵਰਵਾਦੀ ਹੈ। ਈਸ਼ਵਰ ਦੀ ਪਰਮ ਸੱਤਾ ਦੀ ਗੱਲ ਗੁਰੂ ਸਾਹਿਬ ਦੇ ਬੋਲਾਂ ਵਿਚ ਸਹਿਜ ਸੁਭਾਅ ਸਮੋਈ ਹੋਈ ਹੈ।

ਸਿੱਖਾਂ ਦੀ ਪਹੁੰਚ ਅਤੇ ਉਹਨਾਂ ਦੇ ਧਾਰਮਿਕ-ਸਾਮਾਜਿਕ ਇਕੱਠਾਂ ਦੇ ਕੇਂਦਰ ਗੁਰਦੁਆਰੇ ਬਣ ਜਾਣ ਨਾਲ ਪੂਰੇ ਵਿਸ਼ਵ ਵਿਚ ਸਿੱਖਾਂ ਦੀ ਇਕ ਨਵੀਂ ਪਛਾਣ ਸਥਾਪਿਤ ਹੋਈ। ਕਾਫ਼ੀ ਸਮਾਂ ਪਹਿਲਾਂ ਪਗੜੀ ਤੇ ਕ੍ਰਿਪਾਨ ਪਹਿਨਣ 'ਤੇ ਪਾਬੰਦੀ ਵਿਰੁੱਧ ਕਾਨੂੰਨੀ ਲੜਾਈ ਨੇ ਸਿੱਖਾਂ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਫੋਕਸ ਵਿਚ ਜ਼ਰੂਰ ਲਿਆਂਦਾ ਸੀ, ਪਰ ਇਕ ਸੰਗਠਿਤ ਧਰਮ ਦੀ ਤਰਾਂ ਉਹਨਾਂ ਦੀ ਪਛਾਣ ਪੂਰੇ ਵਿਸ਼ਵ ਵਿਚ ਪੰਜਾਬ ਸੰਤਾਪ ਦੇ ਕਾਂਡ ਤੋਂ ਬਾਅਦ ਹੀ ਸਥਾਪਿਤ ਹੋਈ ਹੈ, 1984 ਦੀਆਂ ਦੁਖਦਾਈ ਘਟਨਾਵਾਂ, ਨੀਲਾ ਤਾਰਾ ਸਾਕਾ ਅਤੇ ਨਵੰਬਰ '84 ਦੀ ਸਿੱਖ ਵਿਰੋਧੀ ਹਿੰਸਾ ਨੇ ਭਾਵੇਂ ਸਿੱਖਾਂ ਦਾ ਨਾ ਪੂਰਾ ਹੋਣ ਵਾਲਾ ਨੁਕਸਾਨ ਕੀਤਾ ਹੈ, ਪਰ ਕੋਈ ਦੋ ਰਾਇ ਨਹੀਂ ਕਿ ਇਨਾਂ ਦੁਖਾਂਤਾਂ ਤੋਂ ਬਾਅਦ ਦੁਨੀਆਂ ਵਿਚ ਸਿੱਖਾਂ ਬਾਰੇ ਵੱਧ ਤੋਂ ਵੱਧ ਜਾਣਕਾਰੀ ਪ੍ਰਾਪਤ ਕਰਨ ਦੀ ਜਿਗਿਆਸਾ ਵਿੱਚ ਨੁਮਾਇਆ ਵਾਧਾ ਹੋਇਆ ਹੈ। ਅਸੀਂ ਮਹਿਸੂਸ ਕਰਦੇ ਹਾਂ ਕਿ ਧਰਮ ਪ੍ਰਚਾਰ ਦੇ ਤੌਰ-ਤਰੀਕਿਆਂ ਵਿਚ ਨੁਮਾਇਆ ਬਦਲਾਅ ਲਿਆਉਣ ਦੀ ਅੱਜ ਸਖ਼ਤ ਲੋੜ ਹੈ।

ਅਜੋਕੇ ਯੁੱਗ ਵਿਚ ਸਿੱਖੀ ਦੇ ਪ੍ਰਚਾਰ ਬਾਰੇ ਜੇ ਕੋਈ ਸਭ ਤੋਂ ਵੱਡੀ ਪ੍ਰਾਪਤੀ ਹੋਈ ਹੈ, ਤਾਂ ਉਹ ਇਹ ਹੈ ਕਿ ਪਿਛਲੇ ਕਈ ਦਹਾਕਿਆਂ ਵਿਚ ਪੰਥ ਨੇ ਸਾਰਾ ਜ਼ੋਰ ਲਾ ਕੇ ਗੁਰਦੁਆਰੇ ਪੱਕੇ ਕਰ ਲਏ ਹਨ। ਬਹੁਤ ਸਾਰਾ ਸੰਗਮਰਮਰ, ਢੇਰਾਂ ਸੋਨਾ, ਗੁਰਦੁਆਰਾ ਸਾਹਿਬਾਨ ਉੱਪਰ ਲੱਗਿਆ ਹੈ।

ਸਾਨੂੰ ਕਈ ਵਾਰ ਇੱਦਾਂ ਜਾਪਦਾ ਹੈ ਕਿ ਪੰਥ ਦੀ ਸਾਰੀ ਸ਼ਕਤੀ ਅਤੇ ਉਸ ਦਾ ਸਾਰਾ ਸਰਮਾਇਆ ਇਮਾਰਤਾਂ ਵਿਚ ਲੱਗ ਕੇ ਓਨਾ ਲਾਭਕਾਰੀ ਨਹੀਂ ਹੋਇਆ, ਜਿੰਨਾ ਕਿ ਇਸ ਸਮਰੱਥਾ ਤੇ ਸਰਮਾਏ ਦੇ ਕੁਝ ਹਿੱਸੇ ਨੂੰ ਪ੍ਰਚਾਰ ਦੇ ਆਧੁਨਿਕਤਮ ਤਰੀਕਿਆਂ ਉੱਪਰ ਖ਼ਰਚ ਕਰਕੇ ਹੋ ਸਕਦਾ ਸੀ। ਸਾਡੀ ਭਾਵਨਾ ਇਹ ਹੈ ਕਿ ਸਾਡੀ ਪਹਿਲ ਸਹੀ ਹੋਣੀ ਚਾਹੀਦੀ ਹੈ ਅਤੇ ਇਹ ਪਹਿਲ ਹਮੇਸ਼ਾ ਗੁਰਦੁਆਰੇ ਦੀ ਇਮਾਰਤ ਦੀ ਥਾਂ 'ਤੇ ਜੇ ਉਸ ਵਿੱਚ ਅੰਕੁਰਿਤ ਹੁੰਦੀ ਸਿੱਖੀ ਹੋਵੇ ਜਾਂ ਅੰਕੁਰਿਤ ਹੋਈ ਸਿੱਖੀ ਦਾ ਫੈਲਾਅ ਹੋਵੇ, ਤਾਂ ਕਿੰਨਾ ਵਧੀਆ ਹੋਵੇ। ਫੇਰ ਇਮਾਰਤ ਉੱਪਰ ਸੰਗਮਰਮਰ ਤੇ ਸੋਨਾ ਲੱਗੇ, ਤਾਂ ਸੋਨੇ 'ਤੇ ਸੁਹਾਗਾ ਹੈ। ਕਿਸੇ ਪਾਸੋਂ ਇਹ ਹਕੀਕਤ ਅੱਜ ਲੁਕੀ ਛੁਪੀ ਨਹੀਂ ਕਿ ਮੌਜੂਦਾ ਦੌਰ ਵਿੱਚ ਨੌਜਵਾਨ ਪੀੜੀ ਦੀ ਸੋਚ ਪਹਿਲਾਂ ਵਰਗੀ ਨਹੀਂ ਰਹੀ। ਉਸ ਵਿਚ ਹਰ ਇੱਕ ਗੱਲ ਉੱਪਰ ਪ੍ਰਸ਼ਨ ਚਿੰਨ ਲਾਉਣ ਦੀ ਪ੍ਰਵਿਰਤੀ ਵਿਕਸਤ ਹੋਈ ਹੈ। ਸਾਨੂੰ ਤਾਂ ਗੁਰਦੁਆਰਿਆਂ ਦੇ ਚੜ੍ਹਾਵੇ ਤੋਂ ਆ ਰਹੀ ਦੌਲਤ ਰਾਹੀਂ ਇਸ ਤਕਨਾਲੋਜੀ ਨੂੰ ਮੁੱਠੀ ਵਿਚ ਬੰਦ ਕਰਕੇ ਸਿੱਖੀ ਦਾ ਪੈਗਾਮ ਦੁਨੀਆਂ ਦੇ ਕੋਨੇ-ਕੋਨੇ ਵਿਚ ਪਹੁੰਚਾਉਣ ਲਈ ਜ਼ੋਰ ਲਾ ਦੇਣਾ ਚਾਹੀਦਾ ਹੈ।

ਸਪੱਸ਼ਟ ਹੈ ਕਿ ਨਵੇਂ ਹਾਲਾਤ ਵਿਚ ਗੁਰੂ ਨਾਨਕ ਦੇ ਦਰਸ਼ਨ ਧਰਮ ਦੇ ਪਾਸਾਰ ਨੂੰ ਮਾਡਰਨ ਤਰਜ਼ੇ-ਜ਼ਿੰਦਗੀ ਨਾਲ ਇਕਸੁਰ ਕਰਨ ਲਈ ਨਵੇਂ ਉਪਰਾਲਿਆਂ ਦੀ ਫੌਰੀ ਤੌਰ 'ਤੇ ਲੋੜ ਹੈ। ਆਧੁਨਿਕ ਤਕਨੀਕੀ ਵਿਕਾਸ ਅਤੇ ਉਸ ਨਾਲ ਹੋਂਦ ਵਿਚ ਆਈਆਂ ਨਵੀਆਂ ਵਿਧੀਆਂ ਨੂੰ ਅਪਨਾ ਕੇ ਹੀ ਦੁਨੀਆਂ ਦੀ ਰਫ਼ਤਾਰ ਨਾਲ ਬਰਾਬਰੀ ਕੀਤੀ ਜਾ ਸਕਦੀ ਹੈ। ਦੁਨੀਆਂ ਦੀਆਂ ਵੱਖ-ਵੱਖ ਭਾਸ਼ਾਵਾਂ ਵਿਚ ਸਿੱਖੀ ਦੇ ਸੰਦੇਸ਼ ਦੇ ਤਰਜੁਮੇ ਦੀ ਲੋੜ ਹੈ, ਵਿਸ਼ਵ ਪੱਧਰ 'ਤੇ ਗੁਰੂ ਨਾਨਕ ਦਰਸ਼ਨ ਬਾਰੇ ਨਵੇਂ ਸਾਹਿਤ ਦੀ ਰਚਨਾ ਜ਼ਰੂਰੀ ਹੋ ਗਈ ਹੈ, ਬਾਣੀ ਦੇ ਇਤਿਹਾਸ ਦੀ ਜਾਣਕਾਰੀ ਲਾਜ਼ਮੀ ਹੋ ਗਈ ਹੈ। ਆਡੀਓ ਤੇ ਵੀਡੀਓ ਸਾਧਨਾਂ ਦਾ ਇਸਤੇਮਾਲ ਕਰਕੇ ਦੇਸ-ਵਿਦੇਸ਼ ਵਿੱਚ ਸਿੱਖੀ ਦੀ ਮੁੱਢਲੀ ਜਾਣਕਾਰੀ ਫੈਲਾਉਣ ਦੇ ਜਤਨ ਕਰਨੇ ਚਾਹੀਦੇ ਹਨ। ਇਹੋ ਜਿਹਾ ਸਾਹਿਤ ਅਤੇ ਸਮੱਗਰੀ ਸਿਰਜੀ ਜਾਣੀ ਚਾਹੀਦੀ ਹੈ, ਜਿਸ ਨਾਲ ਉੱਚੀਆਂ ਸਿੱਖੀ ਪਰੰਪਰਾਵਾਂ ਵਾਲੇ ਉੱਚੇ ਸਿੱਖ ਕਿਰਦਾਰ ਨੂੰ ਦੁਨੀਆਂ ਦੇ ਸਾਹਮਣੇ ਉਭਾਰਿਆ ਜਾ ਸਕੇ। ਨਾਲ ਹੀ ਪ੍ਰਚਾਰਕਾਂ ਦੀ ਇਕ ਨਵੀਂ ਕਲਾਸ ਪੈਦਾ ਕਰਨਾ ਧਰਮ ਪ੍ਰਚਾਰ ਦੀ ਮੌਜੂਦਾ ਲੋੜ ਨੂੰ ਪੂਰਾ ਕਰਨ ਲਈ ਅਤਿ ਜ਼ਰੂਰੀ ਹੋ ਗਿਆ ਹੈ।

ਪਿਛਲੇ ਦਿਨੀਂ ਅਮਰੀਕਾ ਵਿੱਚ ਮਿਸ਼ੀਗਨ ਵਿਖੇ ਬੀਬੀਆਂ ਨੇ ਇੱਕ ਐਸਾ ਸਵਾਲ ਮੇਰੇ 'ਤੇ ਕੀਤਾ, ਜਿਸ ਤੋਂ ਮੌਜੂਦਾ ਧਰਮ ਪ੍ਰਚਾਰ ਦੀ ਸਥਿਤੀ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਉਹਨਾਂ ਦੀ ਮੰਗ ਸੀ ਕਿ ਗੁਰਦੁਆਰਾ ਸਾਹਿਬ ਲਈ ਉਹਨਾਂ ਨੂੰ ਇਕ ਅਜਿਹੇ ਗ੍ਰੰਥੀ ਸਾਹਿਬ ਦੀ ਲੋੜ ਹੈ, ਜਿਹਨਾਂ ਦਾ ਉਹਨਾਂ ਦੇ ਬੱਚਿਆਂ ਨਾਲ ਸਿੱਧਾ ਰਾਬਤਾ ਹੋਵੇ। ਮੌਜੂਦਾ ਭਾਈ ਸਾਹਿਬ ਦੀ ਬਜ਼ੁਰਗਾਂ ਨਾਲ ਤਾਂ ਬੋਲਚਾਲ ਹੈ, ਪਰ ਉਹਨਾਂ ਦੇ ਬੱਚਿਆਂ ਅਤੇ ਭਾਈ ਸਾਹਿਬ ਵਿਚਾਲੇ ਕੋਈ ਗੱਲਬਾਤ ਨਹੀਂ, ਕਿਉਂਕਿ ਭਾਈ ਸਾਹਿਬ ਨੂੰ ਅੰਗਰੇਜ਼ੀ ਨਹੀਂ ਆਉਂਦੀ ਅਤੇ ਬੱਚਿਆਂ ਨੂੰ ਪੰਜਾਬੀ ਨਹੀਂ ਆਉਂਦੀ। ਬੱਚਿਆਂ ਅਤੇ ਗੁਰਦੁਆਰਿਆਂ ਦੇ ਗ੍ਰੰਥੀ ਸਾਹਿਬਾਨ ਵਿਚਾਲੇ ਰਾਬਤਾ ਮਾਂ-ਪਿਓ ਰਾਹੀਂ ਕਾਇਮ ਹੈ। ਬੀਬੀਆਂ ਦੀ ਚਿੰਤਾ ਇਹ ਸੀ ਕਿ ਉਹਨਾਂ ਦੀ ਅਗਲੀ ਪੁਸ਼ਤ ਦਾ ਮੌਜੂਦਾ ਪ੍ਰਚਾਰਕ ਕਲਾਸ ਨਾਲ ਕੋਈ ਸਰੋਕਾਰ ਨਹੀਂ। ਕੋਈ ਗੱਲਬਾਤ ਵਾਲਾ ਸਬੰਧ ਵੀ ਕਾਇਮ ਰਹਿਣਾ ਔਖਾ ਹੈ ਤੇ ਐਸੀ ਸਥਿਤੀ ਵਿਚ ਧਰਮ ਪ੍ਰਚਾਰ ਦੀ ਗੱਲ ਤਾਂ ਕਿਤੇ ਦੂਰ ਰਹੀ, ਗੁਰਦੁਆਰਾ ਸਾਹਿਬ ਦੇ ਰੁਟੀਨ ਦੀ ਗੱਲ ਜਾਰੀ ਰੱਖਣਾ ਵੀ ਮੁਸ਼ਕਲ ਹੋ ਜਾਵੇਗਾ। ਐਸੀ ਸਥਿਤੀ ਵਿਚ ਅੱਜ ਜ਼ਰੂਰੀ ਹੋ ਗਿਆ ਹੈ ਕਿ ਪ੍ਰਚਾਰਕਾਂ ਦੀ ਐਸੀ ਕਲਾਸ ਪੈਦਾ ਕੀਤੀ ਜਾਵੇ ਜਿਹੜੀ ਦੇਸ਼-ਵਿਦੇਸ਼ ਦੀਆਂ ਮੌਜੂਦਾ ਲੋੜਾਂ ਨੂੰ ਪੂਰਾ ਕਰਨ ਵਿਚ ਗਿਆਨ-ਵਿਗਿਆਨ ਅਤੇ ਰਹਿਣ-ਸਹਿਣ ਦੇ ਹਰ ਪੱਖੋਂ ਸਮਰੱਥ ਹੋਵੇ।

ਸਪੱਸ਼ਟ ਹੈ ਕਿ ਗੁਰੂ ਨਾਨਕ ਦਰਸ਼ਨ ਦੇ ਪ੍ਰਚਾਰ-ਪ੍ਰਸਾਰ ਲਈ ਇਕ ਵਿਸਤ੍ਰਿਤ ਧਰਮ ਪ੍ਰਚਾਰ ਦੀ ਯੋਜਨਾ ਬਣਾਉਣ ਦੀ ਅੱਜ ਸਖ਼ਤ ਲੋੜ ਹੈ। ਸਾਡੀ ਜਾਚੇ ਸਿੱਖ ਤਾਂ ਪੂਰੀ ਦੁਨੀਆਂ ਵਿਚ ਪਹੁੰਚ ਗਿਆ ਹੈ ਸਿੱਖੀ ਹਾਲਾਂ ਨਹੀਂ ਪਹੁੰਚੀ। ਉਸ ਲਈ ਵਿਉਂਤਬੱਧ ਯਤਨਾਂ ਦੀ ਲੋੜ ਹੈ। ਫਿਰ ਪਹਿਲਾਂ ਆਪਣੀ ਨੌਜਵਾਨ ਪੀੜੀ ਨੂੰ ਵੀ ਮੋੜਾ ਪਾਉਣਾ ਜ਼ਰੂਰੀ ਹੈ ਅਤੇ ਇਹ ਤਾਹੀਓਂ ਹੋ ਸਕਦਾ ਹੈ, ਜੇ ਧਰਮ ਪ੍ਰਚਾਰ ਦੀਆਂ ਉਹ ਵਿਧੀਆਂ ਅਪਨਾਈਆਂ ਜਾਣ ਜਿਹੜੀਆਂ ਨੌਜਵਾਨ ਤਬਕੇ 'ਤੇ ਉਚੇਚਾ ਅਸਰ-ਅੰਦਾਜ਼ ਕਰਦੀਆਂ ਹਨ। ਸਿੱਖ ਯੂਥ ਕਲੱਬ ਕਾਇਮ ਕੀਤੇ ਜਾਣ, ਕੈਂਪ, ਸਟੱਡੀ ਸਰਕਲ, ਵਿਚਾਰ ਗੋਸ਼ਟੀਆਂ ਅਤੇ ਹੋਰ ਸੱਭਿਆਚਾਰਕ ਪ੍ਰੋਗਰਾਮਾਂ ਰਾਹੀਂ ਨੌਜਵਾਨਾਂ ਨੂੰ ਵਿਰਾਸਤ ਦੀ ਜਾਗ ਲਾਈ ਜਾਵੇ। ਜਿਹੜੀ ਭਾਸ਼ਾ, ਜਿਹੜਾ ਮੁਹਾਵਰਾ ਨੌਜਵਾਨ ਨੂੰ ਸਮਝ ਪੈਂਦਾ ਹੈ, ਉਹੋ ਬੇਝਿਜਕ, ਬਿਨਾਂ ਕਿਸੇ ਦੇਰੀ ਦੇ ਅਪਨਾ ਲਿਆ ਜਾਵੇ। ਅਜੋਕੇ ਤਕਨੀਕੀ ਸਾਧਨਾਂ ਦੀ ਖੁੱਲ ਕੇ ਵਰਤੋਂ ਕੀਤੀ ਜਾਵੇ ਅਤੇ ਸਮੇਂ ਸਿਰ ਇਹਨਾਂ ਸਾਧਨਾਂ 'ਤੇ ਆਪਣੀ ਪਕੜ ਮਜ਼ਬੂਤ ਕਰ ਲਈ ਜਾਵੇ। ਗੱਲ ਸੌਖੀ ਵੀ ਹੈ ਅਤੇ ਹਰ ਲਿਹਾਜ਼ ਨਾਲ ਪੰਥਕ ਅਦਾਰਿਆਂ ਦੀ ਪਹੁੰਚ ਵਿਚ ਵੀ ਪਰ ਲੋੜ ਹੈ ਇੱਛਾ ਸ਼ਕਤੀ ਦੀ।

# ਲੜੀਵਾਰ ਨਾਵਲ ਨਹੀਂ ਲੱਭਣੇ ਲਾਲ ਗੁਆਚੇ

**ਕਾਂਡ 1**

**-ਬਲਦੇਵ ਸਿੰਘ ਬੁੱਧ ਸਿੰਘ ਵਾਲਾ**

ਅੰਮ੍ਰਿਤ ਵੇਲਾ ਹੋਣ ਕਰਕੇ ਗੁਰੂ ਕੀ ਨਗਰੀ ਸ਼ਾਂਤ ਸੀ, ਅਤੇ ਅੰਮ੍ਰਿਤ ਵੇਲੇ ਗੁਰੂ ਕੀ ਨਗਰੀ ਅੰਮ੍ਰਿਤਸਰ ਦਰਬਾਰ ਸਹਿਬ ਵਿੱਚ ਰਸਭਿੰਨਾ ਕੀਰਤਨ ਹੋ ਰਿਹਾ ਸੀ। ਇਸ ਕੀਰਤਨ ਦਾ ਅਨੰਦ ਮਾਨਣ ਵਾਸਤੇ ਸਾਧ ਸੰਗਤ ਪਵਿੱਤਰ ਸਰੋਵਰ ਦੇ ਆਸੇ ਪਾਸੇ ਬੈਠੀ ਸੀ। ਕੋਈ ਸਰੋਵਰ ਵਿੱਚ ਇਸ਼ਨਾਨ ਕਰ ਰਿਹਾ ਸੀ। ਬੀਬੀਆਂ ਦੁੱਖ ਭੰਜਨੀ ਬੇਰੀ ਕੋਲ ਇਸ਼ਨਾਨ ਕਰ ਰਹੀਆਂ ਸਨ। ਦੂਰ ਦੂਰ ਤੋਂ ਸੰਗਤਾਂ ਦਰਸ਼ਨਾ ਨੂੰ ਆ ਜਾ ਰਹੀਆਂ ਸਨ। ਅਕਾਲ ਤਖਤ ਦੇ ਸਾਹਮਣੇ ਢਾਡੀ ਜੱਥਾ ਸੁੱਖਾ ਸਿੰਘ ਅਤੇ ਮਹਿਤਾਬ ਸਿੰਘ ਬਾਰੇ ਬੜੇ ਜੋਸ਼ ਨਾਲ ਗਾ ਰਿਹਾ ਸੀ। ਉਹਨਾ ਨੂੰ ਸੁਨਣ ਵਾਸਤੇ ਚਾਰ ਪੰਜ ਬੰਦੇ ਬੈਠੇ ਸਨ। ਬਾਕੀ ਸਾਰੇ ਉਹਨਾ ਵੱਲ ਦੇਖਕੇ ਅੱਗੇ ਜਾ ਰਹੇ ਸਨ। ਉਹਨਾ ਨੂੰ ਸੁਨਣ ਵਾਸਤੇ ਕੋਈ ਨਹੀਂ ਸੀ ਬੈਠਦਾ। ਸੱਤ ਅੱਠ ਬੰਦੇ ਗੱਲਾਂ-ਬਾਤਾਂ ਕਰਦੇ ਇੱਕੱਠੇ ਜਾ ਰਹੇ ਸਨ।

'ਲਗਦੇ ਹੱਥ ਲੰਗਰ ਵੀ ਛਕ ਲਈਏ' ਲੱਛੂ ਨੇ ਕਿਹਾ ਕਿਉਂਕਿ ਮਾਨਸੇ ਤੋਂ ਆਇਆ ਸੀ।

'ਤੂੰ ਕਿਤੇ ਰੋਟੀ ਨੀਂ ਦੇਖੀ' ਮੀਕੇ ਨੇ ਹੱਸ ਕੇ ਕਿਹਾ।

'ਹਾਂ ਨਹੀਂ ਦੇਖੀ ਤੁਸੀਂ ਤਾਂ ਭਾਊ ਅੰਬਰਸਰ ਦੇ ਨੇੜੇ ਓ, ਗੁੜ ਚਾਹ ਲੈਣ ਆਏ ਲੰਗਰ ਫਰੀ ਦਾ ਛੱਕ ਕੇ ਡੰਡੀ ਪੈ ਜਾਂਦੇ ਓ, ਅਸੀਂ ਤਾਂ ਭਾਈ ਕਿਤੇ ਮੁੱਦਤਾਂ ਤੋਂ ਬਾਅਦ ਔਨੇ ਆਂ' ਛੱਤਾ ਵਿੱਚੋਂ ਬੋਲਿਆ ਉਹ ਵੀ ਮਾਨਸੇ ਤੋਂ ਆਇਆ ਸੀ।

'ਚਲੋ ਚਲੋ ਫੇ ਪ੍ਹੈਲਾਂ ਲੰਗਰ ਤੇ ਅਟੈਕ ਕਰੋ' ਨਿਰਮਲ ਦੁਆਬੀਏ ਨੇ ਕਿਹਾ। ਸਾਰੇ ਅੱਗੜ ਪਿੱਛੜ ਲੰਗਰ ਛਕਣ ਚਲੇ ਗਏ। ਲੰਗਰ ਵਿੱਚ ਕਨੇਡਾ ਦੀ ਅੰਬੈਸੀ ਵਾਂਗੂੰ ਭੀੜ ਸੀ। ਛਕਣ ਤੋਂ ਬਾਅਦ ਸਾਰੇ ਜਲਿਆਂ ਵਾਲੇ ਬਾਗ ਵਿੱਚ ਬਣਾਈ ਗਈ ਪਾਰਕ ਵਿੱਚ ਇਕੱਠੇ ਹੋ ਗਏ। ਪਾਰਕ ਵਿੱਚ ਕੋਈ ਸਟੇਜ ਨਹੀਂ ਸੀ ਲਾਇਆ ਗਿਆ। ਜਲਿਆਂ ਵਾਲੇ ਬਾਗ ਵਿੱਚ ਬਹੁਤ ਵੱਡਾ ਇਕੱਠ ਸੀ, ਜਿਸਨੂੰ ਦੇਖਣ ਵਾਸਤੇ ਲੋਕ ਦਰਬਾਰ ਸਹਿਬ ਦੇ ਦਰਸ਼ਨਾਂ ਤੋਂ ਬਾਅਦ ਜਲਿਆਂ ਵਾਲੇ ਬਾਗ ਵਿੱਚ ਪ੍ਰਵੇਸ਼ ਕਰ ਰਹੇ ਸਨ। ਉੱਥੇ ਕੋਈ ਆਦਮੀ ਭਾਸ਼ਣ ਦੇ ਰਿਹਾ ਸੀ???

ਸਾਰੇ ਪੰਜਾਬ ਵਿੱਚ ਰੌਲਾ ਪਿਆ ਹੋਇਆ ਸੀ ਕਿ ਫੌਜਾਂ ਭਿੰਡਰਾਂਵਾਲੇ ਨੂੰ ਅੰਮ੍ਰਿਤਸਰੋਂ ਕੱਢਣ ਵਾਸਤੇ ਸਾਰੇ ਪੰਜਾਬ ਵਿੱਚ ਰਕਫਿਊ ਲਾ ਦਿੱਤਾ ਹੈ। ਗੁਰੂ ਪੰਜਵੇਂ ਪਾਤਸ਼ਾਹ ਜੀ ਦਾ ਸ਼ਹੀਦੀ ਦਿਹਾੜਾ ਸੀ। ਬੈਰਕ ਵਿੱਚ ਚਾਲੀ ਕੁ ਫ਼ੌਜੀ ਸੀ ਜੋ ਕਿ ਨਹਾ ਧੋ ਕੇ ਤਿਆਰ ਹੋ ਰਹੇ ਸਨ ਕਿਉਂਕਿ ਸਾਰੀ ਰਿਜਮਿੰਟ ਪਿਉਰ ਹੋਣ ਕਰਕੇ ਸਿੱਖਾਂ ਦੇ ਹਰ ਤਿਉਹਾਰ ਤੇ ਛੁੱਟੀ ਹੋਣੀ ਲਾਜ਼ਮੀ ਸੀ। ਸਿਰਫ ਡਿਊਟੀਆਂ ਵਾਲੇ ਡਿਊਟੀਆਂ ਤੇ ਸਨ ਬਾਕੀ ਸਾਰੇ ਗੁਰਦਵਾਰੇ ਜਾਣ ਵਾਸਤੇ ਤਿਆਰ ਹੋ ਰਹੇ ਸਨ। ਗੁਰਦਵਾਰਾ ਵੀ ਰਿਜ਼ਮਿੰਟ ਵਿੱਚ ਹੋਣ ਕਰਕੇ ਜ਼ਿਆਦਾ ਦੂਰ ਨਹੀਂ ਸੀ ਜੋ ਕਿ ਫੌਜੀਆਂ ਨੇ ਆਪ ਹੀ ਬਣਾਇਆ ਸੀ। ਕੋਈ ਦਾਹੜੀ ਨੂੰ ਜਾਲੀ ਲਾ ਕੇ ਬੰਨ ਰਿਹਾ ਸੀ ਕੋਈ ਦਾਹੜੀ ਨੂੰ ਫਿਕਸੋ ਨਾਲ ਠਾਠੀ ਬੰਨ ਰਿਹਾ ਸੀ। ਸਾਰੀ ਬੈਰਕ ਵਿੱਚ ਵਿਆਹ ਵਾਲੇ ਘਰ ਵਾਂਗੂੰ ਰੌਲਾ ਪੈ ਰਿਹਾ ਸੀ ਕੰਨ ਪਈ ਨਹੀਂ ਸੀ ਸੁਣਦੀ।

'ਕੇਵਲਾ ਫਿਕਸੋ ਦੇਈ" ਕੌਰੇ ਨੇ ਆ ਕੇ ਕਿਹਾ।

'ਕਿਉਂ ਏਥੇ ਦੁਕਾਨ ਪਾਈ ਆ'

'ਜੇ ਤੂੰ ਦੁਕਾਨ ਪੌਣ ਜੋਗਾ ਹੁੰਦਾ ਤਾਂ ਤੂੰ ਐਥੇ ਧੱਕੇ ਖਾਣੇ ਸੀ'

'ਮੇਰੇ ਕੋਲ ਹੈਨੀ' ਕੇਵਲ ਨੇ ਗੁੱਸੇ ਨਾਲ ਕਿਹਾ।

'ਇਉਂ ਨਾ ਕਰ ਯਾਰ ਮੈਂ ਤਾਂ ਹੱਸਦਾ ਸੀ' ਮੰਜੇ ਤੇ ਬੈਠਦੇ ਹੋਏ ਕੌਰੇ ਨੇ ਕਿਹਾ।

'ਲਾਕਰ 'ਚ' ਪਈ ਲੈ ਜਾ ਪਰ ਦੇ ਜਾਈਂ, ਮੇਰੇ ਕੋਲ ਵੀ ਏਹੋ ਸ਼ੀਸ਼ੀ ਆ'

'ਦੇ ਦੂੰਗਾ ਮੈਂ ਕ੍ਹੇੜਾ ਖਾਣੀ ਆਂ' ਆਖ ਕੇ ਕੌਰਾ ਲਾਕਰ ਵਿੱਚੋਂ ਫਿਕਸੋ ਲੈ ਗਿਆ। ਹੌਲਦਾਰ ਨੇ ਸੀਟੀ ਮਾਰੀ ਸਾਰੇ ਬੈਰਕ ਵਿੱਚ ਬਾਹਰ ਆ ਕੇ ਫਾਲਨ ਹੋ ਗਏ। ਬੈਰਕ ਤੋਂ ਅੱਗੇ ਬਰਾਂਡਾ, ਬਰਾਂਡੇ ਅੱਗੇ ਘਾਹ ਤੇ ਉਸਤੋਂ ਅੱਗੇ ਤਿੰਨ ਕੁ ਫੁੱਟ ਉੱਚਾ ਹਿੱਜ ਸੀ। ਉਸਦੇ ਚਾਰ ਚੁਫੇਰੇ ਲਾਲ ਰੰਗ ਦੀਆਂ ਇੱਟਾਂ ਲਾ ਕੇ ਖੂਬਸੂਰਤ ਬਣਾਇਆ ਸੀ। ਬੈਰਕ ਦੇ ਚਾਰ ਚੁਫੇਰੇ ਉੱਚੇ ਉੱਚੇ ਜਾਮਨਾ ਦੇ ਰੁੱਖ ਸਨ ਤਾਂ ਕਿ ਬੈਰਕ ਤੇ ਧੁੱਪ ਜ਼ਿਆਦਾ ਅਸਰ ਨਾ ਕਰ ਸਕੇ। ਹੌਲਦਾਰ ਨੇ ਸਾਰਿਆਂ ਦੇ ਸਿਵਲ ਕੱਪੜੇ ਚੈਕ ਕੀਤੇ।

'ਕੇਵਲਾ ਤੇਰੀ ਪੱਗ ਠੀਕ ਨੀ'

'ਸਰ ਜੀ ਮੈਂ ਤਾਂ ਸਹੀ ਬੰਨ੍ਹੀ ਸੀ ਕੌਰਾ ਫਿਕਸੋ ਲੈਣ ਆਇਆ ਹਿਲਾ ਗਿਆ' ਕੇਵਲ ਦੀ ਗੱਲ ਸੁਣਕੇ ਸਾਰੇ ਹੱਸ ਪਏ।

'ਜਾਹ ਦੁਬਾਰਾ ਬੰਨ੍ਹ ਕੇ ਆ' ਕੇਵਲ ਪੱਗ ਬੰਨਣ ਚਲਾ ਗਿਆ।

'ਤੁਸੀਂ ਸਾਰੇ ਗੁਰਦਵਾਰਾ ਸਾਹਿਬ ਜਾਵੋ ਗੁਰਦਵਾਰੇ ਦੇ ਬਹਾਨੇ ਬਜ਼ਾਰ 'ਚ' ਗੋਲਗੱਪੇ ਨੀ ਖਾਣ ਜਾਣਾਂ ਜਦੋਂ ਵੀ ਪ੍ਰੋਗਾਮ ਖ਼ਤਮ ਹੋ ਜਾਵੇ ਸਿੱਧਾ ਬੈਰਕ ਵਿੱਚ ਆ ਕੇ ਸੌਂ ਜਾਣਾਂ ਕੋਈ ਸ਼ੱਕ ?'

'ਨਹੀਂ ਜੀ' ਸਾਰਿਆਂ ਨੇ ਕਿਹਾ।

'ਮੂਵ' ਹੌਲਦਾਰ ਨੇ ਕਿਹਾ ਤੇ ਸਾਰੇ ਗੁਰਦਵਾਰੇ ਵੱਲ ਤੁਰ ਪਏ। ਗੁਰਦਵਾਰੇ ਦੇ ਮੇਨ ਗੇਟ ਵਿੱਚ ਹੀ ਚਾਹ ਪੂੜੀ ਦਾ ਲੰਗਰ ਲੱਗਾ ਹੋਇਆ ਸੀ। ਫੌਜੀਆਂ ਦੀਆਂ ਔਰਤਾਂ ਪਹਿਨ ਪੱਚਰ ਕੇ ਇੱਕ ਦੂਜੀ ਤੋਂ ਵਧ ਚੜ ਕੇ ਸ਼ਿੰਗਾਰ ਕਰਕੇ ਗੁਰਦਵਾਰੇ ਆ ਰਹੀਆਂ ਸਨ। ਜਿਵੇਂ ਮੇਲੇ ਜਾਣਾ ਹੋਵੇ। ਗੁਰਦਵਾਰੇ ਵਿੱਚ ਧੀਮੀ ਆਵਾਜ਼ ਤੇ ਦਰਬਾਰ ਸਹਿਬ ਵਿੱਚ ਕੀਰਤਨੀ ਜੱਥਾ ਰਸਭਿੰਨਾ ਕੀਰਤਨ ਕਰ ਰਿਹਾ ਸੀ। ਦਰਬਾਰ ਸਾਹਿਬ ਅਜੇ ਪੂਰਾ ਭਰਿਆ ਨਹੀਂ ਸੀ ਕਿਉਂਕਿ ਅਜੇ ਸਾਰੇ ਫ਼ੌਜੀ ਆਏ ਨਹੀਂ ਸਨ ਸਿਰਫ ਸਿੰਗਲ ਹੀ ਆਏ ਸਨ। ਫੈਮਲੀ ਮੈਂਬਰ ਇੱਕਾ ਦੁੱਕਾ ਆ ਰਹੇ ਸਨ। ਕੇਵਲ ਵਾਲੇ ਟਰੁੱਪ ਦੇ ਫੌਜੀ ਆ ਕੇ ਪੂੜੀਆਂ ਖਾਣ ਲੱਗ ਪਏ ਕੇਵਲ ਵੀ ਆ ਗਿਆ।




'ਤੂੰ ਗਿੱਟਲਾ ਜਿਆ ਰੁਕ ਨੀ ਸਕਦਾ' ਪੂੜੀਆਂ ਖਾਂਦੇ ਕੌਰੇ ਨੂੰ ਕੇਵਲ ਨੇ ਕਿਹਾ।

'ਯਾਰ ਭੁੱਖ ਲੱਗੀ ਸੀ' ਪੂੜੀਆਂ ਖਾਂਦੇ ਕੌਰੇ ਨੇ ਕਿਹਾ।

'ਕਿਤੇ ਪੂੜੀਆਂ ਨੀਂ ਦੇਖੀਆਂ' ਕੇਵਲ ਨੇ ਪੂੜੀਆਂ ਲੈਂਦੇ ਹੋਏ ਨੇ ਕਿਹਾ।

ਤੇ ਪੂੜੀਆਂ ਖਾਣ ਲੱਗ ਪਿਆ। ਗਰਮਾ ਗਰਮ ਪੂੜੀਆਂ ਆ ਰਹੀਆਂ ਸਨ ਇਹ ਛਕ ਰਹੇ ਸਨ।

'ਜਾਂਦਾ ਨਾ ਖਾਵੀਂ ਕੌਰਿਆ ਮਿੱਠਾ ਪਾਣੀ ਵੀ ਪੀਨੈ' ਕੇਵਲ ਨੇ ਵੱਖੀ ਵਿੱਚ ਕੂਹਣੀ ਮਾਰਦੇ ਹੋਏ ਨੇ ਕਿਹਾ।

'ਹਾਂ ਯਾਰ ਛਬੀਲ ਵਾਸਤੇ ਵੀ ਟੈਂਟ ਲੌਣੇ ਆ' ਕੌਰੇ ਨੇ ਕਿਹਾ, ਸਾਰੇ ਚਾਹ ਪਾਣੀ ਪੀ ਕੇ, ਦਰਬਾਰ ਸਾਹਿਬ ਅੰਦਰ ਚਲੇ ਗਏ ਜੋ ਕਿ ਬਹੁਤ ਵੱਡੀ ਬੈਰਕ ਵਿੱਚ ਸੀ। ਫ਼ੈਮਲੀ ਮੈਂਬਰਾਂ ਦੀਆਂ ਘਰਵਾਲੀਆਂ ਵੀ ਆ ਗਈਆਂ ਸਨ। ਗਿਆਰਾਂ ਵੱਜ ਗਏ, ਸਾਰੇ ਕੀਰਤਨ ਦਾ ਅਨੰਦ ਮਾਣ ਰਹੇ ਸਨ। ਕੀਰਤਨ ਬੰਦ ਹੋ ਗਿਆ! ਸੈਕਟਰੀ ਨੇ ਮਾਈਕ ਫੜ ਲਿਆ ਉਹ ਗੁੱਸੇ ਵਿੱਚ ਲਗਦਾ ਸੀ, ਮੂੰਹ ਤੇ ਲਾਲੀ ਸੀ ਅਤੇ ਉਹ ਕੰਬ ਰਿਹਾ ਸੀ! ਉਹ ਬੋਲਣ ਲੱਗਾ।

'ਵਹਿਗੁਰੂ ਜੀ ਕਾ ਖਾਲਸਾ ਸ੍ਰੀ ਵਹਿਗੁਰੂ ਜੀ ਕੀ ਫਤਹਿ!' ਸੰਗਤ ਨੇ ਢਿੱਲਾ ਜਿਹਾ ਵਾਗੁਰੂ ਜੀ ਕਾ ਖਾਲਸਾ ਕਿਹਾ ਕਈ ਤਾ ਬੋਲੇ ਹੀ ਨਹੀਂ।

'ਸਾਧ ਸੰਗਤ ਜੀ ਗੱਜ ਕੇ ਆਖੋ ਵਾਹਗੁਰੂ ਜੀ ਕਾ ਖਾਲਸਾ ਸ੍ਰੀ ਵਾਹਗੁਰੂ ਜੀ ਕੀ ਫਤਹਿ' ਸਾਰਿਆਂ ਨੇ ਗੱਜ ਕੇ ਕਿਹਾ। ਬੀਬੀਆਂ ਨੇ ਵੀ ਆਵਦੀ ਪਤਲੀ ਆਵਾਜ਼ ਵਿੱਚ ਉੱਚੀ ਬੋਲ ਕੇ ਆਵਦੀ ਵਾਹ ਲਾਈ।

'ਸਾਧ ਸੰਗਤ ਜੀ ਅੱਜ ਦਾ ਦੀਵਾਨ ਕੋਈ ਦੇਗ ਲੈ ਕੇ ਬੈਰਕਾਂ ਵਿੱਚ ਜਾਣ ਵਾਸਤੇ ਨਹੀਂ' ਇਹ ਬੋਲ ਸੁਣਕੇ ਸਾਰੇ ਦੀਵਾਨ ਹਾਲ ਵਿੱਚ ਚੁੱਪ ਛਾ ਗਈ। ਜਿਵੇਂ ਅੰਮ੍ਰਿਤ ਛਕਾਉਣ ਵੇਲੇ ਛਾਈ ਸੀ। ਸਾਰੇ ਘੁਸਰ ਮੁਸਰ ਕਰਨ ਲੱਗ ਪਏ।

'ਨਾਂਅ ਏ੍ਹਨੇ ਕੀ ਅੰਮਰਤ ਛਕੌਣਾ' ਇੱਕ ਨੇ ਕਿਹਾ।

'ਕੋਈ ਫਟੀਕ (ਡਿਊਟੀ ਤੋਂ ਇਲਾਵਾ ਵਾਧੂ ਕੰਮ) ਦੱਸਣੀ ਹੋਣੀ ਆ ਵਈ ਛੁੱਟੀ ਨਾ ਕੱਟ ਲੈਣ' ਦੂਜੇ ਨੇ ਮੋੜਵਾਂ ਜਵਾਬ ਦਿੱਤਾ। ਇਹ ਗੱਲਾਂ ਕਰ ਰਹੇ ਸਨ ਸੈਕਟਰੀ ਬੋਲਿਆ-

'ਤੁਹਾਨੂੰ ਪਤਾ ਹੋਵੇਗਾ ਕਿ ਜ਼ਾਲਮ ਸਰਕਾਰ ਨੇ ਸਾਡੇ ਸਭ ਤੋਂ ਵੱਡੇ ਧਾਰਮਕ ਅਸਥਾਨ ਹਰਮੰਦਰ ਸਾਹਿਬ ਤੇ ਹਮਲਾ ਕਰ ਦਿੱਤੈ, ਸਾਡੀ ਅਣਖ ਨੂੰ ਵੰਗਾਰਿਐ, ਜਿਸ ਥਾਂ ਤੇ ਅਸੀਂ ਸਿਰ ਝੁਕਾ ਕੇ ਤੇ ਜੁੱਤੀਆਂ ਲਾਹ ਕੇ ਜਾਂਦੇ ਹਾਂ ਅੱਜ ਉਸ ਪਵਿੱਤਰ ਅਸਥਾਨ ਤੇ ਬਿਹਾਰੀ ਭਈਏ ਬੂਟ ਪਾ ਕੇ ਤੇ ਬੀੜੀਆਂ ਪੀਂਦੇ ਪੀਂਦੇ ਦਾਖਲ ਹੋ ਰਹੇ ਹਨ ਅਤੇ ਰੰਮ ਪੀ ਰਹੇ ਹਨ, ਪੰਜਵੇਂ ਪਾਤਸ਼ਾਹ ਦੀ ਸ਼ਹੀਦੀ ਦਿਹਾੜੇ ਤੇ ਆਏ ਬੇ-ਗੁਨਾਹ ਨਿਹੱਥੇ ਬੱਚੇ ਤੇ ਬੁੱਢਿਆਂ ਨੂੰ ਤਿੱਤਰਾਂ ਵਾਂਗੂੰ ਗੋਲੀਆਂ ਨਾਲ ਫੁੰਡ ਰਹੇ ਹਨ। ਆਪਾਂ ਇਹ ਹੁੰਦਾ ਜ਼ੁਲਮ ਚੁੱਪ ਚਾਪ ਦੇਖਦੇ ਰਹੀਏ ?' ਆਖ ਕੇ ਅਨਾਊਂਸਰ ਚੁੱਪ ਕਰ ਗਿਆ, ਦੀਵਾਨ ਵਿੱਚ ਫਿਰ ਘੁਸਰ ਮੁਸਰ ਸੁਰੂ ਹੋ ਗਈ।

'ਸਾਧ ਸੰਗਤ ਜੀ ਕੁਸ਼ ਬੋਲੋ, ਕੀ ਅਸੀਂ ਸਭ ਕੁਸ਼ ਹੁੰਦਾ ਦੇਖਦੇ ਰਹੀਏ ?'

'ਨਹੀਂ ਨਹੀਂ ਅਸੀਂ ਨਹੀਂ ਦੇਖ ਸਕਦੇ' ਸਾਰੀ ਸੰਗਤ ਨੇ ਕਿਹਾ।

'ਤਾਂ ਚਲੋ ਅਰਦਾਸਾ ਸੋਧ ਕੇ ਚੱਕੋ ਰਫਲਾਂ, ਐਲ ਐਮ ਜੀ ਤੇ ਸਟੇਨਾਂ ਜੋ ਕਿਸੇ ਦੇ ਨਾਂ ਤੇ ਹਥਿਆਰ ਹੈ ਤੇ ਘੱਤੋ ਵ੍ਹੀਰਾਂ ਅੰਬਰਸਰ ਵੱਲ'

'ਠੀਕ ਹੈ ਠੀਕ ਹੈ' ਚਾਰ ਚੁਫੇਰੇ ਤੋਂ ਆਵਾਜ਼ਾਂ ਆਈਆਂ। ਅਨੰਦ ਸਹਿਬ ਦਾ ਪਾਠ ਹੋਇਆ ਬਾਬਾ ਜੀ ਨੇ ਅਰਦਾਸ ਕੀਤੀ ਗਈ ਕਿ ਅਸੀਂ ਅਨਿਆਂ ਦੀ ਖਾਤਰ ਲੜਨ ਜਾ ਰਹੇ ਹਾਂ ਸਾਡੀ ਅੰਗ ਸੰਗ ਹੋਕੇ ਰੱਖਿਆ ਕਰਨੀ। ਦੇਗ ਵਰਤਾਈ ਗਈ।

'ਛੱਡੋ ਜੈਕਾਰੇ ਤੇ ਚੱਕੋ ਹਥਿਆਰ' ਸੈਕਟਰੀ ਨੇ ਫਿਰ ਕਿਹਾ।

'ਜੋ ਬੋਲੇ ਸੋ ਨਿਹਾਲ, ਸਾਸਰੀ ਕਾਲ' ਆਖਕੇ ਸਾਰੇ ਆਵਦੀਆਂ ਬੈਰਕਾਂ ਵੱਲ ਵਾਹੋ ਦਾਹ ਭੱਜ ਤੁਰੇ। ਸਾਰੇ ਪਹਿਲਾਂ ਕੁਆਟਰ ਗਾਰਡ (ਜਿੱਥੇ ਹਥਿਆਰ ਰੱਖੇ ਹੁੰਦੇ ਹਨ) ਉੱਥੇ ਗਏ।

'ਆਹ ਕਿੱਧਰ ਆ ਰਹੇ ਆ ਖਾਲਸੇ! ਕੀ ਗੱਲ ਹੋਗੀ' ਡਿਊਟੀ ਤੇ ਖੜੇ ਸੰਤਰੀ ਨੇ ਗਾਰਡ ਕਮਾਂਡਰ ਤੋਂ ਪੁੱਛਿਆ। ਉਸਨੇ ਬਾਹਰ ਦੇਖਿਆ ਸਾਰੀ ਬਟਾਲੀਅਨ ਕੁਆਟਰ ਗਾਰਡ ਵੱਲ ਆ ਰਹੀ ਸੀ। ਗਾਰਡ ਵਾਲੇ ਦੇਖ ਕੇ ਘਬਰਾ ਗਏ।

'ਗਾਰਡ ਕਮਾਂਡਰ ਨੂੰ ਬੁਲਾ' ਹੌਲਦਾਰ ਸ਼ਿੰਗਾਰਾ ਸਿੰਘ ਨੇ ਆ ਕੇ ਸੰਤਰੀ ਨੂੰ ਕਿਹਾ।

'ਓ ਕੇ ਸਰ' ਉਸਨੇ ਗਾਰਡ ਕਮਾਂਡਰ ਨੂੰ ਬੁਲਾ ਲਿਆ ਗਾਰਡ ਕਮਾਂਡਰ ਵੀ ਬਾਰੀ ਥਾਣੀ ਬਾਹਰ ਦੇਖ ਰਿਹਾ ਸੀ ਪਰ ਅੰਦਰ ਵੜ ਗਿਆ। ਸੰਤਰੀ ਦੇ ਕਹਿਣ ਤੇ ਬਾਹਰ ਆ ਗਿਆ।

'ਹੁਕਮ ਸਰ' ਹੌਲਦਾਰ ਅਮਰ ਸਿੰਘ ਨੇ ਪੁੱਛਿਆ।

'ਤੈਨੂੰ ਪਤਾ ਈ ਹੋਣਾ ਕਿ ਅੰਬਰਸਰ 'ਚ' ਫੌਜ ਵੜਗੀ'

'ਹਾਂ ਸਰ ਬੌਤ ਮਾੜਾ ਕੀਤਾ ਗੰਦੀ ਸਰਕਾਰ ਨੇ'

'ਗਾਲਾਂ ਕੱਢਣ ਨਾਲ ਕੁਸ਼ ਨੀ ਹੋਣਾ ਕੁਸ਼ ਕਰੀਏ'

'ਕੀ ਕਰੀਏ'

'ਚੱਕੋ ਥਿਆਰ ਤੇ ਚਲੋ ਅੰਬਰਸਰ'

'ਭਲਾਂ ਐਨੀ ਦੂਰ ਆਪਾਂ ਨੂੰ ਕੌਣ ਜਾਣ ਦੇਊਗਾ'

'ਏਹ ਤਾਂ ਪਤਾ ਨੀ ਪਰ ਭਰਾਵਾ ਅਸੀਂ ਤਾਂ ਅਰਦਾਸਾ ਸੋਧ ਕੇ ਤੁਰੇ ਆਂ ਕਿ ਵਾਪਸ ਬੈਰਕਾਂ 'ਚ' ਨੀ ਜਾਣਾਂ'

'ਦੇਖ ਲੌ ਐਨੇ ਟਿੱਡੀ ਦਲ ਦਾ ਮੁਕਾਬਲਾ ਕੋਈ ਖੇਡ ਨੀ'

'ਸਾਨੂੰ ਪਤੈ ਪਰ ਗੁਰੂ ਗੋਬਿੰਦ ਸਿੰਘ ਜੀ ਨੂੰ ਵੀ ਪਤਾ ਸੀ ਕਿ ਚਮਕੌਰ ਦੀ ਗੜੀ ਵਿੱਚ ਮੁਗਲਾਂ ਦੀ ਫੌਜ ਦਾ ਮੁਕਾਬਲਾ ਨਹੀਂ ਸੀ ਕਰ ਸਕਦੇ ਫੇਰ ਗੁਰੂ ਜੀ ਨੇ ਮੁਗਲਾਂ ਅੱਗੇ ਗੋਡੇ ਟੇਕ ਤੇ ?'

'ਹਾਂ ਏਹ ਵੀ ਗੱਲ ਠੀਕ ਆ ਜਿਵੇਂ ਮਰਜ਼ੀ ਕਰੋ ਮੈਂ ਥੋਡੇ ਨਾਲ ਆਂ' ਆਖਕੇ ਗਾਰਡ ਕਮਾਂਡਰ ਨੇ ਸਾਰੀਆਂ ਚਾਬੀਆਂ ਦੇ ਦਿੱਤੀਆਂ। ਸ਼ਿੰਗਾਰਾ ਸਿੰਘ ਨੇ ਕੋਤ ਖੋਹਲ ਦਿੱਤੀ ਸਾਰੇ ਜਵਾਨ ਅਲੀ ਅਲੀ ਕਰਕੇ ਬਿਸਕੁਟਾਂ ਵਾਂਗੂੰ ਰਾਈਫਲ, ਸਟੇਨ, ਗਰਨੇਡ ਤੇ ਪਿਸਤੌਲਾਂ ਨੂੰ ਪੈ ਗਏ। ਸਾਰੀ ਬਟਾਲੀਅਨ ਵਿੱਚ ਹਾਹਾ ਕਾਰ ਮੱਚ ਗਈ ਮਿੰਟਾਂ ਵਿੱਚ ਕੀ ਹੋ ਗਿਆ ਸਾਰੇ ਸੀਨੀਅਰ ਸੂਬੇਦਾਰ ਜਵਾਨਾ ਵੱਲ ਭੱਜੇ ਆਏ ਇਕੱਠੇ ਕਰਨ ਵਾਸਤੇ ਵਿਸਲ ਮਾਰੀ ਪਰ ਕੋਈ ਵਿਸਲ ਨਹੀਂ ਸੀ ਸੁਣ ਰਿਹਾ। ਹਥਿਆਰ ਲੈਕੇ ਸਾਰੇ ਬੈਰਕਾਂ ਵਿੱਚ ਆਏ ਆ ਕੇ ਜੋ ਟਰੰਕਾਂ ਵਿੱਚ ਪੈਸਾ ਧੇਲਾ ਸੀ ਲਿਆ। ਸਾਰੀ ਯੂਨਿਟ ਗ੍ਰਾਊਂਡ ਵਿੱਚ ਇਕੱਠੀ ਹੋ ਗਈ ਸੂਬੇਦਾਰ ਮੇਜਰ ਵੀ ਸਾਹੋ ਸਾਹ ਹੋਇਆ ਆ ਗਿਆ ਅਤੇ ਉੱਚੀ ਥਾਂ ਤੇ ਖੜਾ ਹੋ ਗਿਆ।

'ਦੇਖੋ ਮੇਰੇ ਬੱਚਿਓ ਦਰਦ ਮੈਨੂੰ ਵੀ ਥੋਡੇ ਜਿੰਨਾ ਪਰ ਫ਼ੌਜ ਵਿੱਚੋਂ ਬਾਗੀ ਹੋਣਾ ਅਕਲਮੰਦੀ ਨਹੀਂ ਹੈ, ਤੁਸੀਂ ਬਗੈਰ ਲੜਾਈ ਤੋਂ ਮਾਰੇ ਜਾਓਗੇ ਹਥਿਆਰ ਰੱਖ ਦਿਓ ਅਜੇ ਕੁਸ਼ ਨੀ ਵਿਗੜਿਆ' ਸੂਬੇਦਾਰ ਮੇਜਰ ਗਲ ਵਿੱਚ ਪੱਲਾ ਪਾਕੇ ਬੇਨਤੀ ਕਰ ਰਿਹਾ ਸੀ। ਪਰ ਕੋਈ ਨਹੀਂ ਸੀ ਸੁਣ ਰਿਹਾ ਲਾ ਲਾ ਹੋਈ ਪਈ ਸੀ। ਢੋਲ ਢਮੱਕਿਆਂ ਦੀ ਆਵਾਜ਼ ਵਿੱਚ ਤੂਤੀ ਨੂੰ ਕੌਣ ਸੁਣਦਾ।

'ਸਾਬ੍ਹ ਥੋਡੇ ਅੱਗੇ ਇੱਕ ਬੇਨਤੀ ਆ ਕਿ ਤੁਸੀਂ ਸਾਡੇ ਰਾਹ ਵਿੱਚ ਨੀ ਔਣਾ' ਸ਼ਿੰਗਾਰਾ ਸਿੰਘ ਨੇ ਕਿਹਾ ਕਿਉਂਕਿ ਉਸਨੂੰ ਬਹੁਤ ਗੁੱਸਾ ਸੀ।

'ਮੈਂ ਰਾਹ 'ਚ' ਆਕੇ ਕੀ ਕਰਨਾ ਬਾਈ ਮੈਨੂੰ ਤਾਂ ਤਰਸ ਔਂਦਾ ਕਿ ਜੇ ਪੁੱਠਾ ਚੱਕਰ ਚੱਲ ਗਿਆ ਤਾਂ ਕੁਸ਼ ਪੱਲੇ ਨੀ ਪੈਣਾ!' ਪਰ ਸੂਬੇਦਾਰ ਮੇਜਰ ਦੀ ਕਿਸੇ ਨਾ ਸੁਣੀ। ਸੂਬੇਦਾਰ ਥੱਕ ਕੇ ਪਾਸੇ ਹੋਇਆ ਤੇ ਸ਼ਿੰਗਾਰਾ ਸਿੰਘ ਖੜ੍ਹਾ ਹੋ ਗਿਆ।

'ਹਾਂ ਮੇਰੇ ਬਹਾਦਰ ਸਿੱਖੋ ਹੁਣ ਕੀ ਕਰਨ ਦਾ ਇਰਾਦਾ'?

'ਪ੍ਹੈਲਾਂ ਇੱਕ ਵਾਰ ਜਾਕੇ ਬ੍ਰਗੇਡੀਅਰ ਸਾ੍ਹਬ ਨਾਲ ਗੱਲ ਕਰਲੋ ਸ਼ੈਦ ਕੋਈ ਗੱਲ ਬਣਜੇ' ਸੂਬੇਦਾਰ ਮੇਜਰ ਨੇ ਫਿਰ ਕਿਹਾ।

'ਕੀ ਗੱਲ ਕਰੀਏ ਕਿ ਅਸੀਂ ਬਾਗੀ ਹੋਈਏ ਕਿ ਨਾ'?

'ਕੋਈ ਮਾੜੀ ਗੱਲ ਨੀ' ਸੂਬੇਦਾਰ ਨੇ ਕਿਹਾ।

'ਅਸੀਂ ਤਾਂ ਕ੍ਹੈਨੇ ਆ ਜੀ ਰਫਲਾਂ ਸਟੇਨਾਂ ਭਰ ਲੋ ਜੇੜ੍ਹਾ ਹਿੰਦੂ ਡਿੱਕੇ ਔਂਦਾ ਭੁੰਨ ਦਿਓ' ਵਿੱਚ ਕਿਸੇ ਨੇ ਕਿਹਾ।

'ਚਲੋ ਪ੍ਹੈਲਾਂ ਅਫਸਰਾਂ ਦਾ ਛੋਪ ਕੱਤੋ ਸਾਲੇ ਬੌਤ ਹਮਕੋ ਤੁਮਕੋ ਕਰਦੇ ਆ'

'ਪ੍ਹੈਲਾਂ ਗੱਡੀਆਂ ਦੀਆਂ ਟੈਕੀਆਂ ਫੁੱਲ ਕਰੋ! ਜਾਵੋ'! ਸ਼ਿੰਗਾਰੇ ਨੇ ਕਿਹਾ ਸਾਰੇ ਡਰਾਈਵਰ ਇੱਕ ਇੱਕ ਬੰਦਾ ਨਾਲ ਲੈਕੇ ਐਮ ਟੀ ਪਾਰਕ ਵੱਲ ਚਲੇ ਗਏ। ਬਾਕੀ ਸਾਰੇ ਸਮਾਨ ਬੰਨ ਕੇ ਗੱਡੀਆਂ ਲਾਈਨ ਅੱਪ ਕਰਨ ਲੱਗ ਪਏ। ਵੈਸੇ ਥੋੜੀ ਬਹੁਤ ਜੰਗ ਦੀ ਤਿਆਰੀ ਪਹਿਲਾਂ ਕੀਤੀ ਸੀ ਕਿਉਂਕਿ ਇਹਨਾ ਨੂੰ ਲੜਾਈ ਵਿੱਚ ਜਾਣ ਵਾਸਤੇ ਤਿਆਰ ਰਹਿਣ ਵਾਸਤੇ ਕਿਹਾ ਸੀ!

'ਬਾਗੀ ਹੋਣ ਨਾਲੋਂ ਚੰਗਾ ਪ੍ਹੈਲਾਂ ਜਾ ਕੇ ਬ੍ਰਗੇਡੀਅਰ ਸਾਬ੍ਹ ਨਾਲ ਗੱਲ ਕਰਲੋ' ਸੂਬੇਦਾਰ ਮੇਜਰ ਨੇ ਫਿਰ ਤਰਲਾ ਜਿਹਾ ਲੈਕੇ ਕਿਹਾ।

'ਅਸੀਂ ਨੀ ਕੋਈ ਗੱਲ ਗੁੱਲ ਕਰਨੀ' ਹਰਨਾਮ ਨੇ ਗੁੱਸੇ ਹੋ ਕੇ ਕਿਹਾ। ਕਿਉਂਕਿ ਹਰਨਾਮ ਬੜਾ ਜੋਸ਼ੀਲਾ ਜਵਾਨ ਸੀ। ਸਾਬਤ ਸੁਰੂਪ ਅੰਮ੍ਰਿਤਧਾਰੀ ਸਿੰਘ ਸਿਰਫ ਇਹ ਇਕੱਲਾ ਹੀ ਸੀ। ਬੜਾ ਸੱਚਾ ਸੁੱਚਾ ਇਨਸਾਨ ਹੱਥਾਂ ਤੇ ਦੰਦੀਆਂ ਵੱਢ ਰਿਹਾ ਸੀ ਕਿ ਸਾਡੀਆਂ ਫੌਜਾਂ ਦੀ ਹਿੰਮਤ ਕਿਵੇਂ ਹੋਈ ਦਰਬਾਰ ਸਾਹਿਬ ਤੇ ਅਟੈਕ ਕਰਨ ਦੀ! ਹੁਣ ਅਸੀਂ ਵੀ ਲਵਾਂਗੇ ਝੱਗੇ ਦਾ ਮੇਚ!

## "ਕੁਝ ਮੇਰੇ ਵੱਲੋ...."

ਭਾਵੇਂ ਰੋਜ਼ਾਨਾ ਸਪੋਕਸਮੈਨ ਦੇ ਹਾਂਗਕਾਂਗ ਤੋਂ ਪੱਤਰਕਾਰ ਬਲਦੇਵ ਸਿੰਘ 'ਬੁੱਧ ਸਿੰਘ ਵਾਲਾ' ਵੱਲੋਂ ਪਹਿਲਾਂ ਵੀ ਨਾਵਲ 'ਪੂਰਨ ਦਾ ਬਾਗ' ਲਿਖਿਆ ਜਾ ਚੁੱਕਿਆ ਹੈ ਜੋ ਬਹੁਤ ਹਿੱਟ ਹੋਇਆ, ਲੋਕਾਂ ਨੇ ਬੇ-ਹੱਦ ਪਸੰਦ ਕੀਤਾ! ਪਰ ਇਹ ਨਾਵਲ "ਨਹੀਂ ਲੱਭਣੇ ਲਾਲ ਗੁਆਚੇ" ਆਮ ਪੁਸਤਕ ਹੀ ਨਹੀਂ ਬਲਕਿ ਧਰਮੀ ਫੌਜ਼ੀਆਂ ਦੇ ਪਰਿਵਾਰਾਂ ਅਤੇ ਪੀੜ੍ਹੀ ਦਰ ਪੀੜ੍ਹੀ ਲਈ ਇਕ ਅਹਿਮ ਦਸਤਾਵੇਜ਼ ਸਾਬਤ ਹੋਵੇਗਾ। ਕਿਉਂਕਿ ਇਸ ਤੋਂ ਪਹਿਲਾਂ ਧਰਮੀ ਫੌਜ਼ੀਆਂ ਦੀ ਕੁਰਬਾਨੀ, ਜ਼ੁਲਮਾਂ ਦੀ ਦਾਸਤਾਨ, ਗੁਰਬਤ ਭਰੀ ਜ਼ਿੰਦਗੀ, ਆਪਣਿਆਂ ਦੀ ਬੇਗਾਨਗੀ, ਆਪਣਿਆਂ ਵੱਲੋਂ ਸਮੇਂ-ਸਮੇਂ ਕੀਤੀ ਗਈ ਬੇਇਨਸਾਫ਼ੀ, ਜ਼ਲਾਲਤ, ਬੇਵੱਸੀ ਤੇ ਲਾਚਾਰਗੀ ਬਾਰੇ ਐਨਾ ਵਿਸਥਾਰ ਨਾਲ ਕਿਸੇ ਨੇ ਵੀ ਲਿਖਣ ਦੀ ਜਰੂਰਤ ਨਾ ਸਮਝੀ। ਅੱਜ 30 ਸਾਲ ਬੀਤਣ ਤੋਂ ਬਾਅਦ ਵੀ ਇਤਿਹਾਸਕ ਗੁਰਦਵਾਰਿਆਂ ਦੀ ਬੇਅਦਬੀ ਨਾ ਸਹਾਰਦਿਆਂ ਬੈਰਕਾਂ ਛੱਡਣ ਵਾਲੇ ਧਰਮੀ ਫੌਜ਼ੀ ਸਿੱਖ ਸੰਸਥਾਵਾਂ ਅਤੇ ਜੱਥੇਬੰਦੀਆਂ ਤੋਂ ਮਹਿਜ਼ ਸਿਰੋਪਾਓ ਲਈ ਲੇਲੜੀਆਂ ਕੱਢ ਰਹੇ ਹਨ ਪਰ ਧਰਮ ਦੇ ਅਖੌਤੀ ਠੇਕੇਦਾਰਾਂ ਨੇ ਉਨਾਂ ਦੀ ਕੁਰਬਾਨੀ ਦਾ ਮੁੱਲ ਪਾਉਂਦਿਆਂ ਉਨਾਂ ਨੂੰ ਬਣਦੀਆਂ ਨੌਕਰੀਆਂ, ਰੋਟੀ, ਕੱਪੜਾ ਤੇ ਮਕਾਨ ਦਾ ਇੰਤਜ਼ਾਮ ਤਾਂ ਕੀ ਕਰਨਾ ਸੀ, ਬਲਕਿ ਅੱਜ ਤੱਕ ਉਨਾਂ ਨੂੰ ਵਾਰ-ਵਾਰ ਮੰਗਣ ਦੇ ਬਾਵਜੂਦ ਸਿਰੋਪਾਓ ਤੱਕ ਵੀ ਦੇਣ ਦੀ ਜਰੂਰਤ ਹੀ ਨਾ ਸਮਝੀ। ਮੈਨੂੰ ਵੀਰ ਬਲਦੇਵ ਸਿੰਘ ਨੇ ਸਾਰਾ ਨਾਵਲ ਪਰੂਫ ਰੀਡਿੰਗ ਵਾਸਤੇ ਭੇਜਿਆ ਤੇ ਮੈਂ ਜਿਵੇਂ-ਜਿਵੇਂ ਨਾਵਲ ਵਿਚਲੀਆਂ ਗਲਤੀਆਂ ਲਾਉਂਦਾ, ਉਵੇਂ-ਉਵੇਂ ਅੱਖਾਂ 'ਚੋਂ ਪਰਲ-ਪਰਲ ਹੰਝੂ ਵੀ ਵਹਿ ਤੁਰਦੇ। ਇਸ ਨਾਵਲ 'ਚ ਲੇਖਕ ਨੇ ਧਰਮੀ ਫੌਜ਼ੀਆਂ ਨਾਲ ਹੋਈ ਜ਼ਿਆਦਤੀ, ਧੱਕੇਸ਼ਾਹੀ, ਤਸ਼ੱਦਦ ਤੋਂ ਇਲਾਵਾ ਗੁਰਬਤ ਭਰੀ ਜਿੰਦਗੀ, ਆਪਣਿਆਂ ਤੋਂ ਫਿਟਕਾਰਾਂ, ਬੱਚਿਆਂ ਦਾ ਧੁੰਦਲਾ ਭਵਿੱਖ ਅਤੇ ਹੋਰ ਪ੍ਰੇਸ਼ਾਨੀਆਂ ਨੂੰ ਬੜੇ ਖੂਬਸੂਰਤ ਢੰਗ ਨਾਲ ਪੇਸ਼ ਕੀਤਾ ਹੈ। ਸਾਰੇ ਨਾਵਲ ਦੇ 22 ਕਾਂਡਾ ਵਿੱਚੋਂ ਮੈਂ ਕੁਝ ਕਾਂਡਾ ਦਾ ਜ਼ਿਕਰ ਹੈ ਤਾਂ ਉਪਰੀ ਨਜ਼ਰੇ ਪਾਠਕ ਖੁਦ ਹੀ ਮਹਿਸੂਸ ਕਰਨਗੇ ਕਿ ਉਕਤ ਨਾਵਲ ਆਮ ਪੁਸਤਕ ਹੀ ਨਹੀਂ ਬਲਕਿ ਹਰ ਇਕ ਸਿੱਖ ਪਰਿਵਾਰ ਲਈ ਸਾਂਭਣਯੋਗ ਦਸਤਾਵੇਜ਼ ਹੈ।


Sir Speedy Tustin
Printers to the Community
SUBWAY eat fresh.
OPEN 24 HOURS
DRY CLEANER
LIQUOR
PIZZA
Outdoor 3'x11' Promo Flag
Only $29/-
Pole & Spike $55/-
GURU NANAK SIKH TEMPLE FAIRFIELD
Visit Our Website:
www.FairfieldGurudwara.com
Outdoor 3'x6' Durable Banner
All weather, durable to sunlight, rain and wear & tear. Text only.
Only $69/-
ਬਾਲਟੀਮੋਰ ਸਿੱਖ ਸੁਸਾਇਟੀ
Baltimore Sikh Society Inc.
Receipt Books
Customized with your information and design. 2 part carbonless with numbering and perforation.
Call for Price
Love
Cartier
Retractable 33"x 80" Banner
Includes stand and carry bag. Hi-res imaging, durable and Brilliant colors!
Only $225/-
ELEVEN
OPEN 24 HOURS
OPEN HOUSE!
Welcome
Century 21
Call Toll Free: 855 360-HOME
All Weather 18"x24" Yard Signs
Includes H-stakes. Single sided, durable to sunlight and rain. Reusable!
$49/- for 4
ਲੱਖ ਲੱਖ ਵਧਾਈ
11" Printed Balloons
Printed with your logo and info. One color, one location. Min. qty 1000
19¢ each
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
Your Printed T-Shirts
Only $4.99
YOUR LOGO HERE
1 color in 1 position. Min Qty. 100
Your Printed Caps
Only $4.99
DAILY TRIP ENVELOPE
Trip Envelopes Qty 1000
Only $199/-
What we can do for you today?
• Printing & Copying
• Creative Services
• Mailing Services
• Mailing List Aquisition
• Signs Posters & Banners
• Promotional Product
• Website design and development
1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin
Jagjit Singh Bains
CUSTOMIZED SWEET BOXES
Thank You
South Asian Wedding Cards
CALL NOW




# ਪਾਠਕਾਂ ਦਾ ਨਜ਼ਰੀਆ

## ਏਦਾਂ ਅਣਖਾਂ ਮਾਰੀਆਂ ਜਾਂਦੀਆਂ...

ਇਹ ਕੌੜਾ ਸੱਚ ਹੈ ਸਿੱਖ ਕੌਮ ਦੀਆਂ ਔਰਤਾਂ ਦੀ ਗੈਰਤ ਤੇ ਅਣਖ ਮਾਰਨ ਲਈ ਉਨਾਂ ਨੂੰ ਗੰਦੇ ਗੀਤ ਗਾਉਣ ਵਾਲੀਆਂ ਤੇ ਨਚਾਰਾਂ ਬਣਾਇਆ ਗਿਆ , ਰਹਿੰਦੀਆਂ ਨੂੰ ਗੀਤਾਂ ਤੇ ਨਾਚ ਤੇ ਤਾੜੀ ਮਾਰਨ ਵਾਲੀਆਂ , ਇਨਾਂ ਤੋਂ ਭੁੱਲ ਜਾਓ ਕੌਮੀ ਯੋਧੇ ਪੈਦਾ ਹੋਣਗੇ , ਇਤਿਹਾਸ 'ਚ ਇਹ ਤਰੀਕਾ ਕਈ ਧਾੜਵੀਆਂ ਨੇ ਵਰਤਿਆ। ਕਾਦਿਰ ਰੋਹੀਲੇ ਨੇ ਦਿੱਲੀ ਦੇ ਬਾਦਸ਼ਾਹ ਸ਼ਾਹ ਆਲਮ ਦੀਆਂ ਅੱਖਾਂ ਕੱਢ ਕੇ ਬੰਦੀ ਬਣਾ ਲਿਆ ਫੇਰ ਵੀ ਉਹ ਬੇਚੈਨ ਸੀ , ਇੱਕ ਜਰਨੈਲ ਨੇ ਉਸਨੂੰ ਬੇਚੈਨੀ ਦਾ ਕਾਰਨ ਪੁੱਛਿਆ ਕਾਦਿਰ ਰੋਹਿਲਾ ਕਹਿੰਦਾ ਮੈਨੂੰ ਡਰ ਹੈ ਇਨਾਂ ਦੀਆਂ ਪੀੜੀਆਂ ਮੇਰੇ ਤੋਂ ਕਿਤੇ ਦੁਬਾਰਾ ਰਾਜ ਨਾ ਖੋਹ ਲੈਣ , ਉਹਦੇ ਜਰਨੈਲ ਨੇ ਸਲਾਹ ਦਿੱਤੀ ਕਿ ਇਹਦਾ ਇੱਕੋ ਤਰੀਕਾ ਹੈ ਕਿ ਇਨਾਂ ਦੀਆਂ ਔਰਤਾਂ ਚੋਂ ਅਣਖ ਤੇ ਗੈਰਤ ਖ਼ਤਮ ਹੀ ਕਰ ਦਿੱਤੀ ਜਾਵੇ , ਮਾਰੀ ਅਣਖ ਵਾਲੀਆਂ ਔਰਤਾਂ ਕਦੀ ਵੀ ਆਜ਼ਾਦੀ ਦੀ ਗੱਲ ਕਰਨ ਵਾਲੀ ਕੌਮ ਨਹੀਂ ਪੈਦਾ ਕਰ ਸਕਦੀਆਂ , ਅਣਖ ਪੈਦਾ ਕਰਨ ਵਾਲੀ ਕੁੱਖ ਹੀ ਮਾਰ ਦੇਈਏ ,,

ਆਲਮ ਰੋਹੀਲੇ ਨੇ ਦਰਬਾਰ 'ਚ ਮੁਸਲਮਾਨ ਔਰਤਾਂ ਨੂੰ ਬੁਲਾਇਆ ਉਨਾਂ ਨੂੰ ਕਿਹਾ ਕਿ ਨਿਰਵਸਤਰ ਹੋ ਕੇ ਨੱਚੋ ਤੇ ਆਪ ਉਹ ਅੱਖਾਂ ਮੀਟ ਕੇ ਹਿੱਕ ਤੇ ਨੰਗੀ ਕਿਰਪਾਨ ਰੱਖ ਕੇ ਸੌਂ ਗਿਆ , ਕੁੱਝ ਔਰਤਾਂ ਨੱਚਣ ਲੱਗ ਪਈਆਂ ਕੁੱਝ ਰੋ ਪਿੱਟ ਕੇ ਨੱਚਣ ਲੱਗ ਪਈਆਂ , ਫੇਰ ਕੁੱਝ ਦੇਰ ਬਾਅਦ ਉੱਠ ਕੇ ਕਾਦਿਰ ਰੋਹਿਲਾ ਕਹਿੰਦਾ ਅੱਜ ਮੈਨੂੰ ਪੂਰਾ ਯਕੀਨ ਹੋ ਗਿਆ ਤੁਹਾਡੀ ਆਉਣ ਵਾਲੀ ਪੀੜੀ ਮੇਰੇ ਤੋਂ ਮੇਰਾ ਰਾਜ ਨਹੀਂ ਖੋਹ ਸਕਦੀ , ਤੁਹਾਡੀ ਅਣਖ ਤੇ ਗੈਰਤ ਮਰ ਚੁੱਕੀ ਹੈ ਅੱਜ ਮੈਨੂੰ ਯਕੀਨ ਹੋ ਗਿਆ , ਤੁਹਾਡੇ ਚੋਂ ਗੈਰਤ ਵਾਲੀ ਇੱਕ ਔਰਤ ਵੀ ਆ ਕੇ ਮੇਰੀ ਛਾਤੀ ਤੇ ਰੱਖੀ ਨੰਗੀ ਤਲਵਾਰ ਨਾਲ ਮੇਰਾ ਕਤਲ ਕਰ ਸਕਦੀ ਸੀ , ਪਰ ਕਿਸੇ ਨੇ ਨਹੀਂ ਕੀਤਾਂ ਹੁਣ ਮੈਂ ਬੇਪ੍ਰਵਾਹ ਹੋ ਕੇ ਰਾਜ ਕਰੂਗਾ ,,

ਉਹਦੀ ਗੱਲ ਸੱਚ ਸਾਬਤ ਹੋਈ ਫੇਰ ਮੁਗ਼ਲ ਰਾਜ ਨਹੀਂ ਲੈ ਸਕੇ ,

ਹੁਣ ਸਿੱਖ ਕੌਮ ਦੀਆਂ ਕਿੰਨੀਆਂ ਔਰਤਾਂ ਆਪਣੇ ਬੱਚਿਆਂ ਨੂੰ ਸਿੱਖ ਰਾਜ ਤੇ ਗੁਰਬਾਣੀ ਬਾਰੇ ਦੱਸਦੀਆਂ ਨੇ , ਆਪਣੇ ਬੱਚਿਆਂ ਨੂੰ ਉਹ ਆਜ਼ਾਦੀ ਦੀ ਗੱਲ ਕਰਨ ਵਾਲੇ ਯੋਧੇ ਤਾਂ ਦੂਰ ਦੀ ਗੱਲ ਸਿੱਖ ਵਿਚਾਰਧਾਰਾ ਕੀ ਹੁੰਦੀ ਇਹ ਵੀ ਨਹੀਂ ਦੱਸ ਪਾਉਂਦੀਆਂ , ਤਾਂ ਹੀ ਕੌਮ ਅੱਜ ਪੰਡਿਤਾਂ , ਡੇਰਿਆਂ ਤੇ ਗਾਉਣ ਵਾਲਿਆਂ ਦੇ ਮਗਰ ਤੁਰੀ ਫਿਰਦੀ , ਕਿਉਂ ਕਿ ਹਿੰਦੂ ਰਾਜ ਨੇ ਸਿੱਖ ਔਰਤਾਂ ਨੂੰ ਅੰਧਵਿਸ਼ਵਾਸੀ , ਨਚਾਰਾਂ , ਗਾਉਣ ਵਾਲੀਆਂ ਤੇ ਤਾੜੀ ਮਾਰਨ ਵਾਲੀਆਂ ਬਣਾ ਦਿੱਤਾ ਹੈ , ਆਜ਼ਾਦੀ ਤੇ ਸਿੱਖੀ ਦੀ ਗੱਲ ਕਰਨ ਵਾਲੀ ਹਿੰਦੂ ਸਰਕਾਰ ਨੇ ਕੁੱਖ ਹੀ ਮਾਰ ਦਿੱਤੀ ਹੈ ਯੋਧੇ ਪੈਦਾ ਕਿੱਥੇ ਹੋਣ ???

**ਸਰਬਜੀਤ ਸਿੰਘ ਘੁਮਾਣ**

## ਸੱਤਾ ਦੇ ਨਸ਼ੇ ਵਿਚ ਤਾਕਤ ਦੀ ਅੰਨੀ ਵਰਤੋਂ

ਜਦੋਂ ਮੈਂ ਜੇਐਨਯੂ ਦੇ ਘੇਰੇ ਤੋਂ ਬਾਹਰ ਦੇਖਣਾ ਸ਼ੁਰੂ ਕਰਦਾ ਹਾਂ ਤਾਂ ਮਹਿਸੂਸ ਕਰਦਾ ਹਾਂ ਕਿ ਦੇਸ਼ ਵਿਚ ਇਕ ਅਜਿਹੀ ਸਰਕਾਰ ਹੈ ਜਿਹੜੀ ਅਜਿਹੀ ਨੌਜਵਾਨ ਸੋਚ ਤੋਂ ਬੁਰੀ ਤਰਾਂ ਡਰੀ ਹੋਈ ਹੈ ਜੋ ਬਿਹਤਰ ਸੰਸਾਰ ਦੀ ਸਿਰਜਣਾ ਲਈ ਸੋਚਦੀ, ਚਿਤਵਦੀ ਤੇ ਕੋਸ਼ਿਸ਼ ਕਰਦੀ ਹੈ। ਇਸ ਲਈ ਦੱਸਿਆ ਜਾਂਦਾ ਹੈ ਕਿ ਪ੍ਰਧਾਨ ਮੰਤਰੀ ਮੋਦੀ ਨੇ ਨੌਜਵਾਨਾਂ ਨੂੰ ਅਪੀਲ ਕੀਤੀ ਹੈ ਕਿ ਉਹ 'ਸਿਸਟਮ' ਨੂੰ ਪਿਆਰ ਕਰਨ; ਇਸ ਤਰਾਂ ਉਨਾਂ ਲਈ ਇਸ ਤੋਂ ਇਲਾਵਾ ਹੋਰ ਕੋਈ ਵੀ ਚੀਜ਼ ਮਹਿਜ਼ 'ਅਰਾਜਕਤਾ' ਹੈ! ਜਦੋਂ ਨੌਜਵਾਨ - ਜੇਐੱਨਯੂ, ਜਾਮੀਆ, ਜਾਧਵਪੁਰ, ਹੈਦਰਾਬਾਦ, ਅਲੀਗੜ ਤੇ ਹੋਰਨਾਂ ਥਾਵਾਂ ਦੇ ਚਿੰਤਨਸ਼ੀਲ ਦਿਮਾਗ - ਸੀਏਏ ਦੇ ਪਾਜ ਉਘਾੜਦੇ ਹੋਏ ਦਿੱਲੀ ਦੇ ਸ਼ਾਹੀਨ ਬਾਗ਼ ਵਿਚ ਜ਼ਾਹਰਾ ਤੌਰ 'ਤੇ ਡਟੀ ਹੋਈ ਮਹਿਲਾ ਸ਼ਕਤੀ ਨਾਲ ਆਪਣੀ ਇਕਮੁੱਠਤਾ ਦਾ ਇਜ਼ਹਾਰ ਕਰਦੇ ਹਨ ਤਾਂ ਕੱਟੜਵਾਦੀ ਰਾਸ਼ਟਰਵਾਦੀ ਸੋਚ ਦੀ ਜ਼ਾਲਮ ਤਾਕਤ ਨੂੰ ਆਪਣੇ ਆਪ ਨੂੰ ਵਾਜਬ ਜਮਹੂਰੀ ਤਾਕਤ ਨਾ ਦਰਸਾ ਸਕਣ ਦਾ ਭਿਆਨਕ ਸੰਕਟ ਦਰਪੇਸ਼ ਹੁੰਦਾ ਹੈ। ਅਤੇ ਜਦੋਂ ਦਲੀਲ ਮਰਦੀ ਹੈ, ਤਰਕ ਵਹਿ-ਵੇਰੀ ਹੋ ਜਾਂਦਾ ਹੈ ਅਤੇ ਸਮਝਦਾਰੀ ਨੂੰ ਤਿਲਾਂਜਲੀ ਦੇ ਦਿੱਤੀ ਜਾਂਦੀ ਹੈ ਤਾਂ ਜੋ ਉੱਭਰਦਾ ਹੈ, ਉਹ ਹਕੂਮਤ ਦੇ ਦਮਨਕਾਰੀ ਤੰਤਰ ਦਾ ਜ਼ੋਰ ਹੁੰਦਾ ਹੈ। ਹਾਕਮ ਨਿਜ਼ਾਮ ਚਾਹੁੰਦਾ ਹੈ ਕਿ ਆਜ਼ਾਦ ਸੋਚ ਦਾ ਗਲ਼ਾ ਘੁੱਟ ਦਿੱਤਾ ਜਾਵੇ, ਨੌਜਵਾਨੀ ਦੀ ਰਚਨਾਤਮਕ ਤਾਕਤ ਨੂੰ ਤਬਾਹ ਕਰ ਦਿੱਤਾ ਜਾਵੇ ਅਤੇ ਹਿੰਸਾ ਨੂੰ ਆਮ ਗੱਲ ਬਣਾ ਦਿੱਤਾ ਜਾਵੇ।

ਤ੍ਰਾਸਦੀ ਇਹ ਹੈ ਕਿ ਜੇਐੱਨਯੂ ਦਾ ਮੌਜੂਦਾ ਪ੍ਰਸ਼ਾਸਨ ਇਸ ਬੌਧਿਕਤਾ-ਵਿਰੋਧੀ ਸੱਭਿਆਚਾਰ ਨਾਲੋਂ ਗੁਣਾਤਮਕ ਤੌਰ 'ਤੇ ਅੱਡ ਨਹੀਂ ਹੈ।

**ਅਵਿਜੀਤ ਪਾਠਕ, ਪ੍ਰੋਫ਼ੈਸਰ, ਜੇਐੱਨਯੂ**

## ਨਾਗਰਿਕਤਾ ਸੋਧ ਕਾਨੂੰਨ (ਸੀ.ਏ.ਏ.) ਨਾਲ ਉੱਬਲ ਰਿਹਾ ਦੇਸ਼

ਦੇਸ਼ ਨਾਗਰਿਕਤਾ ਸੋਧ ਕਾਨੂੰਨ (ਸੀ.ਏ.ਏ.) ਨਾਲ ਉੱਬਲ ਰਿਹਾ ਹੈ, ਜਿਸ ਬਾਰੇ ਸੁਪਰੀਮ ਕੋਰਟ ਦੀ ਟਿੱਪਣੀ ਪੜਨ ਵਾਲੀ ਹੈ। ਸੁਪਰੀਮ ਕੋਰਟ ਕਹਿੰਦੀ ਹੈ ਕਿ ਦੇਸ਼ ਵਿੱਚ ਚਾਰੇ ਪਾਸੇ ਕਾਫ਼ੀ ਹਿੰਸਾ ਹੋ ਰਹੀ ਹੈ। ਦੇਸ਼ ਮੁਸ਼ਕਿਲ ਦੌਰ ਵਿੱਚੋਂ ਲੰਘ ਰਿਹਾ ਹੈ।

ਦੇਸ਼ ਵਿੱਚ ਸੀ.ਏ.ਏ. ਨਾਲੋਂ ਵੀ ਵੱਡਾ ਉਬਾਲ ਮਹਿੰਗਾਈ ਦਾ ਹੈ, ਜਿਸ ਨਾਲ ਆਮ ਆਦਮੀ ਦਾ ਜੀਉਣਾ ਦੁਭਰ ਹੋ ਰਿਹਾ ਹੈ। ਖਾਣ ਪੀਣ ਵਾਲੀਆਂ ਚੀਜ਼ਾਂ ਦੀਆਂ ਕੀਮਤਾਂ ਨਿੱਤ ਵਧ ਰਹੀਆਂ ਹਨ, ਅਮਰੀਕਾ-ਇਰਾਨ ਕਲੇਸ਼ ਕਾਰਨ ਕੱਚੇ ਤੇਲ ਦੇ ਭਾਅ ਵਧਣਗੇ ਅਤੇ ਦੇਸ਼ ਮਹਿੰਗਾਈ ਦੀ ਭੱਠੀ ਵਿੱਚ ਹੋਰ ਵੀ ਝੁਲਸੇਗਾ। ਇਸ ਹਾਲਾਤ ਵਿੱਚ ਸਧਾਰਨ ਆਦਮੀ ਆਪਣੇ ਆਪ ਨੂੰ ਬੇਵੱਸ ਮਹਿਸੂਸ ਕਰ ਰਿਹਾ ਹੈ।

ਕੇਂਦਰ ਸਰਕਾਰ ਆਪਣੇ ਹਿੰਦੂਤਵੀ ਅਜੰਡੇ ਨੂੰ ਲਾਗੂ ਕਰਨ ਵਿੱਚ ਮਸਰੂਫ ਹੈ। ਹਿੰਦੂ-ਮੁਸਲਮਾਨ ਵਿਚਕਾਰ ਪਾੜਾ ਪਾ ਕੇ ਉਸਨੂੰ ਆਪਣੀਆਂ ਵੋਟਾਂ ਪੱਕੀਆਂ ਕਰਨ ਦਾ 'ਪਵਿੱਤਰ' ਕਾਰਜ ਕਰਨ ਤੋਂ ਵਿਹਲ ਨਹੀਂ ਹੈ। ਸਰਕਾਰ ਵਿਰੁੱਧ ਬੋਲਣ ਵਾਲਿਆਂ ਨੂੰ ਦੇਸ਼ ਧਰੋਹੀ ਐਲਾਨਿਆ ਜਾ ਰਿਹਾ ਹੈ। ਜੇਕਰ ਲੋਕਾਂ ਵਿੱਚ ਨਾਗਰਿਕਤਾ ਸੋਧ ਕਾਨੂੰਨ ਦਾ ਤਿੱਖਾ ਵਿਰੋਧ ਹੈ ਤਾਂ ਉਸ ਸਬੰਧੀ ਲੋਕਾਂ ਜਾਂ ਵਿਰੋਧੀ ਧਿਰ ਦੀ ਆਵਾਜ਼ ਸੁਣਨ ਦੀ ਬਜਾਏ ਹਾਕਮਾਂ ਵਲੋਂ ਕਿਹਾ ਜਾ ਰਿਹਾ ਹੈ ਕਿ ਉਹਨਾਂ ਨੂੰ ਵਿਰੋਧੀ ਧਿਰ ਦੀ ਪਰਵਾਹ ਨਹੀਂ ਹੈ। ਪਰ ਕੀ ਹਾਕਮਾਂ ਨੇ ਆਮ ਲੋਕਾਂ ਦੀ ਆਵਾਜ਼ ਸੁਣਨ ਲਈ ਵੀ ਆਪਣੇ ਕੰਨਾਂ ਵਿੱਚ ਰੂੰ ਦੇ ਫੰਭੇ ਦੇ ਲਏ ਹਨ, ਜਿਹੜੇ ਅਤਿ ਦੀ ਗਰੀਬੀ, ਅਤਿ ਦੀ ਮਹਿੰਗਾਈ, ਅਤਿ ਦੀ ਬੇਰੁਜ਼ਗਾਰੀ ਦੀ ਮਾਰ ਝੱਲ ਰਹੇ ਹਨ।

ਕੇਂਦਰ ਦੀ ਸਰਕਾਰ ਅਰਥ-ਵਿਵਸਥਾ ਦੇ ਮਾਮਲੇ ਵਿੱਚ ਨਿੱਤ ਪ੍ਰਤੀ ਗਿਰਾਵਟ ਵੱਲ ਜਾ ਰਹੀ ਹੈ। ਸਰਕਾਰ ਨੂੰ ਇਸ ਪ੍ਰਤੀ ਚਿੰਤਾ ਨਹੀਂ ਹੈ। ਸਰਕਾਰ ਨੂੰ ਚਿੰਤਾ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਅਤੇ ਹੋਰ ਥਾਵਾਂ ਉੱਤੇ ਸੰਘਰਸ਼ ਕਰ ਰਹੇ ਮਜ਼ਦੂਰਾਂ, ਕਿਸਾਨਾਂ, ਦਲਿਤਾਂ, ਘੱਟ ਗਿਣਤੀਆਂ ਨੂੰ ਦਬਾਉਣ ਦੀ ਹੈ, ਉਹਨਾਂ ਦੀ ਆਵਾਜ਼ ਬੰਦ ਕਰਨ ਦੀ ਹੈ। ਦੇਸ਼ ਵਿੱਚ ਮੰਦੀ ਦਾ ਦੌਰ ਹੈ। ਮੌਜੂਦਾ ਵਿੱਤੀ ਸਾਲ ਦੀ ਆਰਥਿਕ ਵਿਕਾਸ ਦਰ ਪੰਜ ਫ਼ੀਸਦੀ ਰਹਿ ਗਈ ਹੈ। ਵਿਦੇਸ਼ੀ ਨਿਵੇਸ਼ ਭਾਰਤ ਵਿੱਚ ਫੈਲੀ ਹਫੜਾ-ਤਫੜੀ ਕਾਰਨ ਲਗਾਤਾਰ ਘੱਟ ਰਿਹਾ ਹੈ। ਮੌਜੂਦਾ ਸਰਕਾਰ ਵਲੋਂ ਦੇਸ਼ ਨੂੰ 'ਫਿਰਕਾ ਵਿਸ਼ੇਸ਼' ਬਣਾਉਣ ਅਤੇ ਭਾਰਤੀ ਸੰਵਿਧਾਨ ਦੀ ਆਸ਼ਾ ਦੇ ਉਲਟ ਕਾਰਵਾਈਆਂ ਕਰਨ ਕਾਰਨ ਇਸਦਾ ਚਿਹਰਾ-ਮੋਹਰਾ ਵਿਗਾੜ ਦਿੱਤਾ ਹੈ। ਦੇਸ਼ ਦੀ ਅੰਤਰਰਾਸ਼ਟਰੀ ਪੱਧਰ ਉੱਤੇ ਸਾਖ ਨੂੰ ਇਸ ਨਾਲ ਧੱਕਾ ਲੱਗਾ ਹੈ।

ਮੋਦੀ ਸਰਕਾਰ ਦੇ ਦੂਜੇ ਦੌਰ ਵਿੱਚ ਜਿਸ ਤੇਜ਼ੀ ਨਾਲ ਹਿੰਦੂਤਵੀ ਅਜੰਡਾ ਲਾਗੂ ਕਰਨ ਦੀਆਂ ਕੋਸ਼ਿਸ਼ਾਂ ਹੋਈਆਂ ਹਨ ਅਤੇ ਜਿਸ ਢੰਗ ਨਾਲ ਦੇਸ਼ ਦੇ ਮੁੱਦਿਆਂ ਮਸਲਿਆਂ ਨੂੰ ਦਰ ਕਿਨਾਰ ਕੀਤਾ ਗਿਆ ਹੈ, ਉਸ ਨਾਲ ਵੱਡੀ ਗਿਣਤੀ ਲੋਕਾਂ ਵਿੱਚ ਅਵਿਸ਼ਵਾਸ ਤਾਂ ਪੈਦਾ ਹੋਇਆ ਹੀ ਹੈ, ਉਸਦੀਆਂ ਨਿੱਤ ਪ੍ਰਤੀ ਦੀਆਂ ਲੋੜਾਂ ਪੂਰੀਆਂ ਕਰਨ ਅਤੇ ਸਰਕਾਰੀ ਸੁਖ-ਸੁਵਿਧਾਵਾਂ ਦੇਣ ਦੇ ਕੰਮਾਂ ਨੂੰ ਵੀ ਡਾਹਢੀ ਸੱਟ ਵੱਜੀ ਹੈ। ਇਸ ਦੌਰ ਵਿੱਚ ਕਿਸਾਨ ਬੁਰੀ ਤਰਾਂ ਪੀੜਤ ਹੋਏ ਹਨ। ਖੇਤ ਮਜ਼ਦੂਰ ਨਰੇਗਾ ਸਕੀਮ ਦੇ ਪੂਰੀ ਤਰਾਂ ਨਾ ਲਾਗੂ ਕੀਤੇ ਜਾਣ ਕਾਰਨ ਬੇਰੁਜ਼ਗਾਰ ਦੀ ਭੱਠੀ ਵਿੱਚ ਝੁਲਸ ਗਏ ਹਨ। ਸ਼ਹਿਰੀ ਮਜ਼ਦੂਰ ਕੰਮਾਂ ਤੋਂ ਵਿਰਵੇ ਹੋਏ ਹਨ। ਨੋਟ ਬੰਦੀ ਨੇ ਉਹਨਾਂ ਦੀਆਂ ਨੌਕਰੀਆਂ ਖੋਹੀਆਂ ਹਨ। ਛੋਟੇ ਕਾਰੋਬਾਰੀ ਆਪਣੇ ਕਾਰੋਬਾਰ ਗੁਆ ਬੈਠੇ ਹਨ।

ਦੇਸ਼ ਦੀ ਜੀ.ਡੀ.ਪੀ. ਵਿੱਚ ਗਿਰਾਵਟ ਚੌਥੇ ਸਾਲ ਵੀ ਜਾਰੀ ਹੈ। ਇੱਥੇ ਹੀ ਬੱਸ ਨਹੀਂ, ਇਹ ਪਿਛਲੇ ਗਿਆਰਾਂ ਸਾਲਾਂ ਦੇ ਸਤਰ ਤੋਂ ਇਸ ਸਾਲ ਸਭ ਤੋਂ ਘੱਟ ਹੈ। ਵਿਸ਼ਵ ਮੰਦੀ ਦੇ ਦੌਰ ਵਿੱਚ 2008-09 ਵਿੱਚ ਦੇਸ਼ ਦੀ ਆਰਥਿਕ ਵਿਕਾਸ ਦੀ ਦਰ 3.1 ਫ਼ੀਸਦੀ ਸੀ। ਪਿਛਲੇ ਸਾਲ ਮੈਨੂਫੈਕਚਰਿੰਗ ਦੀ ਵਿਕਾਸ ਦਰ ਘਟ ਕੇ 6.9 ਫ਼ੀਸਦੀ ਰਹਿ ਗਈ। ਵੱਡੇ ਕਾਰੋਬਾਰੀਆਂ ਨੂੰ ਆਪਣੇ ਕਾਰਖਾਨੇ ਬੰਦ ਕਰਨੇ ਪਏ।

ਇਸੇ ਤਰਾਂ ਸੇਵਾ ਖੇਤਰ, ਜਿਸਦੀ ਹਿੱਸੇਦਾਰੀ ਅਰਥ-ਵਿਵਸਥਾ ਵਿੱਚ 60 ਫ਼ੀਸਦੀ ਹੈ, ਦੀ ਵਿਕਾਸ ਦਰ ਵੀ ਘਟ ਗਈ ਅਤੇ ਉਹ 7.5 ਫ਼ੀਸਦੀ ਤੋਂ 6.9 ਫ਼ੀਸਦੀ 'ਤੇ ਆ ਗਈ। ਨਿਰਮਾਣ ਖੇਤਰ ਦੀ ਵਾਧੇ ਦੀ ਦਰ ਜੋ 6.7 ਫ਼ੀਸਦੀ ਸੀ ਉਹ ਘਟਕੇ 3.2 ਫ਼ੀਸਦੀ ਰਹਿ ਗਈ ਅਤੇ ਖੇਤੀ ਖੇਤਰ ਵਿੱਚ ਵਾਧਾ 2.9 ਫ਼ੀਸਦੀ ਤੋਂ 2.8 ਫ਼ੀਸਦੀ ਰਹਿ ਗਿਆ। ਇਹ ਸਾਰਾ ਵਾਧਾ-ਘਾਟਾ ਪਿਛਲੇ 42 ਸਾਲਾਂ ਦੇ ਸਭ ਤੋਂ ਘੱਟ ਸਤਰ ਉੱਤੇ ਹੈ। ਕੀ ਇਹ ਸਾਰੀ ਸਥਿਤੀ ਔਖ ਵਾਲੀ ਨਹੀਂ ਹੈ? ਕੀ ਇਸ ਨਾਲ ਆਮ ਲੋਕਾਂ ਦਾ ਜੀਵਨ ਸਤਰ ਹੋਰ ਥੱਲੇ ਨਹੀਂ ਜਾਏਗਾ? 2024-25 ਤੱਕ ਦੇਸ਼ ਨੂੰ 50 ਖਰਬ ਡਾਲਰ ਅਰਥ-ਵਿਵਸਥਾ ਬਣਾਉਣ ਦੀ ਆਸ਼ਾ ਕੀ ਸ਼ੇਖ ਚਿਲੀ ਦਾ ਸੁਪਨਾ ਬਣਕੇ ਨਹੀਂ ਰਹਿ ਜਾਏਗਾ?

ਦੇਸ਼ ਦੇ ਭਾਜਪਾ ਸ਼ਾਸਤ ਕੁਝ ਸੂਬਿਆਂ ਵਿੱਚ ਮੌਜੂਦਾ ਅੰਦੋਲਨ ਦੌਰਾਨ ਅਮਨ ਕਾਨੂੰਨ ਦੀ ਸਥਿਤੀ ਵਿਗੜੀ ਹੈ ਤੇ ਲੋਕਾਂ ਦੀ ਕੁੱਟ ਮਾਰ ਦੀ ਖੁੱਲ ਸਥਾਨਕ ਪੁਲਿਸ ਨੂੰ ਮਿਲ ਚੁੱਕੀ ਹੈ। ਕੀ ਕਿਹਾ ਜਾਏਗਾ ਕਿ ਦੇਸ਼ ਦੇ ਹਾਲਾਤ ਸੁਖਾਵੇਂ ਹਨ?

**ਗੁਰਮੀਤ ਸਿੰਘ ਪਲਾਹੀ**

## ਜੇਐਨਯੂ ਵਿਚ ਹਮਲਾ ਲੋਕਤੰਤਰ ਦੀ ਮੂਲ ਭਾਵਨਾ ਦੇ ਖ਼ਿਲਾਫ਼

ਜੇਐਨਯੂ ਵਿਚ ਵਿਦਿਆਰਥੀਆਂ 'ਤੇ ਹਮਲੇ ਦੀ ਘਟਨਾ ਬੜੀ ਮੰਦਭਾਗੀ ਹੈ। ਹਮਲੇ ਰਾਹੀਂ ਸਿੱਧੇ ਤੌਰ 'ਤੇ ਸੰਵਿਧਾਨ ਤਹਿਤ ਭਾਰਤੀ ਨਾਗਰਿਕਾਂ ਨੂੰ ਮਿਲੇ ਮੌਲਿਕ ਅਧਿਕਾਰਾਂ ਦੀ ਉਲੰਘਣਾ ਕੀਤੀ ਗਈ ਹੈ। ਵਿਦਿਆਰਥੀ ਕਈ ਦਿਨਾਂ ਤੋਂ ਫੀਸਾਂ ਦੇ ਵਾਧੇ ਦਾ ਸ਼ਾਂਤੀਪੂਰਵਕ ਵਿਰੋਧ ਵਿਚ ਬੈਠੇ ਸਨ, ਜਿਨਾਂ 'ਤੇ ਲੋਹੇ ਦੀਆਂ ਰਾਡਾਂ, ਡਾਂਗਾਂ ਅਤੇ ਪੱਥਰਾਂ ਨਾਲ ਹਮਲਾ ਕੀਤਾ ਗਿਆ। ਵਿਦਿਆਰਥੀਆਂ ਦਾ ਵਿਰੋਧ ਕਾਫੀ ਦਿਨਾਂ ਤੋਂ ਚੱਲ ਰਿਹਾ ਸੀ ਅਤੇ ਇਸ ਸਮੇਂ ਦੌਰਾਨ ਇਹ ਕਈ ਦੌਰਾਂ ਵਿੱਚੋਂ ਗੁਜ਼ਰਿਆ। ਇਸ ਦੌਰਾਨ ਅੰਦੋਲਨਕਾਰੀਆਂ ਨੇ ਕੁਝ ਵਿਦਿਆਰਥੀਆਂ ਨੂੰ ਰਜਿਸਟਰੇਸ਼ਨ ਕਰਾਉਣ ਤੋਂ ਵੀ ਰੋਕਿਆ।

ਹਮਲੇ ਦੀ ਇਸ ਵਾਰਦਾਤ ਦੌਰਾਨ ਪ੍ਰਬੰਧਕੀ ਵਿਭਾਗ ਆਪਣੀ ਜ਼ਿੰਮੇਵਾਰੀ ਨਿਭਾਉਣ ਵਿਚ ਅਸਫਲ ਰਿਹਾ। ਪ੍ਰਬੰਧਕੀ ਵਿਭਾਗ ਆਪਣੇ ਵਲੋਂ ਢੁਕਵੀਂ ਕਾਰਵਾਈ ਕਰ ਕੇ ਇਸ ਨੂੰ ਰੋਕ ਸਕਦਾ ਸੀ ਜਾਂ ਫਿਰ ਫੀਸ ਭਰਵਾਉਣ ਦੀ ਤਾਰੀਖ ਨੂੰ ਅੱਗੇ ਵਧਾ ਸਕਦੇ ਸੀ। ਇਸ ਅਸਫਲਤਾ ਕਾਰਨ ਵਿਦਿਆਰਥੀਆਂ 'ਤੇ ਬਹੁਤ ਜ਼ੁਲਮ ਹੋਇਆ। ਮਾੜੀ ਗੱਲ ਇਹ ਹੋਈ ਕਿ ਕਮਰਿਆਂ ਵਿਚ ਬੈਠੇ ਵਿਦਿਆਰਥੀਆਂ ਨੂੰ ਵੀ ਮਾਰਿਆ ਗਿਆ। ਇਸ ਲਈ ਸਵਾਲ ਸੁਰੱਖਿਆ ਕਰਮੀਆਂ 'ਤੇ ਵੀ ਜਾਂਦਾ ਹੈ। ਇਸ ਦੌਰਾਨ ਵਿਦਿਆਰਥੀਆਂ ਦੇ ਜਿਉਣ ਅਤੇ ਨਿਜੀ ਆਜ਼ਾਦੀ ਦੇ ਹੱਕ ਦੀ ਵੀ ਘੋਰ ਉਲੰਘਣਾ ਹੋਈ। ਯੂਨੀਵਰਸਿਟੀ ਮੈਨੇਜਮੈਂਟ ਨੇ ਆਪਣੀ ਢਿੱਲ-ਮੱਠ ਰਾਹੀਂ ਆਪਣੇ ਪ੍ਰਤੀ ਬੇਭਰੋਸਗੀ ਹੀ ਪੈਦਾ ਕੀਤੀ ਹੈ।

ਫ਼ੀਸ ਵਾਧੇ ਦੇ ਵਿਰੋਧੀ ਵਿਦਿਆਰਥੀਆਂ ਵੱਲੋਂ ਆਪਣਾ ਵਿਰੋਧ ਸੰਵਿਧਾਨ ਅਧੀਨ ਰਹਿ ਕੇ ਹੀ ਕੀਤਾ ਜਾ ਰਿਹਾ ਸੀ। ਫ਼ੀਸਾਂ ਦੇ ਵਾਧੇ ਕਾਰਨ ਕਾਫੀ ਵਿਦਿਆਰਥੀਆਂ ਦਾ ਸਿੱਖਿਆ ਦਾ ਅਧਿਕਾਰ ਖ਼ਤਰੇ ਵਿਚ ਹੈ। ਇਸ ਤਰਾਂ ਦੀ ਮਾਰ-ਕੁੱਟ ਅਤੇ ਧੱਕੇਸ਼ਾਹੀ ਲੋਕਤੰਤਰ ਨੂੰ ਸ਼ੋਭਾ ਨਹੀਂ ਦਿੰਦੀ। ਇਸ ਨੂੰ ਦੇਖ ਕੇ ਇੰਝ ਜਾਪਦਾ ਹੈ ਕਿ ਸੰਵਿਧਾਨ ਤਾਂ ਮਹਿਜ਼ ਇਕ ਕਿਤਾਬ ਬਣ ਕੇ ਰਹਿ ਗਿਆ ਹੈ। ਪਹਿਲਾਂ ਜਾਮੀਆ ਮਿਲੀਆ ਇਸਲਾਮੀਆ ਯੂਨੀਵਰਸਿਟੀ ਅਤੇ ਫਿਰ ਹੁਣ ਜੇਐਨਯੂ ਵਿਚ ਅਜਿਹਾ ਪ੍ਰਤੱਖ ਰੂਪ ਵਿਚ ਵੇਖਿਆ ਜਾ ਸਕਦਾ ਹੈ। ਗ਼ਲਤੀਆਂ ਦੋਵਾਂ ਤਰਫਾਂ ਤੋਂ ਕੀਤੀਆਂ ਗਈਆਂ ਸਨ। ਜਿੱਥੇ ਇਕ ਪਾਸੇ ਕੁਝ ਵਿਦਿਆਰਥੀਆਂ ਨੂੰ ਰਜਿਸਟਰੇਸ਼ਨ ਕਰਵਾਉਣ ਤੋਂ ਰੋਕਿਆ ਗਿਆ, ਦੂਜੇ ਪਾਸੇ ਵਿਰੋਧ ਕਰ ਰਹੇ ਵਿਦਿਆਰਥੀਆਂ ਦੀ ਕੁੱਟਮਾਰ ਗਲ਼ਤ ਸੀ। ਪੁਲੀਸ ਦਾ ਕੰਮ ਸੁਰੱਖਿਆ ਦੇਣਾ ਹੁੰਦਾ ਹੈ। ਪਰ ਇੱਥੇ ਪੁਲੀਸ ਦਾ ਵੀ ਨਾਂਹਪੱਖੀ ਰਵੱਈਆ ਦੇਖਣ ਨੂੰ ਮਿਲਿਆ।

ਹੈਰਾਨੀ ਦੀ ਗੱਲ ਹੈ ਕਿ ਦਿੱਲੀ ਪੁਲੀਸ ਨੇ ਬੁਰੀ ਤਰਾਂ ਜ਼ਖ਼ਮੀ ਹੋਈ ਤੇ ਯੂਨੀਵਰਸਿਟੀ ਵਿਦਿਆਰਥੀ ਯੂਨੀਅਨ ਦੀ ਪ੍ਰਧਾਨ ਆਇਸ਼ੀ ਘੋਸ਼ ਦੇ ਖ਼ਿਲਾਫ ਹੀ ਐਫਆਈਆਰ ਦਰਜ ਕਰ ਲਈ ਹੈ। ਬਾਕੀ ਮੁਲਜ਼ਮ ਤੱਕ 'ਅਣਪਛਾਤੇ' ਬਣੇ ਹੋਏ ਹਨ। ਦੂਜੇ ਪਾਸੇ ਹਿੰਦੂ ਰਕਸ਼ਾ ਦਲ ਦਾ ਆਗੂ ਭੁਪਿੰਦਰ ਤੋਮਰ ਸ਼ਰੇਆਮ ਇਸ ਘਟਨਾ ਦੀ ਜ਼ਿੰਮੇਵਾਰੀ ਲੈ ਰਿਹਾ ਹੈ, ਪਰ ਉਸ ਖ਼ਿਲਾਫ਼ ਪੁਲੀਸ ਨੇ ਕੋਈ ਕਾਰਵਾਈ ਨਹੀਂ ਕੀਤੀ। ਉਹ ਜੇਐਨਯੂ ਨੂੰ ਰਾਸ਼ਟਰ ਵਿਰੋਧੀ ਅਤੇ ਹਿੰਦੂ ਵਿਰੋਧੀ ਕਰਾਰ ਦੇ ਕੇ ਭਵਿੱਖ ਵਿਚ ਵੀ ਅਜਿਹੀਆਂ ਵਾਰਦਾਤਾਂ ਕਰਨ ਦੀਆਂ ਧਮਕੀਆਂ ਦੇ ਰਿਹਾ ਹੈ।

ਭਾਰਤ ਵਿਭਿੰਨਤਾਵਾਂ ਵਾਲਾ ਦੇਸ਼ ਹੈ, ਜਿਥੇ ਵੱਖ-ਵੱਖ ਸੋਚਾਂ, ਵਿਚਾਰਧਾਰਾਵਾਂ ਅਤੇ ਸੱਭਿਆਚਾਰਾਂ ਵਾਲੇ ਲੋਕ ਵੱਸਦੇ ਹਨ। ਆਪਣੀ ਵਿਚਾਰਧਾਰਾ ਨੂੰ ਮਨਵਾਉਣ ਜਾਂ ਸਹੀ ਸਾਬਿਤ ਕਰਨ ਲਈ ਭਾਰਤ ਮਾਤਾ ਨੂੰ ਸਿਰਫ ਇਕ ਵਿਚਾਰਧਾਰਾ ਨਾਲ ਜੋੜਨਾ ਗ਼ਲਤ ਹੋਵੇਗਾ। ਇਸ ਲਈ ਜ਼ਰੂਰੀ ਹੈ ਕਿ ਇਸ ਵਾਰਦਾਤ ਦੀ ਪੂਰੀ ਪੜਤਾਲ ਹੋਵੇ ਅਤੇ ਪ੍ਰਬੰਧਕੀ ਵਿਭਾਗ ਆਪਣੀਆਂ ਗਲ਼ਤੀਆਂ ਨੂੰ ਮੰਨ ਕੇ ਉਚਿਤ ਕਾਰਵਾਈ ਕਰੇ।

**-ਸ਼ਿਲਪਾ**

## ਦੂਰ ਨਹੀਂ ਨਨਕਾਣਾ

ਸੰਗਤੇ ਨਨਕਾਣੇ ਚਲੀਏ, ਹੁਣ ਦੂਰ ਨਹੀਂ ਨਨਕਾਣਾ,
ਹੁਣ ਦੂਰ ਨਹੀਂ ਨਨਕਾਣਾ,
ਗੁਰੂ ਨਾਨਕ ਅਵਤਾਰ ਧਾਰਿਆ,ਰਾਇ ਭੋਏ ਤਲਵੰਡੀ।
'ਸਭੇ ਸਾਂਝੀਵਾਲ ਸਦਾਇਨ' ਕੀਤੀ ਨਾ ਕੋਈ ਭੰਡੀ।
ਮਾਂ ਤ੍ਰਿਪਤਾ ਤੇ ਮਹਿਤਾ ਕਾਲੂ, ਜੀ ਨੂੰ ਸੀਸ ਨਿਵਾਣਾਂ,
ਹੁਣ ਦੂਰ ਨਹੀਂ ਨਨਕਾਣਾ,ਕੋਈ ਦੂਰ ਨਹੀਂ ਨਨਕਾਣਾ।
ਗੁਰੂ ਨਾਨਕ ਨੇ ਜਨਮ ਲਿਆ,ਸੰਨ ਚੌਦਾਂ ਸੌ ਉਨੱਤਰ।
ਕਰਤਾਰਪੁਰ ਜੋਤੀ ਜੋਤ ਸਮਾਏ,ਕਰਕੇ ਉਮਰਾਂ ਸੱਤਰ।
'ਬਾਣੀ ਗੁਰੂ ਗੁਰੂ ਹੈ ਬਾਣੀ' ਸਭ ਨੂੰ ਸ਼ਬਦ ਸੁਣਾਣਾ,
ਹੁਣ ਦੂਰ ਨਹੀਂ ਨਨਕਾਣਾ,ਕੋਈ ਦੂਰ ਨਹੀਂ ਨਨਕਾਣਾ।
ਬਾਬਾ ਨਾਨਕ ਪ੍ਰਗਟਿਆ, ਦੁਨੀਆਂ ਦਾ ਸਤਿਕਰਤਾਰ।
'ਏਕ ਨੂਰ ਤੇ ਸਭੁ ਜਗੁ ਉਪਜਿਆ' ਬੋਲੋ ੧ਓਕਾਰ।
ਬਾਣੀ ਪੜਦੇ- ਪੜਦੇ ਸਭ ਨੇ, ਨਾਨਕ ਨਾਮ ਧਿਆਣਾ,
ਹੁਣ ਦੂਰ ਨਹੀਂ ਨਨਕਾਣਾ, ਕੋਈ ਦੂਰ ਨਹੀਂ ਨਨਕਾਣਾ।
ਕਰਤਾਰਪੁਰ ਦਾ ਖੁਲ੍ਹਾ ਲਾਂਘਾ, ਸੰਗਤਾਂ ਦਰਸ਼ਨ ਕਰਨੇ।
ਅਸੀਂ ਮੱਥਾ ਟੇਕਣ ਜਾਣਾ ਜਿੱਥੇ,ਨਾਨਕ ਜੀ ਦੇ ਘਰ ਨੇ।
ਨਨਕਾਣੇ ਸਾਹਿਬ ਸੰਗਤਾਂ ਲੰਗਰ,ਛੱਕਣਾ ਅਤੇ ਛੱਕਾਣਾ,
ਹੁਣ ਦੂਰ ਨਹੀਂ ਨਨਕਾਣਾ, ਕੋਈ ਦੂਰ ਨਹੀਂ ਨਨਕਾਣਾ।
'ਆਪੇ ਬੀਜਿ ਆਪੇ ਹੀ ਖਾਹੁ'ਗੁਰੂ ਨਾਨਕ ਦੇ ਗੁਣ ਗਾਉ।
ਕ੍ਰਿਤ ਕਮਾਈ ਕਰਕੇ ਲੋਕੋ "ਮੰਨ ਚਿੰਦਿਆ ਫਲ "ਪਾਉ।
"ਸੁਹਲ" ਨੌਸ਼ਹਿਰੇ ਵਾਲੇ ਨੇ ਵੀ,ਸੰਗਤ ਦੇ ਨਾਲ ਜਾਣਾ,
ਹੁਣ ਦੂਰ ਨਹੀਂ ਨਨਕਾਣਾ, ਕੋਈ ਦੂਰ ਨਹੀਂ ਨਨਕਾਣਾ।
ਆਉ ਸੰਗਤੇ ਚਲੀਏ, ਹੁਣ ਦੂਰ ਨਹੀਂ ਨਨਕਾਣਾ,
ਕੋਈ ਦੂਰ ਨਹੀਂ ਨਨਕਾਣਾ,

**ਮਲਕੀਅਤ 'ਸੁਹਲ' ਨੌਸ਼ਹਿਰੇ ਵਾਲਾ**

98728-48610

## ਗੱਲਾਂ ਜੰਗ ਦੀਆਂ

# ਲੀਬੀਆ ਦੀ ਜੰਗ ਦੇ ਜਾਨੀ ਦੁਸ਼ਮਣਾਂ ਦੀ ਰੂਸ 'ਚ ਹੋਵੇਗੀ ਬੈਠਕ

**-ਅੰਮ੍ਰਿਤਸਰ ਟਾਈਮਜ਼ ਫ਼ੀਚਰ**

2014 ਤੋਂ ਲੀਬੀਆ ਵਿੱਚ ਚੱਲ ਰਹੇ ਗ੍ਰਹਿ ਯੁੱਧ (ਸਿਵਲ ਵਾਰ) ਦੀਆਂ ਧਿਰਾਂ ਦਰਮਿਆਨ ਇੱਕ ਦਿਨ ਪਹਿਲਾਂ ਹੋਈ ਗੋਲੀਬੰਦੀ ਮਗਰੋਂ ਦੋਵੇਂ ਧਿਰਾਂ ਦੇ ਮੁੱਖ ਆਗੂ (ਜੀਐਨਏ ਮੁਖੀ ਫਾਇਜ਼ ਅਲ-ਸਰਾਜ ਅਤੇ ਬਾਗੀ ਜਰਨੈਲ ਖਲੀਫਾ ਹਫਤਾਰ) ਰੂਸ ਦੀ ਰਾਜਧਾਨੀ ਮੌਸਕੋ ਵਿੱਚ ਪਹੁੰਚੇ ਹਨ ਜਿੱਥੇ ਰੂਸ ਅਤੇ ਤੁਰਕੀ ਦੀ ਵਿਚੋਲਗੀ ਨਾਲ ਇਹਨਾਂ ਦੋਵਾਂ ਆਗੂਆਂ ਦਰਮਿਆਨ ਕਿਸੇ ਸਮਝੌਤੇ ਲਈ ਗੱਲਬਾਤ ਹੋਵੇਗੀ। ਜ਼ਿਕਰਯੋਗ ਹੈ ਕਿ ਰੂਸ ਅਤੇ ਤੁਰਕੀ ਲੀਬੀਆ ਵਿੱਚ ਵੱਖ-ਵੱਖ ਧਿਰਾਂ ਦਾ ਸਹਿਯੋਗ ਕਰ ਰਹੇ ਹਨ। ਪਰ ਬੀਤੇ ਹਫਤੇ ਰੂਸ ਦੇ ਰਾਸ਼ਟਰਤੀ ਵਾਲਦੀਮੀਰ ਪੂਤਿਨ ਨੇ ਤੁਰਕੀ ਪਹੁੰਚ ਕੇ ਤੁਰਕੀ ਦੇ ਰਾਸ਼ਟਰਪਤੀ ਏਰਡੋਗਨ ਨਾਲ ਮੁਲਾਕਾਤ ਕੀਤੀ ਸੀ ਜਿਸ ਮਗਰੋਂ ਇਹ ਗੋਲੀਬੰਦੀ ਦਾ ਐਲਾਨ ਹੋਇਆ ਹੈ ਅਤੇ ਇਹ ਬੈਠਕ ਹੋ ਰਹੀ ਹੈ।

### ਸੀਰੀਆ ਦੀ ਇਸ ਜੰਗ ਦਾ ਪਿਛੋਕੜ

ਗੱਦਾਫੀ ਦਾ ਰਾਜ

ਅਫਰੀਕਾ ਮਹਾਦੀਪ ਦੇ ਉੱਤਰੀ ਹਿੱਸੇ ਵਿੱਚ ਤੇਲ ਦੇ ਭੰਡਾਰਾਂ ਨਾਲ ਭਰਪੂਰ ਦੇਸ਼ ਲੀਬੀਆ ਵਿੱਚ 1969 ਤੋਂ 2011 ਤੱਕ ਮੁਅੱਮਰ ਮੋਹੰਮਦ ਗੱਦਾਫੀ ਨੇ ਰਾਜ ਕੀਤਾ। 2011 'ਚ ਲੀਬੀਆ ਦੇ ਪੂਰਬੀ ਖੇਤਰ ਵਿੱਚੋਂ ਗੱਦਾਫੀ ਦੇ ਰਾਜ ਖਿਲਾਫ ਬਗਾਵਤ ਉੱਠੀ ਤੇ ਪੱਛਮੀ ਦੇਸ਼ਾਂ ਦੀ ਮਦਦ ਨਾਲ ਇਸ ਬਗਾਵਤ ਨੇ ਲੀਬੀਆ 'ਚ ਗੱਦਾਫੀ ਦੇ ਰਾਜ ਦਾ ਤਖਤਾ ਪਲਟ ਦਿੱਤਾ।

**ਗੱਦਾਫੀ**



### ਤਖਤਾ ਪਲਟ ਮਗਰੋਂ ਰਾਜਨੀਤਕ ਸਥਿਤੀ

ਇਸ ਤਖਤਾ ਪਲਟ ਮਗਰੋਂ 23 ਅਕਤੂਬਰ, 2011 ਨੂੰ ਨੈਸ਼ਨਲ ਟ੍ਰਾਂਸੀਸ਼ਨਲ ਕਾਉਂਸਲ (ਐਨਟੀਸੀ) ਨੇ ਲੀਬੀਆ ਦੀ ਅਜ਼ਾਦੀ ਦਾ ਐਲਾਨ ਕੀਤਾ। ਐਨਟੀਸੀ ਵੱਲੋਂ ਅੰਤਰਿਮ ਸਰਕਾਰ ਦਾ ਐਲਾਨ ਕੀਤਾ ਗਿਆ। 14 ਅਕਤੂਬਰ 2012 ਨੂੰ ਚੋਣਾਂ ਮਗਰੋਂ ਅਲੀ ਜ਼ੇਦਾਨ ਨੂੰ ਲੀਬੀਆ ਦਾ ਪ੍ਰਧਾਨ ਮੰਤਰੀ ਚੁਣ ਲਿਆ ਗਿਆ। ਐਨਟੀਸੀ ਨੇ ਆਪਣੀ ਰਾਜਨੀਤਕ ਤਾਕਤ ਦਾ ਤਬਾਦਲਾ ਜਨਰਲ ਨੈਸ਼ਨਲ ਕਾਂਗਰਸ (ਜੀਐਨਸੀ) ਨੂੰ ਕਰ ਦਿੱਤਾ।

### ਇੱਕ ਹੋਰ ਬਗਾਵਤ

14 ਫਰਵਰੀ 2014 ਨੂੰ ਲੀਬੀਆ ਫੌਜ ਦੇ ਜਰਨੈਲ ਖਲੀਫਾ ਹਫਤਾਰ ਨੇ ਸਰਕਾਰ ਖਿਲਾਫ ਬਗਾਵਤ ਦਾ ਐਲਾਨ ਕਰਦਿਆਂ ਜੀਐਨਸੀ ਨੂੰ ਭੰਗ ਕਰਕੇ ਕੇਅਰਟੇਕਰ ਸਰਕਾਰ ਦਾ ਐਲਾਨ ਕਰ ਦਿੱਤਾ। 16 ਮਈ, 2014 ਨੂੰ ਹਫਤਾਰ ਦੀ ਸਮਰਥਕ ਫੌਜ ਨੇ ਤਖਤਾ ਪਲਟ ਕਰਨ ਲਈ ਹਥਿਆਰਬੰਦ ਮੁਹਿੰਮ ਸ਼ੁਰੂ ਕਰ ਦਿੱਤੀ।

### ਟਕਰਾਅ ਦੀਆਂ ਮੁੱਖ ਧਿਰਾਂ

2014 ਤੋਂ ਸ਼ੁਰੂ ਹੋਇਆ ਲੀਬੀਆ ਦਾ ਇਹ ਰਾਜਨੀਤਕ ਟਕਰਾਅ ਮੁੱਖ ਤੌਰ 'ਤੇ ਅੱਜ ਦੇ ਸਮੇਂ ਸੰਯੁਕਤ ਰਾਸ਼ਟਰ ਦੀ ਤਰਫਦਾਰੀ ਪ੍ਰਾਪਤ ਰਾਜਧਾਨੀ ਤ੍ਰਿਪੋਲੀ ਸਥਿਤ ਗਵਰਨਮੈਂਟ ਆਫ ਨੈਸ਼ਨਲ ਅਕਾਰਡ (ਜੀਐਨਏ) ਅਤੇ ਪੂਰਵੀ ਲੀਬੀਆ 'ਚ ਸਥਾਪਤ ਜਰਨੈਲ ਹਫਤਾਰ ਦੀ ਅਗਵਾਈ ਵਾਲੀ ਲੀਬੀਅਨ ਨੈਸ਼ਨਲ ਆਰਮੀ ਦਰਮਿਆਨ ਹੈ।

ਬੀਤੇ ਵਰੇ ਅਪ੍ਰੈਲ ਵਿੱਚ ਜਰਨੈਲ ਹਫਤਾਰ ਦੀ ਅਗਵਾਈ ਵਾਲੀ ਫੌਜ ਨੇ ਤ੍ਰਿਪੋਲੀ 'ਤੇ ਚੜਾਈ ਦਾ ਐਲਾਨ ਕੀਤਾ ਸੀ। ਪਰ ਜੀਐਨਏ ਦੀਆਂ ਫੌਜਾਂ ਨੇ ਹਫਤਾਰ ਦੀਆਂ ਫੌਜਾਂ ਦੀ ਇਸ ਮੁਹਿੰਮ ਨੂੰ ਹੁਣ ਤੱਕ ਡੱਕਿਆ ਹੋਇਆ ਹੈ।

### ਕੌਣ ਕਿਸ ਨਾਲ ?

ਪਰ ਸਾਹਮਣੇ ਦਿਸਦੀਆਂ ਇਹਨਾਂ ਦੋ ਧਿਰਾਂ ਦੇ ਪਿੱਛੇ ਹੋਰ ਬਹੁਤ ਧਿਰਾਂ ਹਨ ਜਿਹੜੀਆਂ ਇਸ ਜੰਗ ਦਾ ਹਿੱਸਾ ਬਣੀਆਂ ਹੋਈਆਂ ਹਨ। ਵੱਖ-ਵੱਖ ਤੱਥਾਂ ਦੀ ਜਾਣਕਾਰੀ ਰਾਹੀਂ ਸਾਹਮਣੇ ਆਇਆ ਹੈ ਕਿ ਇਸ ਜੰਗ ਵਿੱਚ ਯੂਏਈ, ਮਿਸਰ (), ਫਰਾਂਸ, ਰੂਸ, ਅਮਰੀਕਾ, ਸਾਊਦੀ ਅਰਬ, ਸੂਡਾਨ ਜਰਨੈਲ ਹਫਤਾਰ ਦਾ ਸਮਰਥਨ ਕਰ ਰਹੇ ਹਨ। ਜਦਕਿ ਤੁਰਕੀ, ਕਤਰ ਜੀਐਨਏ ਦੇ ਸਮਰਥਨ ਵਿੱਚ ਹਨ। ਇਹ ਸਾਰੇ ਦੇਸ਼ਾਂ ਲੀਬੀਆ ਵਿੱਚ ਲੜ ਰਹੀਆਂ ਇਹਨਾਂ ਧਿਰਾਂ ਨੂੰ ਫੌਜੀ, ਆਰਥਿਕ ਤੋਂ ਲੈ ਕੇ ਕੂਟਨੀਤਕ ਖੇਤਰ ਤਕ ਹਰ ਤਰਾਂ ਦੀ ਮਦਦ ਮੁਹੱਈਆ ਕਰਵਾ ਰਹੇ ਹਨ। ਤੁਰਕੀ ਨੇ ਜੀਐਨਏ ਸਰਕਾਰ ਦੇ ਸਮਰਥਨ ਵਿੱਚ ਆਪਣੇ ਫੌਜੀ ਜਵਾਨਾਂ ਨੂੰ ਵੀ ਲੀਬੀਆ ਭੇਜਿਆ ਹੈ।

ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਅਤੇ ਤੁਰਕੀ ਦੇ ਰਾਸ਼ਟਰਪਤੀ ਏਰਡੋਗਨ

### ਤੇਲ ਦਾ ਭੰਡਾਰ

ਲੀਬੀਆ ਅਫਰੀਕਾ ਮਹਾਂਦੀਪ ਵਿੱਚ ਸਭ ਤੋਂ ਵੱਧ ਤੇਲ ਭੰਡਾਰ ਵਾਲਾ ਦੇਸ਼ ਹੈ ਤੇ ਦੁਨੀਆ ਦੇ ਸਭ ਤੋਂ ਵੱਧ ਤੇਲ ਵਾਲੇ ਦਸ ਦੇਸ਼ਾਂ ਵਿਚੋਂ ਇੱਕ ਹੈ। ਲੀਬੀਆ ਦੇ ਤੇਲ ਦੀ ਇਹ ਖਾਸੀਅਤ ਹੈ ਕਿ ਇਸਨੂੰ ਵਰਤਣਯੋਗ ਬਣਾਉਣ ਲਈ ਹੋਰ ਥਾਵਾਂ ਦੇ ਤੇਲ ਮੁਕਾਬਲੇ ਘਟ ਖਰਚ ਆਉਂਦਾ ਹੈ। ਲੀਬੀਆ ਦੇ ਤੇਲ ਦਾ ਜ਼ਿਆਦਾ ਹਿੱਸਾ ਯੂਰਪੀਨ ਮੁਲਕਾਂ 'ਚ ਜਾਂਦਾ ਹੈ।

## ਸੜਕਨਾਮਾ

# ਮਰਦਾਵੀਂ ਧੌਂਸ ਦੇ ਕਰੂਪ ਚਿਹਰੇ

**-ਬਲਦੇਵ ਸਿੰਘ**

ਦੋਸਤੋ ! ਕਲਕੱਤਾ ਮਹਾਂਨਗਰ ਵਿਚ ਰਹਿੰਦਿਆਂ ਆਪਣੇ ਕਾਰੋਬਾਰ ਦੇ ਚੱਕਰ ਵਿਚ ਭਾਰਤ ਦੇ ਵਿਭਿੰਨ ਖੇਤਰਾਂ ਵਿਚ ਜਾਣ ਦਾ ਮੌਕਾ ਮਿਲਦਾ ਰਿਹਾ ਹੈ। ਕਦੇ ਦੇਰ ਸਵੇਰ ਕਿਸੇ ਡਰਾਉਣੇ ਜੰਗਲ ਵਿਚ ਫਸ ਜਾਂਦੇ ਸੀ। ਕਦੇ ਕਿਸੇ ਖ਼ੂੰਖਾਰ ਜਾਨਵਰ ਦਾ ਸਾਹਮਣਾ ਕਰਨਾ ਪੈ ਜਾਂਦਾ ਸੀ। ਕਦੇ ਰਾਹੋਂ ਭਟਕ ਕੇ ਕਿਸੇ ਜੰਗਲੀ ਕਬੀਲੇ ਦੇ ਅੜਿੱਕੇ ਆ ਜਾਂਦੇ ਸਾਂ। ਉਨਾਂ ਵੇਲਿਆਂ ਨੂੰ ਯਾਦ ਕਰਕੇ ਹੁਣ ਵੀ ਰੌਂਗਟੇ ਖੜੇ ਹੋ ਜਾਂਦੇ ਹਨ।

ਜੰਗ ਵਿਚ ਲੜਦੇ ਫ਼ੌਜੀ ਵਾਂਗ ਡਰਾਈਵਰਾਂ ਦੀ ਜਾਨ ਵੀ ਹਥੇਲੀ ਉੱਪਰ ਰੱਖੀ ਹੁੰਦੀ ਹੈ। ਪਤਾ ਨਹੀਂ ਕਿਸ ਮੋੜ 'ਤੇ ਖੜੀ ਮੌਤ ਇੰਤਜ਼ਾਰ ਕਰ ਰਹੀ ਹੋਵੇ। ਵੱਖ ਵੱਖ ਖੇਤਰਾਂ ਵਿਚ ਵਿਚਰਦਿਆਂ ਅਨੇਕ ਤਰਾਂ ਦੇ ਇਨਸਾਨਾਂ ਨਾਲ ਵਾਹ ਪੈਂਦਾ ਰਿਹਾ। ਬਾਹਰੋਂ ਦਿੱਸਦਾ ਸਾਊ ਮਨੁੱਖ ਅੰਦਰੋਂ ਰਾਖਸ਼ ਵੀ ਹੋ ਸਕਦਾ ਹੈ। ਕੀ ਪਤਾ ਤੁਹਾਨੂੰ ਪਨਾਹ ਜਾਂ ਆਸਰਾ ਦੇਣ ਵਾਲਾ ਬੰਦਾ ਤੁਹਾਡਾ ਕਾਤਲ ਜਾਂ ਲੁਟੇਰਾ ਬਣ ਜਾਵੇ, ਕੀ ਭਰੋਸਾ ?

ਤਰਸ ਕਰਕੇ ਕਿਸੇ ਨੂੰ ਰਸਤੇ ਵਿਚੋਂ ਆਪਣੇ ਟਰੱਕ ਵਿਚ ਬਿਠਾ ਲਿਆ। ਉਸਨੇ ਕਦੇ ਤੁਹਾਡੀ ਵੱਖੀ ਨੂੰ ਛੁਰਾ ਜਾਂ ਪਿਸਤੌਲ ਲਗਾ ਕੇ ਆਖਣਾ ਹੈ- 'ਜੋ ਕੁਝ ਹੈ ਮੇਰੇ ਹਵਾਲੇ ਕਰ।'

ਅੱਜ ਕੱਲ ਤਾਂ ਪੰਜਾਬ ਵਿਚ ਵੀ ਅਜਿਹੀਆਂ ਘਟਨਾਵਾਂ ਵਾਪਰਨ ਲੱਗੀਆਂ ਹਨ। ਲਿਫਟ ਲੈਣ ਵਾਲੇ ਹੀ ਗੱਡੀ ਖੋਹ ਕੇ ਲੈ ਜਾਂਦੇ ਹਨ। ਇਸ ਕਰਕੇ ਅਸੀਂ ਟਰੱਕਾਂ ਵਾਲੇ ਵਾਹ ਲੱਗਦੀ ਕਿਸੇ ਨੂੰ ਲਿਫਟ ਨਹੀਂ ਦਿੰਦੇ।

ਇਕ ਰਾਤ ਉੜੀਆ ਦੇ ਇਕ ਪਿੰਡ ਲਾਗਿਓਂ ਦੀ ਲੰਘ ਰਹੇ ਸਾਂ। ਅਚਾਨਕ ਇਕ ਅਲਫ ਨੰਗੀ ਔਰਤ ਚੀਕਾਂ ਮਾਰਦੀ ਬਾਹਾਂ ਖੜੀਆਂ ਕਰਕੇ ਸੜਕ ਦੇ ਵਿਚਕਾਰ ਆ ਖੜੀ। ਉਹ ਮਰਨਾ ਚਾਹੁੰਦੀ ਸੀ ਜਾਂ ਬਹਾਨੇ ਨਾਲ ਟਰੱਕ ਰੋਕਣਾ ਚਾਹੁੰਦੀ ਸੀ। ਮੈਨੂੰ ਸਮਝ ਨਾ ਆਇਆ। ਲੁਟੇਰਿਆਂ ਵੱਲੋਂ ਵੀ ਗੱਡੀਆਂ ਰੁਕਵਾਉਣ ਲਈ ਅਜਿਹਾ ਦਾਅ ਖੇਡਿਆ ਹੋ ਸਕਦਾ ਹੈ। ਬਾਅਦ ਵਿਚ ਉਹ ਆ ਕੇ ਗੱਡੀਆਂ ਲੁੱਟ ਲੈਂਦੇ ਹਨ।

ਔਰਤ ਨੂੰ ਬਚਾਉਂਦਿਆਂ ਕੱਚੇ ਲਾਹ ਕੇ ਮੈਂ ਗੱਡੀ ਅੱਗੇ ਲੈ ਗਿਆ। ਸਪੀਡ ਹੌਲੀ ਕਰ ਲਈ ਤੇ ਹੋਰ ਅੱਗੇ ਜਾ ਕੇ ਗੱਡੀ ਰੋਕ ਲਈ। ਆਸ ਪਾਸ ਦੇਖਿਆ ਸਭ ਠੀਕ ਸੀ। ਖਲਾਸੀ (ਹੈਲਪਰ) ਨੇ ਪਿੱਛੇ ਮੁੜ ਕੇ ਦੇਖਿਆ।

'ਬਾਈ ਜੀ ਉਹ ਆਪਣੇ ਵੱਲ ਭੱਜੀ ਆਉਂਦੀ ਐ।' ਖਲਾਸੀ ਬੋਲਿਆ।

'ਪਿੱਛੇ ਬੰਦੇ ਤਾਂ ਨੀਂ ਆਉਂਦੇ ?' ਮੈਂ ਪੁੱਛਿਆ।

'ਦਿੱਸਦਾ ਤਾਂ ਕੋਈ ਹੈ ਨੀਂ।' ਖਲਾਸੀ ਨੇ ਦੱਸਿਆ।

ਏਨੇ ਵਿਚ ਉਹ ਸਾਡੇ ਪਾਸ ਆ ਗਈ ਤੇ ਬਾਹਾਂ ਨਾਲ ਆਪਣੇ ਸਰੀਰ ਨੂੰ ਕੱਜਦੀ ਗੁੱਛੀ ਮੁੱਛੀ ਹੋ ਕੇ ਸੜਕ ਕੰਢੇ ਬੈਠ ਕੇ ਰੋਣ ਲੱਗ ਪਈ। ਮੈਂ ਆਸੇ ਪਾਸੇ ਤਾੜਦਾ ਹੇਠਾਂ ਉਤਰ ਆਇਆ। ਮੈਨੂੰ ਵੇਖ ਕੇ ਖਲਾਸੀ ਵੀ ਉਤਰ ਪਿਆ।

ਔਰਤ ਗਿੜਗਿੜਾਈ, 'ਉਹ ਮੈਨੂੰ ਮਾਰ ਦਏਗਾ, ਮੈਨੂੰ ਬਚਾ ਲਓ। ਥੋੜੀ ਦੂਰ ਜਾ ਕੇ ਛੱਡ ਦੇਣਾ।' ਆਖਦਿਆਂ ਉਸਨੇ ਹੱਥ ਜੋੜ ਲਏ ਤੇ ਪਿੱਛੇ ਝਾਕ ਦੀ ਹੋਈ ਉੱਚੀ ਉੱਚੀ ਬੋਲਣ ਲੱਗੀ। ਮੈਂ ਫਿਰ ਚੌਕੰਨਾ ਹੋਇਆ। ਇਹ ਡਰਾਮਾ ਤਾਂ ਨਹੀਂ। ਪਿੱਛੇ ਲੁਟੇਰਿਆਂ ਦੀ ਧਾੜ ਆਉਂਦੀ ਹੋਵੇ।

ਫਿਰ ਵੀ ਮੈਥੋਂ ਪੁੱਛਿਆ ਗਿਆ, 'ਕੌਣ ਮਾਰ ਦਏਗਾ ?'

'ਮੇਰਾ ਪਤੀ।' ਉਹ ਰੋਂਦਿਅ: ਰੋਂਦਿਆਂ ਬੋਲੀ।

ਮੈਂ ਅਜੇ ਵੀ ਇਹ ਨੌਟੰਕੀ ਸਮਝ ਰਿਹਾ ਸੀ। ਪੈਸੇ ਕਮਾਉਣ ਲਈ ਅਜਿਹੀਆਂ ਔਰਤਾਂ ਅਜੀਬ ਅਜੀਬ ਢੰਗ ਵਰਤਦੀਆਂ ਹਨ। ਮੈਂ ਚੁਫੇਰੇ ਤਾੜਦਿਆਂ ਪੁੱਛਿਆ-

'ਕਿਉਂ ਮਾਰੇਗਾ ਤੈਨੂੰ ?'

'ਉਹ ਰੋਜ਼ਾਨਾ ਤਿੰਨ ਚਾਰ ਆਦਮੀ ਲੈ ਕੇ ਆਉਂਦਾ ਹੈ। ਉਹ ਉਸ ਨੂੰ ਮੌੜ ਪਿੰਡ ਦਾ ਪੰਚ ਬਣਾਉਣਗੇ। ਉਹ ਉਸ ਨੂੰ ਸ਼ਰਾਬ ਪਿਲਾਉਂਦੇ ਹਨ, ਪੈਸੇ ਵੀ ਦਿੰਦੇ ਹਨ ਤੇ ਫਿਰ ਉਸਦੇ ਸਾਹਮਣੇ ਮੇਰੇ ਨਾਲ ਖੇਹ।' ਉਹ ਫਿਰ ਰੋਣ ਲੱਗੀ ਤੇ ਹਟਕੋਰੇ ਲੈ ਕੇ ਬੋਲੀ, 'ਅੱਜ ਸੱਤ ਆਦਮੀ ਆ ਗਏ, ਆਖਦਾ ਏ ਇਹ ਮੇਰੀਆਂ ਵੋਟਾਂ ਨੇ, ਤਿੰਨ ਆਦਮੀ ਤਾਂ ਮੈਂ ਬਰਦਾਸ਼ਤ ਕਰ ਲਏ, ਫਿਰ ਬਹਾਨਾ ਲਗਾ ਕੇ ਭੱਜ ਆਈ।'

'ਹੁਣ ਤੂੰ ਕਿੱਥੇ ਜਾਵੇਂਗੀ ?' ਮੈਂ ਪੁੱਛਿਆ।

'ਥੋੜਾ ਦੂਰ ਜਾ ਕੇ ਛੱਡ ਦੇਣਾ, ਆਪਣੀ ਮਾਂ ਕੋਲ ਜਾਵਾਂਗੀ।'

ਮੈਂ ਕੋਈ ਪੀਰ ਪੈਗੰਬਰ ਤਾਂ ਨਹੀਂ ਸੀ, ਪਰ ਉਸਦੀ ਹਾਲਤ ਵੇਖ ਕੇ ਹਮਦਰਦੀ ਆ ਗਈ। ਸਾਡੇ ਟਰੱਕਾਂ ਵਾਲਿਆਂ ਕੋਲ ਗੱਡੀ ਸਾਫ਼ ਕਰਨ ਲਈ ਪੁਰਾਣੀਆਂ ਸਾੜੀਆਂ ਰੱਖੀਆਂ ਹੁੰਦੀਆਂ ਹਨ। ਬੰਗਾਲ ਵਿਚ ਇਹ ਆਮ ਹੀ ਮਿਲਦੀਆਂ ਹਨ। ਕੁਝ ਗ਼ਰੀਬਾਂ ਦਾ ਇਹ ਰੁਜ਼ਗਾਰ ਵੀ ਹੈ। ਗੈਰਜਾਂ ਵਿਚ ਜਾਂ ਟਰੱਕ ਅੱਡਿਆਂ ਉੱਪਰ ਪੁਰਾਣੀਆਂ ਸਾੜੀਆਂ ਵੇਚਣ ਵਾਲੇ ਘੁੰਮਦੇ ਰਹਿੰਦੇ ਹਨ।

'ਇਸ ਨੂੰ ਸਾੜੀ ਦੇ ਕੋਈ।' ਮੈਂ ਖਲਾਸੀ ਨੂੰ ਕਿਹਾ।

ਜਦੋਂ ਉਸ ਨੂੰ ਟਰੱਕ ਦੇ ਕੈਬਿਨ ਵਿਚ ਚੜਾਇਆ ਤਾਂ ਦੇਖਿਆ ਉਸਦੇ ਮੂੰਹ ਉੱਪਰ ਝਰੀਟਾਂ ਸਨ ਤੇ ਖ਼ੂਨ ਸਿੰਮ ਕੇ ਜੰਮਿਆ ਹੋਇਆ ਸੀ। ਉਸ ਨੂੰ ਇਕ ਜਾਣ ਪਛਾਣ ਵਾਲੇ ਢਾਬੇ ਉੱਪਰ ਉਤਾਰ ਕੇ ਅਸੀਂ ਅੱਗੇ ਚਲੇ ਗਏ। ਫਿਰ ਸਾਡਾ ਕਦੇ ਉੱਧਰ ਗੇੜਾ ਨਹੀਂ ਲੱਗਿਆ। ਪਤਾ ਨਹੀਂ, ਉਹ ਆਪਣੀ ਮਾਂ ਕੋਲ ਚਲੀ ਗਈ, ਵਾਪਸ ਚਲੀ ਗਈ ਜਾਂ ਕੋਈ ਵਰਗਲਾ ਕੇ ਲੈ ਗਿਆ।

ਇਸ ਘਟਨਾ ਤੋਂ ਕੁਝ ਮਹੀਨਿਆਂ ਬਾਅਦ ਅਸਾਮ ਦੇ ਇਕ ਕਸਬੇ ਸ਼ਿਬ ਸਾਗਰ ਵਿਚ ਕੱਚਾ ਤੇਲ ਢੋਣ ਦਾ ਠੇਕਾ ਮਿਲਿਆ। ਇੱਥੋਂ ਦੀ ਮਿੱਟੀ ਤੇ ਫਿਜ਼ਾ ਇਸ ਤਰਾਂ ਦੀ ਸੀ ਜਿਵੇਂ ਤੇਲ ਦਾ ਛਿੜਕਾਅ ਕੀਤਾ ਹੋਵੇ। ਕੱਪੜਿਆਂ ਵਿਚੋਂ ਵੀ ਤੇਲ ਦਾ ਮੁਸ਼ਕ ਆਉਣ ਲੱਗ ਜਾਂਦਾ ਸੀ।

ਇਕ ਦੁਪਹਿਰ ਅਚਾਨਕ ਇੱਥੇ ਸਨਸਨੀ ਫੈਲ ਗਈ। ਮੈਂ ਆਪਣੇ ਟਿਕਾਣੇ ਦੇ ਬਾਹਰ ਖੜਾ ਸਾਂ, ਇਕ ਆਦਮੀ ਹੱਥ ਵਿਚ ਮਨੁੱਖ ਦਾ ਕੱਟਿਆ ਹੋਇਆ ਸਿਰ ਵਾਲਾਂ ਤੋਂ ਫੜੀ ਤੇ ਦੂਜੇ ਹੱਥ ਵਿਚ ਲਹੂ ਨਾਲ ਗੜੁੱਚ ਦਾਤਰ ਫੜੀ ਉੱਚੀ ਉੱਚੀ ਗਾਲਾਂ ਕੱਢਦਾ ਲੰਘਿਆ। ਉਸਦੇ ਪਿੱਛੇ 15-20 ਆਦਮੀ ਸਹਿਮੇ ਜਿਹੇ ਜਾ ਰਹੇ ਸਨ। ਕੁਝ ਔਰਤਾਂ ਇਹ ਭਿਆਨਕ ਦ੍ਰਿਸ਼ ਵੇਖ ਕੇ ਚੀਕਾਂ ਮਾਰਦੀਆਂ ਰਾਹ ਛੱਡ ਗਈਆਂ। ਮਨੁੱਖ ਦੇ ਕੱਟੇ ਸਿਰ ਵਿਚੋਂ ਲਹੂ ਵਗ ਰਿਹਾ ਸੀ। ਸ਼ਾਇਦ ਹੁਣੇ ਹੁਣੇ ਉਹ ਵਾਰਦਾਤ ਕਰਕੇ ਆਇਆ ਸੀ।

'ਕਿੱਥੇ ਜਾਵੇਗਾ ਇਹ।' ਮੈਂ ਇਕ ਸਥਾਨਕ ਬੰਦੇ ਨੂੰ ਪੁੱਛਿਆ।

'ਪੁਲਿਸ ਚੌਕੀ। ਲਾਗੇ ਹੀ ਹੈ।' ਉਹ ਬੋਲਿਆ।

ਇਹ ਸਭ ਕੀ ਭਾਣਾ ਹੈ, ਜਾਣਨ ਲਈ ਮੈਂ ਪਿੱਛੇ ਤੁਰ ਪਿਆ। ਕੁਝ ਕਦਮਾਂ ਦੀ ਵਿੱਥ 'ਤੇ ਥਾਣਾ ਸੀ। ਉਸ ਆਦਮੀ ਨੇ ਥਾਣੇ ਜਾ ਕੇ ਥਾਣੇਦਾਰ ਦੀ ਮੇਜ਼ ਉੱਪਰ ਕੱਟਿਆ ਹੋਇਆ ਸਿਰ ਪਟਕ ਦਿੱਤਾ ਤੇ ਲਹੂ ਭਿੱਜਿਆ ਦਾਤਰ ਥਾਣੇਦਾਰ ਵੱਲ ਕਰਕੇ ਬੋਲਿਆ, 'ਇਸ ਹਰਾਮੀ ਨੇ ਮੇਰੀ ਤੀਵੀਂ ਨਾਲ ਇਸ਼ਕ ਕੀਤਾ, ਉਹ ਵੀ ਇਸ ਨਾਲ ਅੱਖ ਲੜਾਉਂਦੀ ਸੀ। ਉਸ ਨਾਲ ਵੀ ਸਿੱਝਾਂਗਾ। ਜੋ ਵੀ ਹਰਾਮੀ ਮੇਰੀ ਤੀਵੀਂ ਵੱਲ ਵੇਖੇਗਾ, ਉਸਦਾ ਸਿਰ ਤੇਰੇ ਮੇਜ਼ 'ਤੇ ਹੋਵੇਗਾ।'

ਉਹ ਜਿਵੇਂ ਆਇਆ ਸੀ, ਉਵੇਂ ਲਹੂ ਭਿੱਜਿਆ ਦਾਤਰ ਫੜੀ ਚਲਾ ਗਿਆ। ਥਾਣੇਦਾਰ ਦਾ ਹਲਕ ਸੁੱਕ ਗਿਆ ਸੀ। ਸ਼ਾਇਦ, ਉਹ ਕੁਝ ਵੀ ਨਹੀਂ ਸੀ ਬੋਲ ਸਕਿਆ। ਮੈਂ ਸੁੰਨ ਹੋਇਆ ਖੜਾ ਸਾਂ। ਇਸ ਤਰਾਂ ਦੇ ਦ੍ਰਿਸ਼ ਫ਼ਿਲਮਾਂ ਵਿਚ ਹੀ ਦੇਖੇ ਜਾ ਸਕਦੇ ਹਨ। ਮੈਨੂੰ ਹੁਣ ਵੀ ਕਦੇ ਕਦੇ ਥਾਣੇਦਾਰ ਦੀ ਮੇਜ਼ ਉੱਪਰ ਮਨੁੱਖ ਦਾ ਕੱਟਿਆ ਸਿਰ ਦਿੱਸਦਾ ਹੈ ਜਿਸ ਦੀਆਂ ਪੱਥਰ ਹੋਈਆਂ ਦੋ ਅੱਖਾਂ ਮੈਨੂੰ ਘੂਰਦੀਆਂ ਜਾਪਦੀਆਂ ਹਨ। ਸੋਚਦਾ ਹਾਂ, ਮਨੁੱਖ ਦੇ ਕਿਹੇ ਕਿਹੇ ਰੂਪ ਹਨ। ਇਕ ਔਰਤ ਨੂੰ ਇਸ ਲਈ ਮਾਰ ਰਿਹਾ ਹੈ ਕਿ ਉਹ ਉਸਦੇ ਆਖੇ ਲੱਗ ਕੇ ਦੂਸਰੇ ਮਰਦਾਂ ਨੂੰ ਖ਼ੁਸ਼ ਨਹੀਂ ਕਰਦੀ। ਦੂਸਰਾ ਮਰਦ ਇਸ ਲਈ ਕਤਲ ਕਰਦਾ ਹੈ ਕਿ ਉਸਦੀ ਔਰਤ ਵੱਲ ਕੋਈ ਅੱਖ ਚੁੱਕ ਕੇ ਵੇਖਦਾ ਹੈ ਜਾਂ ਔਰਤ ਨੇ ਆਪਣੀਆਂ ਇੱਛਾਵਾਂ ਦਹਿਲੀਜ਼ਾਂ ਤੋਂ ਬਾਹਰ ਲੈ ਜਾਣ ਦੀ ਜੁਰੱਅਤ ਕਿਵੇਂ ਕੀਤੀ ? ਅਜਿਹੀਆਂ ਸੋਚਾਂ ਮੈਨੂੰ ਬਹੁਤ ਪ੍ਰੇਸ਼ਾਨ ਕਰਦੀਆਂ ਹਨ, ਕੀ ਤੁਹਾਨੂੰ ਨਹੀਂ ਕਰਦੀਆਂ ?

ਸੰਪਰਕ : 98147-83069

## ਮਾਣ ਦੀ ਗੱਲ: ਕੈਨੇਡਾ ਦੇ...

ਅਤੇ ਸਿੱਖ ਭਾਈਚਾਰੇ ਨਾਲ ਸਾਡੇ ਨਿੱਘੇ ਰਿਸ਼ਤੇ ਦੇ ਸਤਿਕਾਰ ਵਜੋਂ ਮੈਂ ਨਿਊ ਵੈਸਟਮਿਨਸਟਰ ਸ਼ੀਹਰ ਦਾ ਮੇਅਰ ਜੋਨਾਥਨ ਕੋਟ 11 ਜਨਵਰੀ, 2020 ਨੂੰ 'ਭਾਈ ਮੇਵਾ ਸਿੰਘ ਦਿਹਾੜਾ' ਐਲਾਨਦਾ ਹਾਂ।"

### ਆਓ ਜਾਣਦੇ ਹਾਂ ਕਿ, ਕੌਣ ਸੀ ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ ?

ਸ਼੍ਰੋਮਣੀ ਸਾਹਿਤਕਾਰ ਗਿਆਨੀ ਕੇਸਰ ਸਿੰਘ ਕੈਨੇਡੀਅਨ ਵੱਲੋਂ ਦੱਸੀ ਹੱਡਬੀਤੀ ਮੁਤਾਬਕ ਕੈਨੇਡਾ ਦਾ ਇੱਕ ਪ੍ਰਮੁੱਖ ਗੁਰਦੁਆਰਾ ਸੀ ਅਤੇ ਸਵੇਰ ਦੇ ਦੀਵਾਨਾਂ ਦਾ ਸਮਾਂ ਸੀ। ਗਿਆਨੀ ਜੀ ਨੇ ਮੱਥਾ ਟੇਕ ਕੇ, ਕੁਝ ਸਮਾਂ ਦੀਵਾਨ 'ਚ ਵਿਚਾਰਾਂ ਸੁਣੀਆਂ। ਜਦੋਂ ਬਾਹਰ ਆਏ, ਤਾਂ ਮੁਖ ਪ੍ਰਬੰਧਕ ਨੂੰ ਕਹਿਣ ਲੱਗੇ, "ਕਿਉਂ ਬਈ, ਅੱਜ ਮੇਵਾ ਸਿੰਘ ਦਾ ਸ਼ਹੀਦੀ ਦਿਨ ਸੀ। ਉਨਾਂ ਬਾਰੇ ਵੀ ਪ੍ਰੋਗਰਾਮ ਰੱਖ ਲੈਣਾ ਸੀ।" ਨਾਵਲਕਾਰ ਕੇਸਰ ਸਿੰਘ ਦੀ ਹੈਰਾਨੀ ਤੇ ਗੁੱਸੇ ਦੀ ਉਸ ਵੇਲੇ ਕੋਈ ਹੱਦ ਨਾ ਰਹੀ, ਜਦੋਂ ਅੱਗਿਓਂ ਪ੍ਰਬੰਧਕ ਨੇ ਪੁੱਛ ਲਿਆ, "ਮੇਵਾ ਸਿੰਘ ਕੌਣ ਸੀ ?" ਬੱਸ ਫੇਰ ਕੀ ਸੀ, ਤੱਤੇ ਸੁਭਾਅ ਦੇ ਮਾਲਕ ਗਿਆਨੀ ਜੀ ਨੇ ਉਸ ਨੰ ਸਖ਼ਤ ਝਾੜ ਪਾਉਂਦਿਆਂ ਇਥੋਂ ਤੱਕ ਕਹਿ ਦਿੱਤਾ, "ਉਹ ਤੇਰਾ ਪਿਓ ਸੀ। ਓਏ, ਤੁਸੀਂ ਸ਼ਹੀਦ ਮੇਵਾ ਸਿੰਘ ਬਾਰੇ ਪੁੱਛਦੇ ਹੋ, ਉਹ ਕੌਣ ਸੀ ? ਥੋਨੂੰ ਸ਼ਰਮ ਨਹੀਂ ਆਉਂਦੀ, ਜਿਨਾਂ ਦੀ ਕੁਰਬਾਨੀ ਸਦਕੇ ਇਥੇ ਬੈਠੇ ਹੋ, ਅਕ੍ਰਿਤਘਣੋ, ਉਨਾਂ ਨੂੰ ਹੀ ਭੁਲਾਈ ਬੈਠੇ ਹੋ ? ਸ਼ੇਰਾਂ ਦੀਆਂ ਮਾਰਾਂ 'ਤੇ ਗਿੱਦੜ ਕਲੋਲਾਂ ਕਰ ਰਹੇ ਨੇ।" ਦਰਅਸਲ ਇਹ ਤਲਖ ਹਕੀਕਤ ਕਿਸੇ ਇੱਕ ਪ੍ਰਬੰਧਕ ਜਾਂ ਅਸਥਾਨ 'ਤੇ ਹੀ ਨਹੀਂ ਢੁਕਦੀ, ਬਲਕਿ ਦੇਸ਼-ਵਿਦੇਸ਼ਾਂ ਅੰਦਰ ਅਜਿਹੀਆਂ ਅਨੇਕਾਂ ਮਿਸਾਲਾਂ ਮਿਲ ਜਾਂਦੀਆਂ ਹਨ, ਜਦੋਂ ਮੋਢੀ ਯੋਧਿਆਂ ਨੂੰ ਭੁਲਾ ਕੇ ਮੌਕਾਪ੍ਰਸਤ ਲੀਡਰਾਂ ਦੇ ਸੋਹਲੇ ਗਾਏ ਜਾਂਦੇ ਹਨ।

ਸ਼ਹੀਦ ਭਾਈ ਮੇਵਾ ਸਿੰਘ ਕੈਨੇਡਾ 'ਚ ਫਾਂਸੀ ਦਾ ਰੱਸਾ ਚੁੰਮਣ ਵਾਲੇ ਪਹਿਲੇ ਸ਼ਹੀਦ ਸਨ। ਭਾਈ ਮੇਵਾ ਸਿੰਘ ਨੂੰ ਫਾਂਸੀ ਕਿਉਂ ਦਿੱਤੀ ਗਈ, ਇਹ ਇਤਿਹਾਸ ਜਾਨਣਾ ਇਸ ਕਰਕੇ ਵੀ ਜ਼ਰੂਰੀ ਹੈ, ਕਿਉਂਕਿ ਇਹ ਕੁਰਬਾਨੀ ਹੀ ਅੱਗਿਓ ਸ਼ਹੀਦ ਕਰਤਾਰ ਸਿੰਘ ਸਰਾਭਾ, ਸ਼ਹੀਦ ਭਗਤ ਸਿੰਘ ਤੇ ਸ਼ਹੀਦ ਊਧਮ ਸਿੰਘ ਸਣੇ, ਅਨੇਕਾਂ ਗਦਰੀ ਯੋਧਿਆਂ ਤੇ ਆਜ਼ਾਦੀ ਘੁਲਾਟੀਆਂ ਲਈ ਪ੍ਰੇਰਨਾ ਦਾ ਕਾਰਨ ਬਣੀ।

21 ਅਕਤੂਬਰ 1914 ਈ. ਨੂੰ ਵੈਨਕੂਵਰ ਸ਼ਹਿਰ ਦੀ ਬ੍ਰਿਟਿਸ਼ ਕੋਲੰਬਿਆਂ ਪ੍ਰੋਵਿੰਸ਼ਿਅਲ ਕੋਰਟ ਵਿੱਚ, ਇੱਕ ਮੁਕੱਦਮੇ ਦੌਰਾਨ ਭਾਈ ਮੇਵਾ ਸਿੰਘ ਨੇ ਬਦਨਾਮ ਤੇ ਗ਼ੱਦਾਰ, ਐਂਗਲੋ-ਇੰਡੀਅਨ ਅਫਸਰ ਹਾਪਕਿਨਸਨ ਨੂੰ ਸੋਧਿਆ (ਕਤਲ ਕੀਤਾ) ਸੀ ਤੇ ਮਗਰੋਂ ਖ਼ੁਦ ਨੂੰ ਪੁਲਿਸ ਹਵਾਲੇ ਕਰ ਦਿੱਤਾ ਸੀ। ਇਹ ਕਹਾਣੀ ਊਧਮ ਸਿੰਘ ਵਲੋਂ ਲੰਡਨ 'ਚ ਪੰਜਾਬ ਦੇ ਸਾਬਕਾ ਗਵਰਨਰ, ਮਾਈਕਲ ਉਡਵਾਇਰ ਨੂੰ ਸੰਨ 1940 ਵਿੱਚ ਮਾਰਨ ਨਾਲ ਕਾਫੀ ਮਿਲਦੀ ਹੈ, ਫਰਕ ਸਿਰਫ਼ ਏਨਾ ਹੈ ਕਿ ਸ਼ਹੀਦ ਭਾਈ ਮੇਵਾ ਸਿੰਘ ਨੇ ਇਹ ਕਾਰਨਾਮਾ 26 ਸਾਲ ਪਹਿਲਾਂ ਕੀਤਾ ਸੀ, ਜਿਹੜਾ ਇਤਿਹਾਸ ਦੀਆਂ ਕਿਤਾਬਾਂ ਦੇ ਅਣਗੌਲੇ ਪੰਨਿਆਂ ਦੀ ਧੂੜ 'ਚ ਹੀ ਗੁਆਚ ਗਿਆ। ਕਿੰਨਾ ਚੰਗਾ ਹੋਵੇ ਘੱਟੋ-ਘੱਟ ਪੰਜਾਬ ਦੇ ਸਕੂਲਾਂ ਦੀਆਂ ਕਿਤਾਬਾਂ ਵਿੱਚ ਸ਼ਹੀਦ ਭਾਈ ਮੇਵਾ ਸਿੰਘ ਦੀ ਕੁਰਬਾਨੀ ਬਾਰੇ ਪੜਾਇਆ ਜਾਵੇ ਤੇ ਉਨਾਂ ਦੀ ਯਾਦਗਾਰ ਸਥਾਪਤ ਕਰਕੇ, ਆਉਣ ਵਾਲੀਆਂ ਪੀੜੀਆਂ ਨੂੰ ਸੇਧ ਦਿੱਤੀ ਜਾਵੇ।

ਸ਼ਹੀਦ ਭਾਈ ਮੇਵਾ ਸਿੰਘ ਦਾ ਜਨਮ ਪੰਜਾਬ ਦੇ ਅੰਮ੍ਰਿਤਸਰ ਜਿਲੇ 'ਚ ਪੈਂਦੇ ਪਿੰਡ ਲੋਪੋਕੇ, ਤਹਿਸੀਲ ਅਜਨਾਲਾ ਵਿਖੇ ਸੰਨ 1880 ਨੂੰ ਸ. ਨੰਦ ਸਿੰਘ ਔਲਖ ਦੇ ਘਰ ਹੋਇਆ। 20 ਵੀਂ ਸਦੀ ਦੇ ਸ਼ੁਰੂ 'ਚ ਹੋਰਨਾਂ ਪੰਜਾਬੀਆਂ ਵਾਂਗ ਮੇਵਾ ਸਿੰਘ ਵੀ ਸੁਨਹਿਰੀ ਭਵਿੱਖ ਸਿਰਜਨ ਲਈ 1906 ਈਂ ਵਿੱਚ ਵੈਨਕੂਵਰ ਆ ਵਸੇ। ਉਨਾਂ ਦਿਨੀਂ ਕੈਨੇਡਾ ਦੀ ਨਸਲਵਾਦੀ ਸਰਕਾਰ ਏਸ਼ੀਆਈ ਲੋਕਾਂ ਖਿਲਾਫ਼ ਕਾਲੇ ਕਾਨੂੰਨ ਬਣਾ ਰਹੀ ਸੀ, ਜਿਸ ਦੀ ਸਭ ਤੋਂ ਘਿਨਾਉਣੀ ਮਿਸਾਲ, 1907 ਵਿੱਚ ਭਾਰਤੀਆਂ ਤੋਂ ਵੋਟ ਦਾ ਹੱਕ ਵਾਪਸ ਲੈਣਾ ਵੀ ਸ਼ਾਮਿਲ ਸੀ। ਭਾਈ ਮੇਵਾ ਭਾਵੇਂ ਕਿਰਤੀ ਵਜੋਂ ਨਿਊ ਵੈਸਟਮਿਨਿਸਟਰ ਦੀ ਫਰੇਜ਼ਰ ਮਿੱਲ 'ਚ ਕੰਮ ਕਰਦੇ ਸਨ, ਪਰ ਉਨਾਂ ਦਾ ਸੰਪਰਕ ਆਜ਼ਾਦੀ ਲਈ ਜੂਝਣ ਵਾਲੇ ਸਿੱਖ ਆਗੂਆਂ ਨਾਲ ਲਗਾਤਾਰ ਬਣਿਆ ਰਹਿੰਦਾ ਸੀ। ਇੱਥੇ ਇਹ ਵੀ ਸਮਝਣਾ ਜ਼ਰੂਰੀ ਹੈ ਕਿ ਅਜਿਹੇ ਸੱਚੇ-ਸੁੱਚੇ ਮਨੁੱਖਾਂ ਅੰਦਰ ਆਜ਼ਾਦੀ ਦੀ ਚਿਣਗ ਕਿਤੇ ਨਾ ਕਿਤੇ ਅਵਚੇਤਨ ਮਨ ਅਤੇ ਪਰੋਖ ਰੂਪ ਵਿੱਚ ਪਹਿਲਾਂ ਹੀ ਮੌਜੂਦ ਸੀ। ਕੈਨੇਡਾ ਆ ਕੇ ਉਸ ਨੂੰ ਨਸਲਵਾਦ ਅਤੇ ਵਿਤਕਰਿਆਂ ਦੇ ਮਾਹੌਲ ਨੇ ਹੋਰ ਹਵਾ ਦਿੱਤੀ। ਜੋ ਲੇਖਕ ਇਹ ਸਾਬਤ ਕਰਨ ਦੀ ਕੋਸ਼ਿਸ਼ ਕਰਦੇ ਹਨ ਕਿ ਗਦਰੀ ਯੋਧਿਆਂ ਅੰਦਰ ਜਾਗ੍ਰਿਤੀ ਕੇਵਲ ਬਾਹਰਲੇ ਮੁਲਕਾਂ ਜਾਂ ਬਾਹਰੀ ਫਲਸਫਿਆਂ ਕਰਕੇ ਆਈ ਸੀ, ਉਹ ਭੁਲੇਖੇ ਪੈਦਾ ਕਰਦੇ ਹਨ। ਕੈਨੇਡਾ ਦੀ ਪਹਿਲੀ ਸੰਸਥਾ ਖਾਲਸਾ ਦੀਵਾਨ ਸੁਸਾਇਟੀ, ਵੈਨਕੂਵਰ ਦੇ ਪਹਿਲੇ ਗੁਰਦੁਆਰਾ ਸਾਹਿਬ ਦੀ ਸਥਾਪਨਾ ਵਿੱਚ ਭਾਈ ਮੇਵਾ ਸਿੰਘ ਦੀ ਵਿਸ਼ੇਸ਼ ਭੂਮਿਕਾ ਸੀ। ਇਥੇ ਹੀ 21 ਜੂਨ 1908 ਨੂੰ ਭਾਈ ਮੇਵਾ ਸਿੰਘ ਨੇ ਅੰਮ੍ਰਿਤ ਛਕਿਆ ਅਤੇ ਆਪਣਾ ਜੀਵਨ ਜ਼ੁਲਮ ਖਿਲਾਫ਼ ਲੜਨ ਅਤੇ ਸੱਚ 'ਤੇ ਪਹਿਰਾ ਦੇਣ ਨੂੰ ਸਮਰਪਿਤ ਕੀਤਾ। ਹੱਕ ਸੱਚ ਅਤੇ ਇਨਸਾਫ਼ ਲਈ ਮਰ-ਮਿੱਟਣ ਦੀ ਭਾਈ ਸਾਹਿਬ ਦੀ ਭਾਵਨਾ ਇਸ ਗੱਲ ਤੋਂ ਹੋਰ ਵੀ ਸਪੱਸ਼ਟ ਹੁੰਦੀ ਹੈ ਕਿ ਅਜੇ ਉਨਾਂ ਵਿਆਹ ਨਹੀਂ ਸੀ ਕਰਾਇਆ, ਜਦੋਂ ਉਹ ਭਰ ਜੁਆਨੀ 'ਚ ਸ਼ਹੀਦੀ ਪਾ ਗਏ।

ਸ਼ਹੀਦ ਭਾਈ ਮੇਵਾ ਸਿੰਘ ਦੇ ਜੀਵਨ 'ਤੇ ਗੁਰੂ ਨਾਨਕ ਜਹਾਜ਼ (ਕਾਮਾਗਾਟਾਮਾਰੂ ਜਹਾਜ਼) ਨੂੰ ਕੈਨੇਡਾ ਤੋਂ ਵਾਪਿਸ ਮੋੜਨ ਦੀ ਘਟਨਾ ਦਾ ਡੂੰਘਾ ਅਸਰ ਪਿਆ ਸੀ। 23 ਮਈ 1914 ਨੂੰ ਬਾਬਾ ਗੁਰਦਿੱਤ ਸਿੰਘ ਸਰਹਾਲੀ ਦੀ ਅਗਵਾਈ 'ਚ 'ਗੁਰੂ ਨਾਨਕ ਜਹਾਜ਼' ਜਿਸਨੂੰ ਸਮੁੰਦਰੀ ਬੇੜੇ ਕਾਮਾਗਾਟਾਮਾਰੂ ਵਜੋਂ ਜਾਣਿਆ ਜਾਂਦਾ ਹੈ, ਦੇ ਵੈਨਕੂਵਰ ਪੁੱਜਣ 'ਤੇ ਕੈਨੇਡਾ ਸਰਕਾਰ ਨੇ ਉਸ ਦੇ ਮੁਸਾਫਿਰਾਂ ਨੂੰ ਕੈਨੇਡਾ ਦਾਖਿਲ ਹੋਣ ਤੋਂ ਰੋਕ ਦਿੱਤਾ ਸੀ। ਭਾਈ ਮੇਵਾ ਸਿੰਘ ਸਮੇਤ ਉੱਤਰੀ ਅਮਰੀਕਾ 'ਚ ਵਸਦੇ ਸਾਰੇ ਗਦਰੀ ਯੋਧਿਆਂ ਅੰਦਰ, ਇਸ ਘਟਨਾ ਨੇ ਰੋਸ ਦੀ ਲਹਿਰ ਪੈਦਾ ਕਰ ਦਿੱਤੀ। 6 ਜੁਲਾਈ ਨੂੰ ਬੀ.ਸੀ. ਅਪੀਲ ਕੋਰਟ ਨੇ ਜਹਾਜ਼ ਦੇ ਸਵਾਰਾਂ ਖਿਲਾਫ਼ ਫੈਸਲਾ ਸੁਣਾ ਕੇ, ਉਨਾਂ ਨੂੰ ਵਾਪਿਸ ਮੋੜਨ ਦਾ ਰਾਹ ਪੱਧਰਾ ਕਰ ਦਿੱਤਾ। ਅਜਿਹੀ ਸਥਿਤੀ ਵਿੱਚ ਗਦਰੀ ਬਾਬਿਆਂ ਨੇ ਫੈਸਲਾ ਕੀਤਾ ਕਿ ਕਾਮਾਗਾਟਾਮਾਰੂ ਦੇ ਵਾਪਿਸ ਜਾਣ ਤੋਂ ਪਹਿਲਾਂ ਇਸ ਦੇ ਸਵਾਰਾਂ ਰਾਹੀਂ, ਭਾਰਤ ਅੰਦਰ ਗਦਰ ਲਹਿਰ ਦੇ ਸਾਹਿਤ ਤੋਂ ਇਲਾਵਾ ਹਥਿਆਰ ਵੀ ਭੇਜੇ ਜਾਣ ਦਾ ਯਤਨ ਕੀਤਾ ਜਾਵੇ। ਇਸ ਮਕਸਦ ਲਈ ਵੈਨਕੂਵਰ ਦੇ ਆਗੂ ਭਾਈ ਭਾਗ ਸਿੰਘ, ਭਾਈ ਬਲਵੰਤ ਸਿੰਘ, ਭਾਈ ਹਰਨਾਮ ਸਿੰਘ ਕਾਹਰੀ ਸਾਹਰੀ ਸਮੇਤ ਭਾਈ ਮੇਵਾ ਸਿੰਘ ਕੈਨੇਡਾ ਦੀ ਸਰਹੱਦ ਪਾਰ ਕਰਕੇ ਅਮਰੀਕਾ 'ਚ ਦਾਖਿਲ ਹੋਏ, ਜਿਥੋਂ ਹਥਿਆਰ ਖਰੀਦ ਕੇ ਅਗਲੇ ਦਿਨ ਵਾਪਿਸ ਪਰਤੇ। ਕੈਨੇਡਾ ਦੇ ਸ਼ਹਿਰ ਐਬਟਸਫੋਰਡ 'ਚ ਬਾਰਡਰ ਨੇੜਲੀਆਂ ਝਾੜੀਆਂ ਰਾਹੀਂ ਦਾਖਿਲ ਹੁੰਦਿਆਂ, ਭਾਈ ਮੇਵਾ ਸਿੰਘ ਵੀ ਬਾਕੀ ਗਦਰੀ ਆਗੂਆਂ ਸਮੇਤ ਹਥਿਆਰਾਂ ਸਣੇ ਗ੍ਰਿਫ਼ਤਾਰ ਕਰ ਲਏ ਗਏ। ਉਨਾਂ ਨੂੰ ਹਿੰਦ ਸਰਕਾਰ ਦੇ ਸੂਹੀਏ ਵਿਲੀਅਮ ਹਾਪਕਿਨਸਨ ਅਤੇ ਇੰਮੀਗ੍ਰੇਸ਼ਨ ਅਫਸਰ ਮੈਕਲਮ ਹੀਡ ਨੇ, ਕਈ ਤਰਾਂ ਦੀ ਸਜ਼ਾ ਦੇ ਡਰਾਵੇ ਤੇ ਰਿਹਾਈ ਦੇ ਲਾਲਚ ਦੇ ਕੇ ਹੋਰਨਾਂ ਗਦਰੀ ਯੋਧਿਆਂ ਖਿਲਾਫ਼ ਬਿਆਨ ਦੇਣ ਲਈ ਧਮਕਾਇਆ, ਪਰ ਭਾਈ ਮੇਵਾ ਸਿੰਘ ਨੇ ਝੂਠੀ ਗਵਾਹੀ ਦੇਣ ਤੋਂ ਸਾਫ਼ ਇਨਕਾਰ ਕਰ ਦਿੱਤਾ। ਮਗਰੋਂ 7 ਅਗਸਤ ਨੂੰ ਉਨਾਂ ਨੂੰ ਰਿਹਾਅ ਕਰ ਦਿੱਤਾ ਗਿਆ।

ਇਸ ਦੌਰਾਨ ਹੀ 23 ਜੁਲਾਈ ਨੂੰ ਕਾਮਾਗਾਟਾਮਾਰੂ ਜਹਾਜ਼ ਵੈਨਕੂਵਰ ਦੀ ਬੰਦਰਗਾਹ ਤੋਂ ਮੋੜ ਦਿੱਤਾ ਗਿਆ ਸੀ, ਜਿਸ ਕਰਕੇ ਗਦਰੀ ਯੋਧਿਆਂ ਅੰਦਰ ਬ੍ਰਿਟਿਸ਼ ਸਾਮਰਾਜ ਖਿਲਾਫ਼ ਵਿਰੋਧ ਸਿਖਰਾਂ 'ਤੇ ਸੀ। ਉਧਰ 4 ਅਗਸਤ ਨੂੰ ਪਹਿਲਾ ਵਿਸ਼ਵ ਯੁੱਧ ਸ਼ੁਰੂ ਹੁੰਦਿਆਂ ਸਾਰ ਕੈਨੇਡਾ ਤੇ ਅਮਰੀਕਾ ਦੇ ਬਹੁਤ ਸਾਰੇ ਗਦਰੀ ਬਾਬੇ, ਭਾਰਤ ਨੂੰ ਆਜ਼ਾਦ ਕਰਾਉਣ ਲਈ ਰਵਾਨਾ ਹੋਣ ਲੱਗੇ, ਤਾਂ ਇੱਕ ਸਰਕਾਰੀ ਪਿੱਠੂ ਤੇ ਕੌਮੀ ਗੱਦਾਰ ਬੇਲੇ ਜਿਆਣ ਨੇ ਹਾਪਕਿਨਸਨ ਦੀ ਸ਼ਹਿ 'ਤੇ ਵਹਿਸ਼ੀਆਨਾ ਕਾਰਵਾਈ ਕਰਦਿਆਂ, 5 ਸਤੰਬਰ ਨੂੰ ਵੈਨਕੂਵਰ ਦੇ ਗੁਰਦੁਆਰਾ ਸਾਹਿਬ ਵਿਖੇ ਗੋਲੀਆਂ ਚਲਾ ਦਿੱਤੀਆਂ। ਦੀਵਾਨ ਹਾਲ ਅੰਦਰ ਅਰਦਾਸ ਮੌਕੇ ਸੁਸਾਇਟੀ ਦੇ ਪ੍ਰਧਾਨ ਭਾਈ ਭਾਗ ਸਿੰਘ ਅਤੇ ਉਨਾਂ ਨੂੰ ਬਚਾਉਂਦਿਆਂ ਭਾਈ ਬਤਨ ਸਿੰਘ ਸ਼ਹੀਦੀਆਂ ਪਾ ਗਏ। ਗੁਰਦੁਆਰੇ ਅੰਦਰ ਮੌਜੂਦ ਸੰਗਤ ਵਿਚੋਂ ਕਈ ਹੋਰ ਵਿਅਕਤੀ ਜ਼ਖਮੀ ਵੀ ਹੋਏ। ਇਹ ਘਟਨਾ ਕੈਨੇਡਾ ਦੇ ਸਿੱਖ ਇਤਿਹਾਸ ਦਾ ਸਭ ਤੋਂ ਦਰਦਨਾਕ ਪੰਨਾ ਸੀ, ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਸਿੱਖ ਆਗੂਆਂ ਨੂੰ ਸ਼ਹੀਦ ਕੀਤਾ ਗਿਆ ਹੋਵੇ। ਨੌਜਵਾਨ ਭਾਈ ਮੇਵਾ ਸਿੰਘ ਉਸ ਵੇਲੇ ਸੰਗਤਾਂ ਵਿੱਚ ਮੌਜੂਦ ਸਨ, ਜਿਨਾਂ ਦੇ ਹਿਰਦੇ ਨੂੰ ਇਸ ਘਟਨਾ ਨੇ ਵਲੂੰਧਰ ਦਿੱਤਾ। ਉਨਾਂ ਦੀ ਨਜ਼ਰ 'ਚ ਇਸ ਦੁਖਾਂਤ ਲਈ ਹਾਪਕਿਨਸਨ ਤੇ ਰੀਡ ਮੁੱਖ ਦੋਸ਼ੀ ਸਨ, ਜਿਨਾਂ ਵਲੋਂ ਇਹ ਸਾਰਾ ਕਾਰਾ ਕਰਵਾਇਆ ਗਿਆ, ਜਿਵੇਂ ਕੁਝ ਵਰਿਆਂ ਬਾਅਦ ਸੰਨ 1919 'ਚ ਅੰਮ੍ਰਿਤਸਰ ਦੇ ਜਲਿਆਂ ਵਾਲਾ ਬਾਗ਼ 'ਚ ਸ਼ਾਂਤਮਈ ਇਕੱਠ ਤੇ ਗੋਲ਼ੀਆਂ ਚਲਦਿਆਂ ਬੇਕਸੂਰ ਸੈਂਕੜੇ ਲੋਕਾਂ ਦਾ ਸ਼ਹੀਦੀ ਦ੍ਰਿਸ਼ ਵੇਖ ਕੇ ਊਧਮ ਸਿੰਘ ਦਾ ਖ਼ੂਨ ਖੌਲ ਉਠਿਆ ਸੀ ਤੇ ਉਸਨੇ ਖ਼ੂਨੀ ਸਾਕੇ ਲਈ ਜਨਰਲ ਡਾਇਰ ਤੇ ਮਾਈਕਲ ਉਡਵਾਇਰ ਨੂੰ ਦੋਸ਼ੀ ਮੰਨਦਿਆਂ ਸੋਧਣ ਦੀ ਸਹੁੰ ਚੁੱਕੀ ਸੀ। ਝੋਲੀ ਚੁੱਕ ਤੇ ਗ਼ੱਦਾਰ ਬੇਲਾ ਜਿਆਣ ਖਿਲਾਫ਼, ਵੈਨਕੂਵਰ ਦੀ ਸੂਬਾਈ ਅਦਾਲਤ ਵਿੱਚ, ਗੁਰਦੁਆਰੇ ਅੰਦਰ ਗੋਲੀ ਚਲਾ ਕੇ ਸਿੰਘਾਂ ਨੂੰ ਸ਼ਹੀਦ ਕਰਨ ਦਾ ਮੁਕੱਦਮਾ ਚੱਲ ਰਿਹਾ ਸੀ, ਜਿਸ ਵਿੱਚ ਵਿਲੀਅਮ ਹਾਪਕਿਨਸਨ ਗਵਾਹੀ ਦੇਣ ਲਈ ਅਦਾਲਤ ਵਿੱਚ ਪੁੱਜਿਆ। ਅਜੇ ਉਹ ਬਰਾਂਡੇ ਵਿੱਚ ਹੀ ਸੀ, ਜਦੋਂ ਭਾਈ ਮੇਵਾ ਸਿੰਘ ਨੇ ਉਸ ਨੂੰ ਦਬੋਚ ਲਿਆ ਤੇ ਆਪਣੇ ਪਿਸਤੌਲ ਅਤੇ ਰਿਵਾਲਵਰ ਦੋਹਾਂ ਹੱਥਾਂ 'ਚ ਵਾਰੀ -ਵਾਰੀ ਲੈ ਕੇ, ਗੋਲੀਆਂ ਦਾਗ਼ ਦਿੱਤੀਆਂ। ਹਾਪਕਿਨਸਨ ਮੌਕੇ 'ਤੇ ਹੀ ਮਾਰਿਆ ਗਿਆ ਤੇ ਭਾਈ ਸਾਹਿਬ ਨੇ ਖ਼ੁਦ ਨੂੰ ਹਥਿਆਰਾਂ ਸਮੇਤ ਪੁਲਿਸ ਹਵਾਲੇ ਕਰ ਦਿੱਤਾ। 30 ਅਕਤੂਬਰ ਨੂੰ ਭਾਈ ਮੇਵਾ ਸਿੰਘ ਤੇ ਮੁਕੱਦਮੇ ਦੀ ਸੁਣਵਾਈ ਲਈ, ਬੀ.ਸੀ. ਸੁਪਰੀਮ ਕੋਰਟ ਦੇ ਜੱਜ ਮਿਸਟਰ ਆਈਲੇ ਮੌਰੀਸਨ ਵਲੋਂ 12 ਮੈਂਬਰੀ ਜਿਊਰੀ ਚੁਣੀ ਗਈ। ਬਚਾਉ ਪੱਖ ਦੇ ਵਕੀਲ ਮਿਸਟਰ ਵੁੱਡ ਅਤੇ ਸਰਕਾਰੀ ਵਕੀਲ ਮਿਸਟਰ ਟੇਲਰ ਸਨ। ਅਦਾਲਤ 'ਚ ਇੱਕ ਹਜ਼ਾਰ ਦੇ ਕਰੀਬ ਲੋਕ ਹਾਜ਼ਰ ਸਨ। ਇਸ ਮੌਕੇ 'ਤੇ ਭਾਈ ਮੇਵਾ ਸਿੰਘ ਨੇ ਜੋ ਬਿਆਨ ਦਿੱਤੇ, ਉਹ ਬਹਾਦਰੀ ਤੇ ਨਿਡੱਰਤਾ ਪੱਖੋਂ ਖਾਸ ਅਹਿਮੀਅਤ ਰੱਖਦੇ ਸਨ। ਅਦਾਲਤ ਇੰਟਰਪਰੇਟਰ ਮਿਸਟਰ ਡਾਲਟਨ ਵਲੋਂ, ਭਾਈ ਸਾਹਿਬ ਦੇ ਬਿਆਨ ਜੱਜ ਅੱਗੇ ਰੱਖੇ ਗਏ, ਜਿੰਨਾਂ ਨੂੰ ਇਤਿਹਾਸਕਾਰ ਸੋਹਣ ਸਿੰਘ ਪੂਨੀ ਨੇ ਪੰਜਾਬੀ ਵਿੱਚ ਇਉਂ ਲਿਖਿਆ ਹੈ:

"ਮੇਰਾ ਨਾਂ ਮੇਵਾ ਸਿੰਘ ਹੈ, ਮੈਂ ਰੱਬ ਤੋਂ ਡਰਨ ਵਾਲਾ ਬੰਦਾ ਹਾਂ, ਜੋ ਹਰ ਰੋਜ਼ ਅਰਦਾਸ ਕਰਦਾ ਹੈ। ਮੇਰੀ ਜ਼ਬਾਨ ਵਿੱਚ ਐਸੇ ਸ਼ਬਦ ਨਹੀਂ, ਜੋ ਬਿਆਨ ਕਰ ਸਕਣ ਕਿ ਵੈਨਕੂਵਰ ਵਿੱਚ ਮੈਨੂੰ ਕਿਹੜੇ-ਕਿਹੜੇ ਦੁੱਖ, ਮੁਸੀਬਤਾਂ ਅਤੇ ਪ੍ਰੇਸ਼ਾਨੀਆਂ ਝੱਲਣੀਆਂ ਪਈਆਂ ਹਨ... ਅਸੀਂ ਸਿੱਖ ਗੁਰਦੁਆਰੇ 'ਚ ਅਰਦਾਸ ਕਰਨ ਜਾਂਦੇ ਹਾਂ ਪਰ ਇਨਾਂ ਪਾਪੀਆਂ ਨੇ ਗੁਰੁਦਆਰੇ 'ਚ ਗੋਲੀ ਚਲਾਕੇ ਅਤੇ ਭਾਈ ਭਾਗ ਸਿੰਘ ਦਾ ਕਤਲ ਕਰਕੇ, ਗੁਰਦੁਆਰੇ ਦੀ ਪਵਿੱਤਰਤਾ ਭੰਗ ਕੀਤੀ ਹੈ। ਇਨਾਂ ਪਾਪੀਆਂ ਨੇ ਦੋ ਮਾਸੂਮ ਬੱਚਿਆਂ ਨੂੰ ਯਤੀਮ ਬਣਾਇਆ ਹੈ। ਦੁਸ਼ਟਾਂ ਵਲੋਂ ਗੁਰਦੁਆਰੇ 'ਚ ਕੀਤੇ ਇਨਾਂ ਕਾਰਿਆਂ ਨੇ ਮੇਰੇ ਸੀਨੇ 'ਚ ਅੱਗ ਲਾ ਦਿੱਤੀ ਹੈ। ਇਹ ਸਭ ਕਾਸੇ ਲਈ ਮਿਸਟਰ ਰੀਡ ਅਤੇ ਮਿਸਟਰ ਹਾਪਕਿਨਸਨ ਜ਼ਿੰਮੇਵਾਰ ਹਨ। ਮੈਂ ਆਪਣੇ ਭਾਈਚਾਰੇ ਅਤੇ ਆਪਣੇ ਧਰਮ ਦੀ ਅਣਖ ਅਤੇ ਇੱਜ਼ਤ ਲਈ, ਹਾਪਕਿਨਸਨ ਦਾ ਕਤਲ ਕੀਤਾ ਹੈ। ਮੈਂ ਇਹ ਸਭ ਕੁਝ ਬਰਦਾਸ਼ਤ ਨਹੀਂ ਸੀ ਕਰ ਸਕਦਾ। ਜੱਜ ਸਾਹਿਬ, ਜੇ ਇਹ ਸਭ ਕੁਝ ਤੁਹਾਡੇ ਚਰਚ ਵਿੱਚ ਹੋਇਆ ਹੁੰਦਾ, ਤਾਂ ਤੁਸੀਂ ਈਸਾਈਆਂ ਨੇ ਵੀ ਬਰਦਾਸ਼ਤ ਨਹੀਂ ਸੀ ਕਰਨਾ, ਕਿਉਂਕਿ ਅਜਿਹਾ ਕਰਨ ਨਾਲ ਤੁਸੀਂ ਆਪਣੇ ਆਪ ਨੂੰ ਮੁਰਦਾ ਕੌਮ ਸਮਝਣਾ ਸੀ। ਕਿਸੇ ਸਿੱਖ ਲਈ ਵੀ ਗੁਰਦੁਆਰੇ 'ਚ ਇਹ ਸਭ ਕੁਝ ਹੁੰਦਾ ਵੇਖਣ ਨਾਲੋਂ, ਮਰ ਜਾਣਾ ਚੰਗਾ ਹੈ। ਮੈਨੂੰ ਕਿਸੇ ਇਨਸਾਫ਼ ਦੀ ਆਸ ਨਹੀਂ। ਮੈਨੂੰ ਪਤਾ ਹੈ ਕਿ ਮੈ ਹਾਪਕਿਨਸਨ ਨੂੰ ਗੋਲ਼ੀ ਮਾਰੀ ਹੈ ਅਤੇ ਇਸ ਵਾਸਤੇ ਮੈਨੂੰ ਮਰਨਾ ਪਵੇਗਾ। ਮੈ ਇਹ ਬਿਆਨ ਇਸ ਕਰਕੇ ਦੇ ਰਿਹਾ ਹਾਂ ਤਾਂ ਜੋ ਲੋਕਾਂ ਨੂੰ ਪਤਾ ਲੱਗ ਸਕੇ ਕਿ ਸਾਡੇ ਨਾਲ ਕੀ ਵਰਤਾਉ ਹੁੰਦਾ ਰਿਹਾ ਹੈ। ਸਾਨੂੰ ਜੱਜਾਂ ਕੋਲੋਂ, ਪੁਲਿਸ ਕੋਲੋਂ ਜਾਂ ਕਿਸੇ ਹੋਰ ਕੋਲੋਂ ਕਦੀ ਇਨਸਾਫ਼ ਨਹੀਂ ਮਿਲਿਆ ਅਤੇ ਮੈਂ ਆਪਣੀ ਜਾਨ ਇਸੇ ਕਰਕੇ ਦੇ ਰਿਹਾ ਹਾਂ, ਤਾਂ ਜੋ ਲੋਕਾਂ ਨੂੰ ਇਸ ਗੱਲ ਦਾ ਪਤਾ ਲੱਗ ਸਕੇ...।"

ਭਾਈ ਮੇਵਾ ਸਿੰਘ ਦਾ ਵੈਨਕੂਵਰ ਦੀ ਅਦਾਲਤ ਵਿੱਚ ਦਿੱਤਾ ਬਿਆਨ ਇਤਿਹਾਸਕ ਦਸਤਾਵੇਜ਼ ਹੈ, ਜਿਸ 'ਚ ਉਨਾਂ ਪ੍ਰਵਾਸੀਆਂ ਅਤੇ ਘੱਟ ਗਿਣਤੀ ਭਾਈਚਾਰਿਆਂ ਨਾਲ ਹੁੰਦੇ ਵਰਤਾਉ ਦੀ ਦਿਲਕੰਬਾਊ ਤਸਵੀਰ ਪੇਸ਼ ਕੀਤੀ ਹੈ। ਆਪਣੇ ਸ਼ਬਦਾਂ 'ਚ ਕਤਲ ਦੀ ਜ਼ਿੰਮੇਵਾਰੀ ਕਬੂਲਣ ਮਗਰੋਂ ਅਦਾਲਤ ਨੇ ਸਿਰਫ਼ ਇੱਕ ਘੰਟਾ ਚਾਲੀ ਮਿੰਟ 'ਚ ਫੈਸਲਾ ਕਰਦਿਆਂ ਭਾਈ ਸਾਹਿਬ ਲਈ ਸਜ਼ਾ-ਏ-ਮੌਤ ਸੁਣਾ ਦਿੱਤੀ। 11 ਜਨਵਰੀ 1915 ਈ. ਨੂੰ ਨਿਊਵੈਸਟ ਮਿਨਿਸਟਰ ਦੀ ਪ੍ਰੋਵਿੰਸ਼ਿਅਲ ਜੇਲ ਵਿੱਚ ਸਵੇਰੇ ਪੌਣੇ ਅੱਠ ਵਜੇ ਭਾਈ ਮੇਵਾ ਸਿੰਘ ਗੁਰਬਾਣੀ ਦਾ ਸ਼ਬਦ "ਹਰਿ ਜਗੁ ਰੇ ਮਨਾ ਗਾਇ ਲੈ ਜੋ ਸੰਗੀ ਹੈ ਤੋਰੋ" ਗਾਇਨ ਕਰਦਿਆਂ, ਹੱਸਦੇ-ਹੱਸਦੇ ਫਾਂਸੀ ਚੜ ਗਏ। ਜੇਲ ਬਾਹਰ ਹਾਜ਼ਰ ਚਾਰ ਸੌ ਦੇ ਕਰੀਬ ਲੋਕ ਵੈਰਾਗ 'ਚ 'ਸ਼ਹੀਦ ਮੇਵਾ ਸਿੰਘ ਅਮਰ ਰਹੇ' ਦੇ ਨਾਅਰੇ ਲਾ ਕੇ ਧਰਮੀ ਯੋਧੇ ਦੀ ਜੈ ਜੈ ਕਾਰ ਕਰ ਰਹੇ ਸਨ।

ਭਾਈ ਮੇਵਾ ਸਿੰਘ ਲੋਪੋਕੇ ਦੇ ਸ਼ਹੀਦੀ ਦਿਨ 'ਤੇ 11 ਜਨਵਰੀ ਨੂੰ ਕੇਂਦਰੀ ਸਿੱਖ ਅਜਾਇਬ ਘਰ ਸ੍ਰੀ ਅੰਮ੍ਰਿਤਸਰ ਵਿਖੇ ਮਹਾਨ ਗ਼ਦਰੀ ਯੋਧਿਆਂ ਦੀਆਂ ਤਸਵੀਰਾਂ ਸੁਸ਼ੋਭਿਤ ਕੀਤੀਆਂ ਗਈਆਂ ਹਨ। ਇਹਨਾਂ ਤਸਵੀਰਾਂ ਵਿੱਚ ਹੇਠ ਲਿਖੇ ਗਦਰੀ ਸ਼ਹੀਦਾਂ ਦੀਆਂ ਤਸਵੀਰਾਂ ਸ਼ਾਮਲ ਹਨ:

1 ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ ਕੈਨੇਡਾ
2 ਸ਼ਹੀਦ ਭਾਈ ਕਰਮ ਸਿੰਘ ਝਿੰਗੜ
3 ਸ਼ਹੀਦ ਭਾਈ ਬਲਵੰਤ ਸਿੰਘ ਖੁਰਦਪੁਰ ਕੈਨੇਡਾ
4 ਭਾਈ ਬਤਨ ਸਿੰਘ ਕਾਹਰੀ ਕੈਨੇਡਾ
5 ਸ਼ਹੀਦ ਭਾਈ ਭਾਗ ਸਿੰਘ ਭਿੱਖੀਵਿੰਡ ਕੈਨੇਡਾ
6 ਸ਼ਹੀਦ ਭਾਈ ਈਸ਼ਰ ਸਿੰਘ ਢੁੱਡੀਕੇ ਕੈਨੇਡਾ
7 ਸ਼ਹੀਦ ਭਾਈ ਜਗਤ ਸਿੰਘ ਸੁਰ ਸਿੰਘ ਵਾਲਾ ਕੈਨੇਡਾ
8 ਸ਼ਹੀਦ ਭਾਈ ਜਵੰਦ ਸਿੰਘ ਨੰਗਲ ਕਲਾਂ ਕੈਨੇਡਾ
9 ਭਾਈ ਕਰਤਾਰ ਸਿੰਘ ਚੰਦ ਨਵਾਂ ਕੈਨੇਡਾ
10 ਸ਼ਹੀਦ ਭਾਈ ਰਾਮ ਸਿੰਘ ਧਲੇਤਾ ਕੈਨੇਡਾ
11 ਸ਼ਹੀਦ ਭਾਈ ਉਤਮ ਸਿੰਘ ਹਾਂਸ ਕੈਨੇਡਾ
12 ਸ਼ਹੀਦ ਭਾਈ ਬੀਰ ਸਿੰਘ ਬਾਹੋਵਾਲ ਕੈਨੇਡਾ
13 ਸ਼ਹੀਦ ਭਾਈ ਕਰਮ ਸਿੰਘ ਬਬਰ ਦੌਲਤਪੁਰ ਕੈਨੇਡਾ
14 ਸ਼ਹੀਦ ਭਾਈ ਬਤਨ ਸਿੰਘ ਦਲੇਲ ਸਿੰਘ ਵਾਲਾ ਕੈਨੇਡਾ
15 ਭਾਈ ਸਫਾ ਸਿੰਘ ਬਿਲਗਾ ਕੈਨੇਡੀਅਨ
16 ਬੀਬੀ ਹਰਨਾਮ ਕੌਰ ਕੈਨੇਡਾ
17 ਪ੍ਰਿੰਸੀਪਲ ਸੰਤ ਤੇਜਾ ਸਿੰਘ ਮਸਤੂਆਣਾ ਕੈਨੇਡਾ
18 ਗ਼ਦਰ ਪਾਰਟੀ ਦੇ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ

## ਦਾਖਾਂ ਨੇ ਕੈਲੀਫੋਰਨੀਆ ਦੇ ਕਿਸਾਨਾਂ...

ਦਾਖਾਂ ਦੇ ਭਾਅ ਬਾਰੇ ਬਾਰਗੇਨਿੰਗ ਕਰਨ ਵਾਲੀ 350 ਤੋਂ ਵੱਧ ਅੰਗੂਰ ਪੈਦਾ ਕਰਨ ਵਾਲੇ ਕਿਸਾਨਾਂ ਦੀ ਕੋ-ਅਪ੍ਰੇਟਿਵ ਜਥੇਬੰਦੀ ਰੇਜਨ ਬਰਗੇਨਿੰਗ ਐਸੋਸੀਏਸਨ (ਆਰ.ਬੀ.ਏ.) ਦੇ ਮੁਖੀ ਕਾਲੇਮ ਐਚ. ਬੇਰਸਰੀਏਨ ਕੋਲੋਂ ਜਾਣਕਾਰੀ ਲੈਣ ਲਈ ਸੰਪਰਕ ਕੀਤਾ ਗਿਆ ਸੀ ਪਰ ਉਹਨਾਂ ਨਾਲ ਰਾਬਤਾ ਨਹੀਂ ਹੋ ਸਕਿਆ। ਕਾਲੇਮ ਐਚ. ਬੇਰਸਰੀਏਨ ਨੇ ਪਿੱਛੇ ਜਿਹੇ ਜਥੇਬੰਦੀ ਦੇ ਹਿੱਸੇਦਾਰ ਕਿਸਾਨਾਂ ਨੂੰ ਇੱਕ ਪੱਤਰ ਜਾਰੀ ਕੀਤਾ ਸੀ ਜਿਸ ਮੁਤਾਬਕ 'ਸਨਮੇਡ' ਨੇ ਉਹਨਾਂ ਦੇ ਉਤਪਾਦਨ ਦਾ ਭਾਅ 1800 ਡਾਲਰ ਪ੍ਰਤੀ ਟਨ ਤੈਅ ਕੀਤਾ ਹੈ ਜਦਕਿ ਇਹ ਭਾਅ ਘੱਟੋ ਘੱਟ 2150 ਡਾਲਰ ਵਾਰਾ ਖਾਂਦਾ ਹੈ। ਹਾਲਾਂਕਿ ਸਨਮੇਡ ਸਮੇਤ 11 ਹੋਰਨਾਂ ਪੈਕਰ ਕੰਪਨੀਆਂ ਨੇ 2150 ਡਾਲਰਾਂ ਦੇ ਭਾਅ 'ਤੇ ਆਪਣੀ ਸਹਿਮਤੀ ਦੇ ਦਿਤੀ ਸੀ ਪਰ ਸਨਮੇਡ ਨੇ ਅਚਾਨਕ ਇਸ ਸਾਂਝ ਤੋਂ ਪਾਸਾ ਵੱਟ ਲਿਆ ਅਤੇ ਪਹਿਲੇ ਤੈਅ ਕੀਤੇ ਗਏ 2150 ਡਾਲਰਾਂ ਦੇ ਐਲਾਨ ਤੋਂ ਆਪਣੇ ਆਪ ਨੂੰ ਵੱਖ ਕਰ ਲਿਆ। ਸਨਮੇਡ ਵੱਲੋਂ ਭਾਅ ਘੱਟ ਕੀਤੇ ਜਾਣ ਦੇ 12 ਮਹੀਨਿਆਂ ਦੇ ਅੰਦਰ ਹੀ ਅਗਲਾ ਕੈਲੀਫੋਰਨੀਆ ਤੋਂ ਦਾਖਾਂ ਦਾ ਅਗਲਾ ਉਤਪਾਦਨ 262,463 ਟਨਾਂ ਤੋਂ 55,451 ਟਨ ਘਟ ਕੇ 207,012 ਟਨਾਂ ਤੱਕ ਰਹਿ ਗਿਆ। ਪੈਕਿੰਗ ਕੰਪਨੀ ਵੱਲੋਂ ਦਬਾਅ ਬਣਾ ਕੇ ਸਖਤੀ ਵਾਲਾ ਇਹ ਫੈਸਲਾ ਲਿਆ ਗਿਆ ਕਿ ਉਹ ਇੱਕ ਤੈਅਸੁਦਾ ਭਾਅ ਨਹੀਂ ਮਿਥਣਗੇ ਬਲਕਿ ਇਸ ਲਈ ਮਾਰਕੀਟ ਦਾ ਉਤਰਾਅ ਚੜ੍ਹਾਅ ਮੱਦੇਨਜਰ ਰਖਿਆ ਜਾਵੇਗਾ। ਕਾਲੇਮ ਐਚ. ਬੇਰਸਰੀਏਨ ਮੁਤਾਬਕ ਦਾਖਾਂ ਦੀ ਇੰਡਸਟਰੀ ਇਸ ਵੇਲੇ ਔਖੇ ਸਮੇਂ 'ਚੋਂ ਲੰਘ ਰਹਿ ਹੈ ਅਤੇ ਅੱਗੇ ਕੋਈ ਹੱਲ ਨਜਰੀਂ ਪੈਂਦਾ ਨਹੀਂ ਜਾਪਦਾ।

ਵੈਲੀ ਦੀ ਰੇਜਨ ਇੰਡਸਟਰੀ 'ਤੇ ਮੰਦਰ ਰਹੇ ਖਤਰੇ ਦੇ ਬੱਦਲਾਂ ਦਾ ਹਾਲ ਦੀ ਘੜੀ ਕੋਈ ਸਾਰਥਕ ਹੱਲ ਦਿਖਾਈ ਨਹੀਂ ਦੇ ਰਿਹਾ। ਖਿੱਤੇ 'ਚ ਪਾਣੀ ਦੀ ਘਾਟ ਹਰ ਸਾਲ ਪਹਿਲੇ ਨਾਲੋਂ ਵਧਦੀ ਜਾ ਰਹੀ ਹੈ। ਮੌਸਮ ਦੇ ਬਦਲਣ ਨਾਲ ਵੀ ਫਸਲਾਂ ਦੇ ਝਾੜ ਬਾਰੇ ਪੱਕ ਨਾਲ ਪੇਸਨਿਗੋਈ ਨਹੀਂ ਕੀਤੀ ਜਾ ਸਕਦੀ ਇਸ ਲਈ ਸਿਰਫ ਦਾਖਾਂ ਹੀ ਨਹੀਂ ਬਦਾਮ, ਅਖਰੋਟ ਅਤੇ ਹੋਰਨਾਂ ਫਸਲਾਂ 'ਤੇ ਵੀ ਇਸ ਦਾ ਪਰਛਾਵਾਂ ਪੈਣ ਦੀ ਸੰਭਾਵਨਾ ਬਣਦੀ ਜਾ ਰਹੀ ਹੈ। ਅਜਿਹੇ 'ਚ ਆਰ. ਬੀ.ਏ. ਅਤੇ ਸਥਾਨਕ ਪੱਧਰ ਦੇ ਦੂਜੇ ਪੈਕਰਾਂ ਵੱਲੋਂ ਰੇਜਨ ਇੰਡਸਟਰੀ ਨੂੰ ਬਚਾਈ ਰੱਖਣ ਦਾ ਹੰਭਲਾ ਮਾਰੀਆ ਜਾ ਰਿਹਾ ਹੈ. ਆਉਂਦੇ 3-4 ਸਾਲਾਂ ਤੱਕ ਇਸ ਦਾ ਕੋਈ ਹੱਲ ਨਿਕਲ ਆਉਣ ਬਾਰੇ ਆਸ ਕੀਤੀ ਜਾ ਰਹੀ ਹੈ।

## ਅੱਗ ਦੀ ਮਾਰ ਅਤੇ ਆਸਟ੍ਰੇਲੀਆ...

ਪਰ ਉਸ ਤੋਂ ਪਹਿਲਾਂ ਉਹੀ ਨੌਜਵਾਨ ਬੋਲ ਪਿਆ ਕਹਿੰਦਾ "ਬੇ ਫ਼ਿਕਰ ਹੋ ਜਾਓ ਇਹ ਬਾਬਾ ਨਾਨਕ ਜੀ ਦਾ ਲੰਗਰ ਹੈ ਤੇ ਕਦੇ ਤੋਟ ਨਹੀਂ ਆਉਂਦੀ।"

ਹੁਣ ਤੁਸੀਂ ਆਪ ਹੀ ਮੇਰੀ ਉਸ ਵੇਲੇ ਦੀ ਹਾਲਾਤ ਸਮਝ ਲਵੋ, ਮੇਰੇ ਤੋਂ ਅੱਖਰਾਂ 'ਚ ਬਿਆਨ ਨਹੀਂ ਹੁੰਦੀ। ਬੱਸ ਮੈਂ ਇਨਾਂ ਕੁ ਪੁੱਛ ਸਕਿਆ ਦੋਸਤ ਮੈਂ ਤੁਹਾਡਾ ਨਾਮ ਤਾਂ ਪੁੱਛਣਾ ਭੁੱਲ ਗਿਆ ? ਇਸੇ ਦੌਰਾਨ ਮੈਨੂੰ ਉਸ ਦੀ ਹਿੱਕ ਤੇ ਧਾਗੇ ਨਾਲ ਕੱਢਿਆ ਨਾਂ ਜੋ ਕੁਝ ਡੀ ਤੋਂ ਸ਼ੁਰੂ ਹੁੰਦਾ ਦਿਸਿਆ। ਉਸ ਨੇ ਛੇਤੀ ਦਿਨੇ ਉਸ ਤੇ ਹੱਥ ਰੱਖ ਕੇ ਕਿਹਾ "ਦੋਸਤ ਇਹ ਤਾਂ ਸਰਕਾਰੀ ਨਾਮ ਹੈ ਪਰ ਮੈਨੂੰ ਤਾਂ ਉਹ ਲੋਕ ਚੰਗੇ ਲਗਦੇ ਹਨ ਜੋ ਮੈਨੂੰ ਰਣਧੀਰ ਸਿੰਘ ਕਹਿ ਕੇ ਬੁਲਾਉਂਦੇ ਹਨ। ਏਨਾ ਕਹਿ ਕੇ ਤੇਜ਼ੀ ਨਾਲ ਫ਼ਤਿਹ ਬੁਲਾ, ਮੇਰੇ ਮਨ 'ਚ ਅਣਗਿਣਤ ਸੁਆਲ ਛੱਡ ਰਣਧੀਰ ਸਿੰਘ ਦੂਰ ਲੱਗੀ ਅੱਗ ਦੇ ਰਣ 'ਚ ਜਾ ਗੱਜਿਆ।

2019 'ਚ ਲੇਖ ਲਿਖਣ ਬੈਠਾ ਸੀ ਤੇ 2020 ਚੜ ਗਿਆ ਸੋ ਸਾਰੀਆਂ ਜੁੜੀਆਂ ਤੇ ਅਨ ਜੁੜੀਆਂ ਰੂਹਾਂ ਨੂੰ ਮੇਰੇ ਅਤੇ ਸਾਡੇ ਅਦਾਰਿਆਂ ਵੱਲੋਂ ਨਵੇਂ ਸਾਲ ਦੀਆਂ ਮੁਬਾਰਕਾਂ ਅਤੇ ਸਰਬੱਤ ਦੇ ਭਲੇ ਦੀ ਅਰਦਾਸ।

## ਕਿੰਨੀ ਕੁ ਮਹਿਫੂਜ਼ ਹੈ ਕਸ਼ਮੀਰੀਅਤ ?

'ਅਸੀਂ ਵਿਰੋਧ 'ਚ ਹਾਂ, ਪਰ ਸਾਨੂੰ ਵਿਰੋਧ ਵੀ ਨਹੀਂ ਕਰਨ ਦਿੱਤਾ ਜਾਂਦਾ, ਘਰਾਂ ਵਿੱਚ ਕੈਦ ਹਾਂ ਅਸੀਂ, 4-5 ਮਹੀਨੇ ਤੋਂ ਅਸੀਂ ਘਰਾਂ ਵਿੱਚ ਹੀ ਹਾਂ। ਕਾਨੂੰਨ ਵੀ ਇਨਾਂ ਦਾ ਹੀ ਹੈ, ਸਾਡੇ ਲਈ ਕੁੱਝ ਵੀ ਨਹੀਂ, ਅਦਾਲਤ ਵੀ ਇਨਾਂ ਦੀ ਹੈ...ਅਸੀਂ ਨਿਆਂ ਲਈ ਕਿੱਥੇ ਜਾਈਏ ?'

ਪਰਵੀਨਾ ਐਂਹਗਰ (ਚੇਅਰਪਰਸਨ ਏਪੀਡੀਪੀ, ਇਨਾਂ ਨੂੰ ਕਸ਼ਮੀਰ ਦੀ ਲੋਹ ਬੀਬੀ ਵਜੋਂ ਵੀ ਜਾਣਿਆ ਜਾਂਦਾ ਹੈ)

"ਮੈਂ ਸਿੱਧਾ ਬੋਲਾਂ ਤਾਂ ਇਸ ਧਾਰਾ 370 ਦਾ ਵਜੂਦ ਕਦੋਂ ਦਾ ਖਤਮ ਸੀ ਇਸ ਵਿਚ ਇਕੱਲੀ ਬੀ.ਜੇ.ਪੀ. ਨਹੀਂ ਸਬ ਪਾਰਟੀਆਂ ਨੇ ਰੋਲ ਅਦਾ ਕੀਤਾ ਹੈ। ਇਸ ਧਾਰਾ ਦਾ ਜੇ ਸਹੀ ਪਾਲਣ ਹੁੰਦਾ ਤਾਂ ਤੁਸੀਂ ਜੰਮੂ ਕਸ਼ਮੀਰ ਵਿਚ ਆਈ.ਏ.ਐਸ ਅਫਸਰ ਤੱਕ ਵੀ ਨਹੀਂ ਲਗਾ ਸਕਦੇ ਸੀ। ਇਸ ਕਰਕੇ ਇਹ ਕਹਿਣ 'ਚ ਕੋਈ ਅਤਿ ਕਥਨੀ ਨਹੀਂ ਕਿ ਇਸ ਦੀਆਂ ਧੱਜੀਆਂ ਪਹਿਲਾਂ ਹੀ ਉੱਡ ਚੁੱਕੀਆਂ ਸਨ। ਬੀ.ਜੇ.ਪੀ ਨੇ ਇੱਕ ਟੈਂਪਰੇਰੀ ਵੀਜਨ ਨੂੰ ਹਟਾਇਆ ਹੈ। ਬਾਕੀ ਇੱਕ ਕਸ਼ਮੀਰੀ ਸਿੱਖ ਹੋਣ ਦੇ ਨਾਤੇ ਮੈਂ ਇਹ ਕਹਾਂਗਾ ਕਿ ਸਾਡਾ ਸ਼ੁਰੂ ਤੋਂ ਹੀ ਮਾਈਨੋਰਟੀ ਸਟੇਟਸ ਨੂੰ ਲੈ ਕੇ ਇੱਥੇ ਸੰਘਰਸ਼ ਰਿਹਾ ਹੈ। ਅਸੀ ਕੰਪੇਨ ਵਿੱਚ 55000 ਸਿਗਨੇਚਰ ਇਕੱਠੇ ਕੀਤੇ ਸਨ ਤੇ ਮਹਿਬੂਬਾ ਮੁਫਤੀ ਜੀ ਕੋਲ ਗਏ ਸਨ ਉਨਾਂ ਸਾਫ ਮਨਾ ਕਰ ਦਿੱਤਾ ਕਿ 370 ਹੈ ਇਥੇ, ਤੁਹਾਡੀਆਂ ਮੰਗਾਂ ਨਾ-ਮੁਮਕਿਨ ਹਨ। ਅਸੀਂ ਸੁਪਰੀਮ ਕੋਰਟ ਵਿੱਚ ਵੀ ਗਏ। ਪੀਡੀਪੀ ਦੇ ਨੇਤਾਵਾਂ ਨੇ ਰਿੱਟ ਪਾਈ ਕਿ ਇਹ ਮੰਨਣਯੋਗ ਨਹੀਂ ਹਨ। ਮਤਲਬ ਹਰ ਵਾਰ 370 ਅੜਿੱਕਾ ਰਹੀ ਹੈ ਸਾਡੀ ਇਸ ਮੰਗ 'ਚ, ਹੁਣ ਵੇਖਦੇ ਹਾਂ ਇਸਦੇ ਹੱਟਣ ਨਾਲ ਸਾਡੀਆਂ ਮੰਗਾਂ ਪੂਰੀਆਂ ਹੁੰਦੀਆਂ ਹਨ ਜਾਂ ਨਹੀਂ। ਜੰਮੂ ਵਿੱਚ 5 ਲੱਖ ਸਿੱਖ ਰਫਿਊਜੀਆਂ ਨੂੰ ਉਨਾਂ ਦਾ ਹੱਕ ਮਿਲਦਾ ਹੈ ਜਾਂ ਨਹੀਂ। ਬਾਕੀ ਵਕਤ ਦੱਸੇਗਾ ਇਸ ਬਾਰੇ..... ਨਹੀਂ ਤਾਂ ਸਾਡੇ ਲਈ ਇਹ ਸਬ ਬੇਮਾਈਨੇ ਹੈ।'

-ਅਮਨਦੀਪ ਸਿੰਘ, (ਚੇਅਰਪਰਸਨ, ਸਿੱਖ ਯੂਥ ਆਫ ਕਸ਼ਮੀਰ)

'ਇਸ ਨੂੰ ਪ੍ਰਵਾਨ ਤਾਂ ਅਸੀਂ ਕਿਵੇਂ ਕਰਾਂਗੇ! ਮੇਰੀ ਨਜ਼ਰ ਵਿਚ ਤੁਸੀਂ ਕੋਈ ਵੀ ਚੀਜ ਧੱਕੇ ਨਾਲ ਨਹੀਂ ਮਨਵਾ ਸਕਦੇ। 1953 ਤੋਂ ਬਾਅਦ ਰਾਸ਼ਟਰਪਤੀ ਹੁਕਮ ਲਿਆ-ਲਿਆ ਕੇ ਇਸ ਨੂੰ ਖੋਖਲਾ ਕਰ ਦਿੱਤਾ ਗਿਆ ਸੀ। ਹੁਣ ਰਹਿ ਗਿਆ ਸੀ ਇੱਕ ਸੈੱਲ ਜਿਸ ਵਿਚ ਲੈਂਡ ਤੇ ਨੌਕਰੀਆਂ ਸਨ। ਜਿਸਨੂੰ ਹਟਾਇਆ ਗਿਆ। ਉਦਾਹਰਣ ਲਵੋ, ਦਸੰਬਰ ਵਿਚ ਸਰਕਾਰ ਨੇ ਜੰਮੂ ਕਸ਼ਮੀਰ ਵਿਚ ਨੌਕਰੀਆਂ ਲਈ ਪੂਰੇ ਭਾਰਤ ਤੋਂ ਅਰਜੀਆਂ ਮੰਗੀਆਂ, ਪਰ ਇਹ ਫੈਸਲਾ ਹਫਤੇ ਦੇ ਵਿੱਚ-ਵਿੱਚ ਕੋਰਟ ਨੂੰ ਵਾਪਸ ਲੈਣਾ ਪਿਆ, ਕਸ਼ਮੀਰ ਦੀ ਛੱਡੋ, ਜੰਮੂ ਵਾਲਿਆਂ ਨੇ ਵਿਰੋਧ ਕਰ ਦਿੱਤੇ ਸੀ ਕਿ ਇਹ ਨੌਕਰੀਆਂ 'ਤੇ ਬਾਹਰ ਵਾਲੇ ਨਹੀਂ ਸਟੇਟ ਦਾ ਹੱਕ ਹੈ,, ਹੁਣ ਤੁਸੀਂ ਜੰਮੂ ਵਾਲਿਆਂ ਤੋਂ ਪੁੱਛੋ ਜੋ ਹਟਾਉਣ ਤੋਂ ਖੁਸ਼ ਸਨ ਉਹ ਹੁਣ ਇਸ ਨੂੰ ਕਿਉਂ ਨਹੀਂ ਸਵੀਕਾਰ ਰਹੇ।"

-ਸੁਹੇਲ .ਐਚ. (ਕੌਮਾਂਤਰੀ ਪੱਧਰ 'ਤੇ ਨਾਮਵਰ ਕਾਰਟੂਨਿਸਟ)

'ਜਨਤਾ ਨੂੰ ਚੁੱਪ ਕਰਵਾ ਦਿੱਤਾ ਗਿਆ ਹੈ। ਉਹ ਹਲੇ ਤੱਕ ਸ਼ੋਕ ਵਿੱਚ ਨੇ, ਸਮਝ ਨਹੀਂ ਆ ਰਹੀ ਕੀ ਕੀਤਾ ਜਾਵੇ। ਸਾਡੇ ਲੀਡਰ ਜੇਲ ਵਿੱਚ ਹਨ। ਸਭ ਬੇਵਸ ਹਨ। ਖੁਦਾ ਜਾਣਦਾ ਇਹ ਸਾਲ ਕਿਵੇਂ ਜਾਵੇਗਾ, ਇਹ ਕਸ਼ਮੀਰ ਹੈ ਇਥੇ ਕੁੱਝ ਵੀ ਨਹੀਂ ਪਤਾ ਚਲਦਾ ਅਗਲੇ ਅੱਧੇ ਘੰਟੇ 'ਚ ਕੀ ਹੋਵੇਗਾ।'

-ਉਮਰ ਆਸਿਫ਼, (ਪੱਤਰਕਾਰ)

## ਦਸ਼ਮੇਸ਼ ਪੁਰਬ ਸਮਾਗਮ ਦੌਰਾਨ ਮੰਡਾਲਾ...

ਗੁਰਮਤਿ ਸਮਾਗਮ ਦੌਰਾਨ ਇਸ ਮੌਕੇ ਪੰਦਰਾ ਗਰੀਬ ਪਰਿਵਾਰ ਨੇ ਸਿਖ ਧਰਮ ਵਿਚ ਸ਼ਾਮਲ ਹੋਣ ਦਾ ਐਲਾਨ ਕੀਤਾ ਤੇ ਸਿਖ ਤੋਂ ਬਣਿਆ ਇਕ ਇਸਾਈ ਪਰਿਵਾਰ ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਦੇ ਪ੍ਰਚਾਰ ਤੋਂ ਪ੍ਰਭਾਵਿਤ ਹੁੰਦਿਆਂ ਮੁੜ ਸਿਖ ਧਰਮ ਵਿਚ ਸ਼ਾਮਲ ਹੋ ਗਿਆ। ਜਥੇਦਾਰ ਪਰਮਿੰਦਰਪਾਲ ਸਿੰਘ ਖਾਲਸਾ, ਜਥੇਦਾਰ ਸੁਖਦੇਵ ਸਿੰਘ ਭੌਰ, ਜਥੇਦਾਰ ਜਗਜੀਤ ਸਿੰਘ ਗਾਬਾ, ਸੁਰਿੰਦਰਪਾਲ ਸਿੰਘ ਗੋਲਡੀ ਸੀਨੀਅਰ ਮੀਤ ਪ੍ਰਧਾਨ ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ, ਡਾ. ਗੁਰਵਿੰਦਰ ਸਿੰਘ ਧਾਲੀਵਾਲ ਪ੍ਰਧਾਨ ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਕੈਨੇਡਾ, ਪ੍ਰੋ. ਬਲਵਿੰਦਰਪਾਲ ਸਿੰਘ ਨੇ ਸਿਖ ਸੇਵਕ ਸੁਸਾਇਟੀ ਵਲੋਂ ਸਭਨਾਂ ਪਰਿਵਾਰਾਂ ਨੂੰ ਸਿਰੋਪੇ ਤੇ ਮੈਡਲ ਨਾਲ ਸਨਮਾਨਿਤ ਕੀਤਾ। ਮੈਡੀਕਲ ਕੈਂਪ ਦਾ ਉਦਘਾਟਨ ਭਾਈ ਬਲਬੀਰ ਸਿੰਘ ਨਿੱਝਰ ਪ੍ਰਧਾਨ ਸਿੰਘ ਸਭਾ ਗੁਰਦੁਆਰਾ ਸਰੀ ਨੇ ਕੀਤਾ। ਜਥੇਦਾਰ ਪਰਮਿੰਦਰਪਾਲ ਸਿੰਘ ਖਾਲਸਾ ਤੇ ਪ੍ਰੋ. ਬਲਵਿੰਦਰਪਾਲ ਸਿੰਘ ਨੇ ਇਸ ਮੌਕੇ ਖਾਲਸਾ ਪੰਥ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਸਿੱਖ ਧਰਮ ਦੀ ਵਾਪਸੀ ਲਹਿਰ ਦੇ ਵਿਚ ਸ਼ਾਮਲ ਹੋਵੋ ਤੇ ਸਹਿਯੋਗ ਦਿਓ। ਇਹ ਲਹਿਰ ਸਾਰੇ ਪਿੰਡਾਂ ਵਿਚ ਫੈਲਣੀ ਚਾਹੀਦੀ ਹੈ ਤੇ ਗਰੀਬਾਂ ਨੂੰ ਸਿੱਖ ਧਰਮ ਨਾਲ ਜੋੜਨਾ ਚਾਹੀਦਾ ਹੈ। ਪਿੰਡ ਦੇ ਗੁਰਦੁਆਰਿਆਂ ਨੂੰ ਪ੍ਰਮੁਖ ਕੇਂਦਰ ਬਣਾ ਕੇ ਪਿੰਡਾਂ ਦਾ ਸੁਧਾਰ ਕੀਤਾ ਜਾਵੇ। ਉਹਨਾਂ ਕਿਹਾ ਕਿ ਉਹਨਾਂ ਦਾ ਅਗਲਾ ਪੜਾਅ ਗਰੀਬ ਬੱਚੀਆਂ ਦੀ ਵਿਦਿਆ ਦਾ ਹੋਵੇਗਾ, ਕਿਉਂਕਿ ਜਿਸ ਕੌਮ ਦੀਆਂ ਇਸਤਰੀਆਂ ਪੜ ਜਾਣ ਉਹਨਾਂ ਦਾ ਪਰਿਵਾਰ ਪੜਿਆ ਲਿਖਿਆ ਤੇ ਗਿਆਨਵਾਨ ਬਣ ਜਾਂਦਾ ਹੈ ਤੇ ਕੌਮ ਵਿਕਾਸ ਦੇ ਮਾਰਗ 'ਤੇ ਜਾਂਦੀ ਹੈ। ਉਹਨਾਂ ਇਹ ਵੀ ਦੱਸਿਆ ਕਿ ਪਿੰਡ ਵਿਚ ਹੁਣ ਰੁਜ਼ਗਾਰ ਕੈਂਪ ਲਗਾਏ ਜਾਣਗੇ ਤਾਂ ਜੋ ਨੌਜਵਾਨਾਂ ਨੂੰ ਰੁਜ਼ਗਾਰ ਨਾਲ ਜੋੜ ਕੇ ਨਸ਼ਿਆਂ ਵਿਰੁਧ ਲਹਿਰ ਚਲਾਈ ਜਾਵੇਗੀ ਤੇ ਇਸ ਪਿੰਡ ਨਾਲ ਆਲੇ-ਦੁਆਲੇ ਦੇ 15-16 ਪਿੰਡ ਜੋੜੇ ਜਾਣਗੇ ਤਾਂ ਜੋ ਸਿੱਖੀ ਦੀ ਚੜਦੀ ਕਲਾ ਹੋ ਸਕੇ ਤੇ ਪੂਰਾ ਪੰਜਾਬ ਗੁਰਮਤਿ ਲਹਿਰ ਨਾਲ ਜੁੜ ਸਕੇ।

ਇਸ ਮੌਕੇ ਸ. ਸੰਤੋਖ ਸਿੰਘ ਦਿੱਲੀ ਪੇਂਟ, ਸਰਪ੍ਰਸਤ, ਸੰਦੀਪ ਸਿੰਘ ਚਾਵਲਾ ਜਨਰਲ ਸਕੱਤਰ, ਕੰਵਲ ਚਰਨਜੀਤ ਸਿੰਘ ਹੈਪੀ ਜਨਰਲ ਸਕੱਤਰ, ਸ. ਅਰਿੰਦਰਜੀਤ ਸਿੰਘ ਚੱਢਾ ਮੀਤ ਪ੍ਰਧਾਨ, ਸਾਹਿਬ ਸਿੰਘ ਆਰਟਿਸਟ ਮੀਡੀਆ ਸਕੱਤਰ, ਮਨਜੀਤ ਸਿੰਘ ਦੂਆ ਮੀਤ ਪ੍ਰਧਾਨ, ਮਨਵਿੰਦਰ ਸਿੰਘ ਦੂਆ ਮੀਤ ਪ੍ਰਧਾਨ ਆਦਿ ਸ਼ਾਮਲ ਸਨ।

## ਭਾਰਤ 'ਚ ਫੈਲੀ ਹਿੰਸਾ ਤੋਂ ਅਦਾਲਤ ਨਰਾਜ਼ ਕਿਉਂ !

ਸਰਕਾਰ ਨੇ ਇੱਕ ਵੱਡੇ ਅਫ਼ਸਰ ਸੜਕ ਦੇ ਕਿਨਾਰੇ ਆਮ ਕਸ਼ਮੀਰੀਆਂ ਨਾਲ ਹਾਸਾ ਮਜ਼ਾਕ ਕਰਦੇ ਘੁੰਮ ਰਹੇ ਸਨ। ਸਰਕਾਰ ਕਹਿੰਦੀ ਹੈ ਕਿ ਕਸ਼ਮੀਰ ਵਿਚ ਕੋਈ ਗੜਬੜ ਨਹੀਂ ਹੈ, ਸਭ ਕੁਝ ਕਾਬੂ ਵਿਚ ਹੈ।

ਸੁਆਲ ਇਹ ਹੈ ਕਿ ਹਿੰਸਾ ਕਿਵੇਂ ਹੋ ਰਹੀ ਹੈ, ਕੌਣ ਇਸ ਦਾ ਸ਼ਿਕਾਰ ਹੈ, ਹਿੰਸਾ ਹੋ ਜਾਂਦੀ ਹੈ ਜਾਂ ਕੀਤੀ ਜਾਂਦੀ ਹੈ? ਹਿੰਸਾ ਦੇ ਸਭ ਤੋਂ ਜ਼ਿਆਦਾ, ਸਭ ਤੋਂ ਤਾਕਤਵਰ ਤੇ ਸਮਰਥ ਹਥਿਆਰ ਕਿਸ ਕੋਲ ਹੈ? ਕਿਸ ਦੇ ਕੋਲ ਇਕ ਸੰਗਠਿਤ ਸ਼ਕਤੀ ਹੈ, ਜੋ ਕਾਨੂੰਨੀ ਹਿੰਸਾ ਕਰ ਸਕਦਾ ਹੈ? ਕਿਸ ਨੇ ਉੱਤਰ ਪ੍ਰਦੇਸ਼ ਵਿਚ ਆਮ ਸ਼ਹਿਰੀਆਂ ਦੇ ਘਰ ਵਿਚ ਵੜ ਕੇ ਤਬਾਹੀ ਕੀਤੀ? ਕਿਸ ਨੇ ਕੈਮਰੇ ਭੰਨ ਕੇ ਚਿਹਰੇ ਢੱਕ ਕੇ ਲੋਕਾਂ ਨੂੰ ਕੁੱਟਿਆ, ਗੋਲੀਆਂ ਉਥੋਂ ਚੱਲੀਆਂ? 21 ਭਾਰਤੀਆਂ ਦੀ ਜਾਨ ਕਿਸ ਨੇ ਲਈ?

ਅਦਾਲਤ ਤੋਂ ਆਖਿਰ ਇਹ ਕੌਣ ਪੁੱਛੇ ਤੇ ਕਿਵੇਂ? ਜੇਕਰ ਤੁਸੀਂ ਉਸ ਦੇ ਕੋਲ ਸੁਆਲ ਲੈ ਕੇ ਜਾਂਦੇ ਹੋ ਤਾਂ ਉਹ ਹਿੰਸਾ ਤੋਂ ਨਰਾਜ਼ ਹੋ ਜਾਂਦੀ ਹੈ, ਜਾਓ ਅਸੀਂ ਕੁਝ ਨਹੀਂ ਸੁਣਦੇ ਬਹੁਤ ਹਿੰਸਾ ਹੋ ਰਹੀ ਹੈ। ਜੀ ਹਜ਼ੂਰ, ਬਹੁਤ ਹਿੰਸਾ ਹੋ ਰਹੀ ਹੈ। ਜਦ ਮੁਲਕ ਦਾ ਗ੍ਰਹਿ ਮੰਤਰੀ ਆਪਣੇ ਵਿਰੋਧੀਆਂ ਦੇ ਕੰਨ ਦੇ ਪਰਦੇ ਪਾੜਨ ਨੂੰ ਕਹਿ ਰਿਹਾ ਹੈ, ਜਦ ਹਕੂਮਤ ਕਰਨ ਵਾਲੀ ਪਾਰਟੀ ਦੇ ਕਾਰਜ ਕਰਤਾ ਹਕੂਮਤ ਦੇ ਅਲੋਚਕਾਂ ਨੂੰ ਮਾਰ ਗੋਲੀ ਮਾਰ ਦੇਣ ਦੇ ਨਾਅਰੇ ਲਗਾ ਰਹੇ ਹੋਣ ਤਦ ਇਹ ਪਤਾ ਕਰਨਾ ਮੁਸ਼ਕਲ ਨਹੀਂ ਕਿ ਹਿੰਸਾ ਦਾ ਸਰੋਤ ਕੌਣ ਹੈ ਤੇ ਕਿੱਥੇ ਹੈ?

ਪਿਛਲੇ ਛੇ ਸਾਲ ਵਿਚ ਹਿੰਸਾ ਰੋਜ਼ਾਨਾ ਅਯੋਜਿਤ ਕੀਤੀ ਜਾ ਰਹੀ ਹੈ ਹਜ਼ੂਰ! ਅਸਾਮ ਵਿਚ ਐਨਆਰਸੀ ਇਕ ਵੱਡੀ ਹਿੰਸਾ ਸੀ, ਜਿਸ ਨਾਲ ਅਸਾਮ ਦੇ ਲੱਖਾਂ ਲੋਕ ਹੁਣ ਤੱਕ ਪੀੜਤ ਹਨ। ਡਿਟੈਂਸ਼ਨ (ਨਜ਼ਰਬੰਦੀ ਕੈਂਪ) ਹਿੰਸਾ ਹੈ। ਗ੍ਰਹਿ ਮੰਤਰੀ ਦੀ ਮੁਲਕ ਵਿਚ ਘੁੰਮ ਘੁੰਮ ਕੇ ਘੁਸਪੈਠੀਆਂ ਨੂੰ ਦੇਸ ਤੋਂ ਬਾਹਰ ਸੁੱਟ ਦੇਣ ਦੀ ਧਮਕੀ ਦੇਣਾ ਹਿੰਸਾ ਹੈ। ਹੁਣੇ ਜਿਹੇ ਪ੍ਰਧਾਨ ਮੰਤਰੀ ਮੋਦੀ ਜੀ ਨੇ ਦਿੱਲੀ ਵਿਚ ਸਭਾ ਕੀਤੀ ਤੇ ਸਭਾ ਵਿਚ ਸ਼ਾਮਲ ਭੀੜ ਨੂੰ ਸਮੁੱਚੇ ਵਿਰੋਧੀਆਂ ਤੇ ਬੁੱਧੀਜੀਵੀਆਂ ਦੇ ਖਿਲਾਫ ਭੜਕਾਇਆ। ਕੀ ਇਹ ਹਿੰਸਾ ਨੂੰ ਭੜਕਾਉਣ ਵਾਲੀ ਕਾਰਵਾਈ ਨਹੀਂ ਹੈ? ਉਸ ਭੀੜ ਵਿਚੋਂ ਉੱਠ ਰਹੀ ਚੀਕ ਮੋਦੀ ਜੀ ਹੁਕਮ ਕਰੋ, ਅਸੀਂ ਤੁਹਾਡੇ ਨਾਲ ਹਾਂ, ਵਿਚ ਛੁਪੀ ਖ਼ੂਨ ਦੀ ਪਿਆਸ ਕਿੰਨੀ ਖਤਰਨਾਕ ਜਾਪਦੀ ਹੈ? ਤੁਸੀਂ ਉਹਨਾਂ ਗਿਰੋਹਾਂ ਦੇ ਵੀਡੀਓ ਦੇਖੋ ਹਜ਼ੂਰ, ਜਿਸ ਵਿਚ ਨਾਅਰੇ ਲੱਗ ਰਹੇ ਹਨ, 'ਮੋਦੀ ਜੀ ਲਾਠੀਆਂ ਵਰਸਾਓ, ਅਸੀਂ ਤੁਹਾਡੇ ਨਾਲ ਹਾਂ।'

ਪ੍ਰਧਾਨ ਮੰਤਰੀ ਜੀ ਲਾਠੀਆਂ ਵਰਸਾਉਣ, ਪਰ ਕਿਸ 'ਤੇ? ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਅਦਿਤਿਯਾਨਾਥ ਨੇ ਵਿਰੋਧ ਕਰਨ ਵਾਲਿਆਂ ਦੇ ਹੋਸ਼ ਟਿਕਾਣੇ ਲੈ ਆਉਂਦੇ, ਉਹ ਵੀ ਰਾਤ ਦੇ ਘੁੱਪ ਹਨੇਰੇ ਵਿਚ। ਕੀ ਇਹ ਲੋਕਤੰਤਰ ਹੈ ਸ੍ਰੀਮਾਨ ਜੀ? ਜੇਕਰ ਕਿਸੇ ਗਲਤ ਕਾਰਵਾਈ ਵਿਰੁਧ ਅਵਾਜ਼ ਉਠਾਵਾਂ ਤਾਂ ਕੀ ਇਸ ਦੇ ਕਾਰਨ ਮੇਰੀ ਜ਼ੁਬਾਨ ਕੱਢ ਲਈ ਜਾਵੇਗੀ? ਫਿਰ ਭਾਰਤ ਤੇ ਚੀਨ ਵਿਚ ਕੀ ਫਰਕ ਹੈ? ਅਜੇ ਜੇਐਨਯੂ ਵਿਚ ਖੁਲੇਆਮ ਹਥਿਆਰਬੰਦ ਗਿਰੋਹ ਨੇ ਜੋ ਵਿਦਿਆਰਥੀਆਂ ਤੇ ਪ੍ਰੋਫੈਸਰਾਂ ਦੇ ਸਿਰ ਭੰਨੇ ਤੇ ਤਬਾਹੀ ਮਚਾਈ, ਉਹ ਹਿੰਸਾ ਸੀ। ਇਹ ਜੋ ਪਟਨਾ ਦੇ ਫੁਲਵਾਰੀ ਸਰੀਫ ਵਿਚ 18 ਸਾਲ ਦੇ ਅਮੀਰ ਹਾਜਲਾ ਨੂੰ ਅਗਵਾ ਕਰਕੇ ਉਸ ਨੂੰ ਤੜਫਾ ਤੜਫਾ ਕੇ ਮਾਰ ਦਿੱਤਾ, ਉਸ ਨੂੰ ਸਿਰਫ ਹਿੰਸਾ ਕਹਿਣਾ ਹੀ ਜ਼ੁਰਮ ਹੈ? ਏਨੀ ਜ਼ਿਆਦਾ ਹਿੰਸਾ, 'ਤੁਸੀਂ ਇਹੀ ਕਿਹਾ ਨਾ? ਅਸੀਂ ਸਭ ਇਹ ਪਿਛਲੇ ਛੇ ਸਾਲਾਂ ਤੋਂ ਕਹਿ ਰਹੇ ਹਾਂ, ਪਰ ਅਸੀਂ ਅੰਬਰ ਵਲ ਇਸ਼ਾਰਾ ਕਰਕੇ ਨਹੀਂ ਕਹਿ ਰਹੇ ਕਿ ਹਿੰਸਾ ਦੀ ਬਾਰਿਸ਼ ਬੰਦ ਹੋਵੇ। ਹਿੰਸਾ ਕੋਈ ਦੈਵੀ ਘਟਨਾ ਨਹੀਂ ਹੈ, ਇਹ ਪੂਰੀ ਤਰਾਂ ਨਾਲ ਇਸ ਸਰਕਾਰ ਵਲੋਂ ਸੰਗਠਿਤ ਕੀਤੀ ਹੋਈ ਤੇ ਕਰਵਾਈ ਜਾ ਰਹੀ ਹੈ। ਇਸ ਵਿਚ ਪੁਲੀਸ ਦੇ ਨਾਲ ਗੁੰਡਿਆਂ ਦੇ ਗਿਰੋਹ ਸ਼ਾਮਲ ਹਨ।

ਇਹ ਗਿਰੋਹ ਸਵੈ ਇੱਛਾ ਨਾਲ ਨਹੀਂ ਬਣੇ। ਇਹਨਾਂ ਨੂੰ ਹਿੰਸਕ ਬਣਾਇਆ ਜਾ ਰਿਹਾ ਹੈ ਤੇ ਇਹ ਪ੍ਰਕਿਰਿਆ ਲਗਾਤਾਰ ਜਾਰੀ ਹੈ। ਇਹ ਕਾਨੂੰਨ ਦੀ ਸ਼ਕਲ ਵਿਚ ਕੀਤੀ ਜਾਣ ਵਾਲੀ ਮਨੋਵਿਗਿਆਨਕ ਹਿੰਸਾ ਹੈ ਤੇ ਸੜਕ ਤੇ ਪੁਲੀਸ ਦੇ ਗੁੰਡਿਆਂ ਦੁਆਰਾ ਕੀਤੀ ਜਾਣ ਵਾਲੀ ਸਰੀਰਕ ਹਿੰਸਾ ਹੈ। ਇਹ ਕਿਸ ਦੇ ਵਿਰੁਧ ਕੀਤੀ ਜਾ ਰਹੀ ਹੈ ਤੇ ਕੌਣ ਕਰ ਰਿਹਾ ਹੈ?

ਅਜੇ ਭਾਰਤ ਵਿਚ ਇਹ ਮੁਸਲਮਾਨਾਂ ਦੇ ਖਿਲਾਫ ਹੈ। ਤੁਸੀਂ ਕੱਲ ਕਿਹਾ ਕਿ ਕਿਸੇ ਵੀ ਕਾਨੂੰਨ ਦੀ ਸੰਵਿਧਾਨਿਕਤਾ ਨੂੰ ਮੰਨ ਕੇ ਚੱਲਿਆ ਜਾਵੇ। ਇਸ ਤਰਜ 'ਤੇ ਇਹ ਨਾ ਕਿਹਾ ਜਾਏ ਕਿ ਸਰਕਾਰ ਦੀ ਹਿੰਸਾ ਤਾਂ ਹਿੰਸਾ ਦਾ ਹੱਲ ਹੈ। ਰਾਜ ਹਮੇਸ਼ਾ ਤੋਂ ਹਿੰਸਾ ਦਾ ਸਰੋਤ ਰਿਹਾ ਹੈ। ਪਹਿਲੀ ਵਾਰ ਭਾਰਤ ਵਿਚ ਉਹ ਆਪਣੀ ਮਦਦ ਦੇ ਲਈ ਸਮਾਜ ਵਿਚ ਹਿੰਸਕ ਗਿਰੋਹ ਬਣਾ ਰਿਹਾ ਹੈ। ਅਸੀਂ ਆਪਣੇ ਜੱਜ ਸਾਹਿਬ ਦੀ ਇਸ ਹਿੰਸਾ ਤੋਂ ਹੋਣ ਵਾਲੀ ਉਲਝਣ ਨੂੰ ਸਮਝੀਏ ਤੇ ਉਹਨਾਂ ਨਾਲ ਹਮਦਰਦੀ ਪ੍ਰਗਟਾਈਏ।

# .ਗਦਰੀ ਬਾਬਿਆਂ ਦੀਆਂ ਤਸਵੀਰਾਂ ਸਿੱਖ ਅਜਾਇਬ ਘਰ ਵਿਚ ਸਥਾਪਿਤ

## ਗਦਰ ਮੈਮੋਰੀਅਲ ਸੁਸਾਇਟੀ ਕੈਨੇਡਾ ਨੇ ਕੀਤਾ ਇਤਿਹਾਸਕ ਉਪਰਾਲਾ—ਧਾਲੀਵਾਲ

**ਅੰਮ੍ਰਿਤਸਰ/ ਏ.ਟੀ. ਨਿਊਜ਼:** ਸ਼੍ਰੋਮਣੀ ਕਮੇਟੀ ਨੇ ਦਰਬਾਰ ਸਾਹਿਬ ਸਮੂਹ ਸਥਿਤ ਕੇਂਦਰੀ ਸਿੱਖ ਅਜਾਇਬ ਘਰ ਵਿੱਚ 18 ਸਿੱਖ ਗਦਰੀ ਬਾਬਿਆਂ ਦੀਆਂ ਤਸਵੀਰਾਂ ਸਥਾਪਤ ਕਰ ਕੇ ਗਦਰੀ ਸਿੱਖ ਬਾਬਿਆਂ ਵੱਲੋਂ ਦੇਸ਼ ਦੀ ਆਜ਼ਾਦੀ ਲਈ ਕੀਤੇ ਸੰਘਰਸ਼ ਨੂੰ ਮਾਨਤਾ ਦਿੱਤੀ ਹੈ। ਇਹ ਤਸਵੀਰਾਂ ਖਾਲਸਈ ਰਸਮਾਂ ਮੁਤਾਬਕ ਸਥਾਪਤ ਕੀਤੀਆਂ ਗਈਆਂ। ਸ਼੍ਰੋਮਣੀ ਕਮੇਟੀ ਦੇ ਲਗਪਗ ਸੌ ਸਾਲ ਦੇ ਇਤਿਹਾਸ ਵਿਚ ਇਹ ਪਹਿਲਾ ਮੌਕਾ ਹੈ ਜਦੋਂ ਸਿੱਖ ਸੰਸਥਾ ਨੇ ਗਦਰ ਲਹਿਰ ਦੇ ਸਿੱਖ ਸ਼ਹੀਦਾਂ ਨੂੰ ਮਾਨਤਾ ਦਿੱਤੀ ਹੈ।

ਇਸ ਸਬੰਧੀ ਅਜਾਇਬ ਘਰ ਵਿਚ ਇਕ ਵਿਸ਼ੇਸ਼ ਸਮਾਗਮ ਰੱਖਿਆ ਗਿਆ ਸੀ। ਸ਼੍ਰੋਮਣੀ ਕਮੇਟੀ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ, ਦਰਬਾਰ ਸਾਹਿਬ ਦੇ ਗ੍ਰੰਥੀ ਗਿਆਨੀ ਗੁਰਮਿੰਦਰ ਸਿੰਘ, ਗਿਆਨੀ ਬਲਵਿੰਦਰ ਸਿੰਘ ਡਾ. ਗੁਰਵਿੰਦਰ ਸਿੰਘ ਧਾਲੀਵਾਲ ਸਰੀ ਦੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਦੇ ਪ੍ਰਧਾਨ ਬਲਬੀਰ ਸਿੰਘ ਨਿੱਜਰ, ਕੈਨੇਡਾ ਦੇ ਸੰਸਦ ਮੈਂਬਰ ਸੁੱਖ ਧਾਲੀਵਾਲ, ਮੁੱਖ ਸਕੱਤਰ ਡਾ. ਰੂਪ ਸਿੰਘ, ਜਥੇਦਾਰ ਮਹਿੰਦਰ ਸਿੰਘ ਮਹਿਸਮਪੁਰ, ਗਦਰ ਮੈਮੋਰੀਅਲ ਸੁਸਾਇਟੀ ਸਮੇਤ ਹੋਰ ਸ਼ਖ਼ਸੀਅਤਾਂ ਨੇ 18 ਸਿੱਖ ਗ਼ਦਰੀ ਯੋਧਿਆਂ ਦੀਆਂ ਤਸਵੀਰਾਂ ਤੋਂ ਪਰਦਾ ਹਟਾਇਆ।

ਇਸ ਦੌਰਾਨ ਭਾਈ ਗੁਰਦਾਸ ਹਾਲ ਵਿੱਚ ਇੱਕ ਵਿਸ਼ੇਸ਼ ਸਮਾਗਮ ਕਰਵਾਇਆ ਗਿਆ। ਇਸ ਦੌਰਾਨ ਸ਼੍ਰੋਮਣੀ ਕਮੇਟੀ ਵੱਲੋਂ ਗ਼ਦਰੀ ਬਾਬਿਆਂ ਦੇ ਪਰਿਵਾਰਾਂ ਦਾ ਸਨਮਾਨ ਵੀ ਕੀਤਾ ਗਿਆ। ਲੌਂਗੋਵਾਲ ਨੇ ਆਖਿਆ ਕਿ ਸ਼੍ਰੋਮਣੀ ਕਮੇਟੀ ਗਦਰੀ ਯੋਧਿਆਂ ਤੇ ਬੱਬਰ ਅਕਾਲੀ ਲਹਿਰ ਦਾ ਇਤਿਹਾਸ ਛਾਪੇਗੀ। ਜਿਨਾਂ ਗਦਰੀ ਸਿੱਖ ਯੋਧਿਆਂ ਦੀਆਂ ਤਸਵੀਰਾਂ ਅਜਾਇਬ ਘਰ ਵਿਚ ਸਥਾਪਤ ਕੀਤੀਆਂ ਗਈਆਂ ਹਨ, ਉਨਾਂ ਵਿਚ ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ, ਸ਼ਹੀਦ ਬਲਵੰਤ ਸਿੰਘ ਖੁਰਦਪੁਰ, ਸ਼ਹੀਦ ਕਰਮ ਸਿੰਘ ਝਿੰਗੜ, ਸ਼ਹੀਦ ਭਾਗ ਸਿੰਘ ਭਿੱਖੀਵਿੰਡ, ਸ਼ਹੀਦ ਈਸ਼ਰ ਸਿੰਘ, ਸ਼ਹੀਦ ਜਗਤ ਸਿੰਘ ਸੁਰਸਿੰਘ ਵਾਲਾ, ਸ਼ਹੀਦ ਜਵੰਦ ਸਿੰਘ ਨੰਗਲ ਕਲਾਂ, ਸ਼ਹੀਦ ਰਾਮ ਸਿੰਘ ਧਲੇਤਾ, ਸ਼ਹੀਦ ਉਤਮ ਸਿੰਘ ਹਾਂਸ, ਸ਼ਹੀਦ ਬੀਰ ਸਿੰਘ ਬਾਹੋਵਾਲ, ਸ਼ਹੀਦ ਕਰਮ ਸਿੰਘ ਬੱਬਰ ਦੌਲਤਪੁਰ, ਸ਼ਹੀਦ ਬਤਨ ਸਿੰਘ ਦਲੇਲ ਸਿੰਘ ਵਾਲਾ, ਭਾਈ ਸਫਾ ਸਿੰਘ ਕੈਨੇਡੀਅਨ,



ਬੀਬੀ ਹਰਨਾਮ ਕੌਰ, ਪ੍ਰਿੰਸੀਪਲ ਸੰਤ ਤੇਜਾ ਸਿੰਘ, ਗਦਰ ਪਾਰਟੀ ਦੇ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਤੇ ਬਤਨ ਸਿੰਘ ਕਾਹਰੀ ਸ਼ਾਮਲ ਹਨ। ਡਾ ਗੁਰਵਿੰਦਰ ਸਿੰਘ ਗਦਰ ਮੈਮੋਰੀਅਲ ਸੁਸਾਇਟੀ ਕੈਨੇਡਾ ਨੇ ਕਿਹਾ ਕਿ ਗਦਰੀ ਸਿੱਖ ਬਾਬਿਆਂ ਦੇ ਇਤਿਹਾਸ ਸੰਭਾਲਣ ਦਾ ਉਪਰਾਲਾ ਕੈਨੇਡਾ ਦੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਰੀ ਅਤੇ ਗਦਰ ਮੈਮੋਰੀਅਲ ਸੁਸਾਇਟੀ ਕੈਨੇਡਾ ਸਮੇਤ ਸਮੂਹ ਸੰਗਤਾਂ ਵੱਲੋਂ ਕੀਤਾ ਗਿਆ ਹੈ। ਉਨਾਂ ਦੱਸਿਆ ਕਿ ਇਨਾਂ ਸਿੱਖ ਯੋਧਿਆਂ ਦੀ ਪ੍ਰੇਰਨਾ ਗੁਰੂ ਗ੍ਰੰਥ ਸਾਹਿਬ ਸੀ। ਜਦ ਕਿ ਖੱਬੇ ਪੱਖੀਆਂ ਨੇ ਗਦਰੀ ਸਿੱਖ ਬਾਬਿਆਂ ਨੂੰ ਕਾਮਰੇਡ ਸਿੱਧ ਕਰਕੇ ਸਿੱਖ ਇਤਿਹਾਸ ਨੂੰ ਬਦਲਣ ਦਾ ਯਤਨ ਕੀਤਾ ਹੈ। ਉਨਾਂ ਨੇ ਭਾਰਤ ਸਰਕਾਰ ਤੇ ਪੰਜਾਬ ਸਰਕਾਰ ਤੋਂ ਮੰਗ ਵੀ ਕੀਤੀ ਕਿ ਭਾਰਤ, ਪੰਜਾਬ ਦੀਆਂ ਸਕੂਲ ਪੁਸਤਕਾਂ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਆਪਣੀਆਂ ਸੰਸਥਾਵਾਂ ਵਿੱਚ ਇਨਾਂ ਗਦਰੀ ਯੋਧਿਆਂ ਦਾ ਇਤਿਹਾਸ ਪੜਾਇਆ ਜਾਣਾ ਚਾਹੀਦਾ ਹੈ। ਭਾਈ ਬਲਬੀਰ ਸਿੰਘ ਨਿੱਝਰ, ਮੁੱਖ ਸੇਵਾਦਾਰ ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ ਸਰੀ ਕੈਨੇਡਾ ਨੇ ਸ਼੍ਰੋਮਣੀ ਕਮੇਟੀ ਵੱਲੋਂ ਇਸ ਕਾਰਜ ਦੀ ਪ੍ਰਵਾਨਗੀ ਲਈ ਸਹਿਯੋਗ ਵਾਸਤੇ ਧੰਨਵਾਦ ਕੀਤਾ। ਉਨਾਂ ਕਿਹਾ ਕਿ ਗੁਰਦੁਆਰਾ ਸਰੀ ਕੈਨੇਡਾ ਵਲੋਂ ਇਕ ਵਿਸ਼ਾਲ ਮਿਊਜ਼ੀਅਮ, ਲਾਇਬਰੇਰੀ ਤਿਆਰ ਕੀਤੀ ਜਾ ਰਹੀ ਹੈ, ਜਿਸ ਵਿਚ ਗਦਰੀ ਸਿੱਖ ਬਾਬਿਆਂ ਦਾ ਇਤਿਹਾਸ ਤੇ ਯਾਦਗਾਰਾਂ ਸਾਂਭੀਆਂ ਜਾਣਗੀਆਂ। ਹੋਰ ਵੀ ਸਿੱਖ ਇਤਿਹਾਸ ਨਾਇਕਾਂ ਦੀਆਂ ਤਸਵੀਰਾਂ ਤੇ ਇਤਿਹਾਸ ਸੰਭਾਲਿਆ ਜਾਵੇਗਾ। ਬੁੱਧੀਜੀਵੀਆਂ ਦੀ ਕਾਨਫਰੰਸ ਲਈ ਇਕ ਐਡੋਟੋਰੀਅਮ ਸਥਾਪਤ ਕੀਤਾ ਜਾ ਰਿਹਾ ਹੈ। ਇੱਥੋਂ ਤੱਕ ਜੋ ਪੰਜਾਬ ਤੋਂ ਬੱਚੇ ਵੈਨਕੂਵਰ ਆਉਂਦੇ ਹਨ, ਉਨਾਂ ਦੀ ਗੁਰਦੁਆਰੇ ਵਲੋਂ ਲੰਗਰ ਤੋਂ ਸਿਵਾਏ ਹੋਰ ਵੀ ਸਹਾਇਤਾ ਕੀਤੀ ਜਾਂਦੀ ਹੈ ਤਾਂ ਜੋ ਉਨਾਂ ਨੂੰ ਦਿੱਕਤ ਨਾ ਆਵੇ। ਸਿੱਖ ਚਿੰਤਕ ਜਥੇਦਾਰ ਮਹਿੰਦਰ ਸਿੰਘ ਮਹਿਸਮਪੁਰ ਨੇ ਕੈਨੇਡੀਅਨ ਸਿੱਖਾਂ ਦੇ ਯੋਗਦਾਨ ਬਾਰੇ ਜਾਣਕਾਰੀ ਦਿਤੀ। ਉਨਾਂ ਦੱਸਿਆ ਕਿ ਦੂਸਰੇ ਪੜਾਅ ਵਿੱਚ ਕੈਨੇਡਾ ਦੇ ਹੋਰਨਾਂ ਗਦਰੀ ਯੋਧਿਆਂ ਦੀਆਂ ਤਸਵੀਰਾਂ ਵੀ ਸਿੱਖ ਅਜਾਇਬਘਰ ਸ੍ਰੀ ਅੰਮ੍ਰਿਤਸਰ ਵਿਖੇ ਸੁਸ਼ੋਭਿਤ ਕੀਤੀਆਂ ਜਾਣਗੀਆਂ। ਇਸ ਮੌਕੇ ਪ੍ਰੋ. ਬਲਵਿੰਦਰਪਾਲ ਸਿੰਘ ਨੇ ਕਿਹਾ ਕਿ ਗਦਰੀ ਯੋਧੇ ਯੋਧਿਆਂ ਦੀ ਮੁੱਖ ਪ੍ਰੇਰਨਾ ਸ੍ਰੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸਿੱਖ ਸ਼ਹਾਦਤਾਂ ਦਾ ਇਤਿਹਾਸ ਸੀ। ਇਹ ਇਤਿਹਾਸਕ ਜ਼ਿੰਮੇਵਾਰੀ ਡਾ. ਧਾਲੀਵਾਲ, ਭਾਈ ਨਿੱਝਰ ਨਿਭਾਅ ਕੇ ਉਸਾਰੂ ਕੰਮ ਕੀਤਾ ਹੈ। ਇਹ ਪੇਂਟਿੰਗਜ਼ ਜਰਨੈਲ ਸਿੰਘ ਵੱਲੋਂ ਤਿਆਰ ਕੀਤੀਆਂ ਸਨ।


jus
HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE
THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE + 1-718-752-9293 | CALL TO SUBSCRIBE +1-800-246-6242
www.jusbroadcasting.com




22




GET FLAT 22 CENTS

DISCOUNT AT

TA TravelCenters of America

PETRO Stopping Centers®

We also offer Line of Credit for Fuel Card

Additional Services with our Fuel Card

✓ National Tire Program ✓ PM & Light Mechanical

✓ 24 Hour Dedicated Repair Service

TRANS-ALLIANCE TOGETHER WE SAVE

ਪੰਜਾਬੀ ਵਿਚ ਜਾਣਕਾਰੀ ਲਈ

1.855.641.6955

1.888.795.7035

www.trans-alliance.com


SHER®
BESAN
YEHI TO PURE HAI
SOURCE OF FIBER / SOURCE DE FIBRE
NO ADDITIVE / AUCUN ADDITIF
ZERO CHOLESTEROL / ZERO CHOLESTÉROL
NO TRANS FATTY ACIDS / AUCUN ACIDE GRAS TRANS
SHER®
BESAN
CHANA FLOUR
SUPER FINE
SHER BESAN SUPER FINE
बेसन • ਵੇਸਣ • ચણાનો લોટ • بیسن •
• FARINE DE CHANA
Perfect for: Sweets, Bhajias, Pakoras, Kaddi, etc.
4 lb
1.81 kg
Milled In Canada
Moulu Au Canada
SHER BESAN SUPER FINE
www.sherbrarmills.com